ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

11-17 ਜੂਨ 2025

ਸਾਲ 16ਵਾਂ - ਅੰਕ 24
email : info@sadelok.com

Ph. : 510-706-1300
Fax : 925-373-1300



ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ 41ਵੀਂ ਵਰ੍ਹੇਗੰਢ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ

## ਅਮਰੀਕਨ ਫੌਜ ਦੀ 250ਵੀਂ ਵਰ੍ਹੇਗੰਢ 'ਤੇ ਪਾਕਿਸਤਾਨ ਦੇ ਆਰਮੀ ਚੀਫ਼ ਅਸੀਮ ਮੁਨੀਰ ਨੂੰ ਵਿਸ਼ੇਸ਼ ਸੱਦਾ

### ਮੁਨੀਰ ਦੇ ਸੱਦੇ ਨਾਲ ਭਾਰਤ ਦੀ ਵਧੀ ਚਿੰਤਾ, ਕਾਂਗਰਸ ਵਲੋਂ ਸਰਬ ਪਾਰਟੀ ਮੀਟਿੰਗ ਦੀ ਮੰਗ

ਪਾਕਿਸਤਾਨ ਦੇ ਸਭ ਤੋਂ ਸ਼ਕਤੀਸ਼ਾਲੀ ਆਦਮੀ, ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਇਸ ਹਫ਼ਤੇ ਅਮਰੀਕਾ ਦਾ ਦੌਰਾ



ਕਰਨਗੇ। ਉਹ ਸ਼ਨੀਵਾਰ, 14 ਜੂਨ ਨੂੰ ਵਾਸ਼ਿੰਗਟਨ ਡੀਸੀ ਵਿੱਚ ਅਮਰੀਕੀ ਫੌਜ ਦੇ 250ਵੇਂ ਵਰ੍ਹੇਗੰਢ ਸਮਾਰੋਹ ਵਿੱਚ ਸ਼ਾਮਲ ਹੋਣਗੇ। ਇਸ ਦਿਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ 79ਵਾਂ ਜਨਮ ਦਿਨ ਵੀ ਹੈ।

ਇਸ ਮੌਕੇ 'ਤੇ ਵਾਸ਼ਿੰਗਟਨ ਵਿੱਚ ਇੱਕ ਪਰੇਡ ਦਾ ਆਯੋਜਨ ਵੀ ਕੀਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਮੁਨੀਰ ਦੇ ਇਸ

(ਦੇਖੋ ਸਫ਼ਾ 31 'ਤੇ)

## ਇਹ ਲੋਕ ਕਿਹੜੇ ਪਾਸੇ ਤੁਰ ਪਏ

### 480 ਕਿੱਲੋ ਕੋਕੀਨ ਦੀ ਤਸਕਰੀ 'ਚ 6 ਪੰਜਾਬੀ ਗ੍ਰਿਫ਼ਤਾਰ



ਟੋਰਾਂਟੋ : ਅਮਰੀਕਾ ਤੋਂ ਕੈਨੇਡਾ ਵਿਚ ਵੱਡੇ ਪੱਧਰ 'ਤੇ ਨਸ਼ੇ ਲੰਘਾਉਣ ਦੇ ਕੇਸ ਦੀ ਬੀਤੇ ਸਾਲ ਕੁ ਤੋਂ ਜਾਂਚ ਕਰ ਰਹੇ ਪੀਲ ਪੁਲਿਸ

(ਦੇਖੋ ਸਫ਼ਾ 22 'ਤੇ)

# ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 41ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਪਾਤਸ਼ਾਹੀ ਰੈਲੀ 'ਚ ਭਾਰੀ ਇਕੱਠ

(ਦੇਖੋ ਸਫ਼ਾ 20-21 'ਤੇ)




(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਲਾਸ ਏਂਜਲਸ 'ਚ 700 ਮਰੀਨਜ਼ ਤੇ 2 ਹਜ਼ਾਰ ਹੋਰ ਨੈਸ਼ਨਲ ਗਾਰਡ ਤਾਇਨਾਤ, ਸਥਿਤੀ ਵਿਗੜੀ

### ਕੈਲੀਫੋਰਨੀਆ ਵੱਲੋਂ ਕੌਮੀ ਸੁਰੱਖਿਆ ਬਲਾਂ ਦੀ ਤਾਇਨਾਤੀ ਖ਼ਿਲਾਫ਼ ਅਦਾਲਤ 'ਚ ਮੁਕੱਦਮਾ ਦਾਇਰ; ਸੂਬੇ ਦੀ ਪ੍ਰਭੂਸੱਤਾ ਨੂੰ ਕੁਚਲਣ ਦਾ ਦੋਸ਼





ਲਾਸ ਏਂਜਲਸ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਦਰਸ਼ਨਾਂ ਨੂੰ ਰੋਕਣ ਲਈ ਲਾਸ ਏਂਜਲਸ ਵਿੱਚ ਕੌਮੀ ਸੁਰੱਖਿਆ ਬਲਾਂ ਦੀ ਨਫ਼ਰੀ ਵਧਾ ਦਿੱਤੀ ਹੈ। ਉਨ੍ਹਾਂ ਦੇ ਆਦੇਸ਼ ਮਗਰੋਂ ਮੈਰੀਨ ਕੋਰ ਦੇ 700 ਅਤੇ ਨੈਸ਼ਨਲ ਗਾਰਡ ਦੇ 2,000 ਹੋਰ ਜਵਾਨ ਲਾਸ ਏਂਜਲਸ ਵਿੱਚ ਤਾਇਨਾਤ ਕੀਤੇ ਗਏ ਹਨ। ਕੈਲੀਫੋਰਨੀਆ ਨੇ ਸੂਬੇ ਵਿੱਚ ਸੰਘੀ ਫੌਜਾਂ ਦੀ ਨਫ਼ਰੀ ਵਧਾਏ ਜਾਣ ਦਾ ਵਿਰੋਧ

(ਦੇਖੋ ਸਫ਼ਾ 7 'ਤੇ)

## ਇਸ ਤੋਂ ਪਹਿਲਾ ਆਪਣੀ ਕਿਤਾਬ 'ਚ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਬੀ. ਡੀ. ਪਾਂਡੇ ਨੇ ਕਿਹਾ ਸੀ ਕਿ ਇੰਦਰਾ ਸਿੱਖਾਂ ਨੂੰ ਹਰ ਹਾਲ 'ਚ ਸਬਕ ਸਿਖਾਉਣਾ ਚਹੁੰਦੀ ਸੀ

ਨਵੀਂ ਦਿੱਲੀ : ਹੁਣ ਸਿੱਖਾਂ ਉਪਰ ਅਹਿਹ ਅਤੇ ਅਕਿਹ ਜ਼ੁਲਮ ਅਤੇ ਭਾਰਤ ਚ ਉਸ ਸਮੇਂ ਦੀ ਭਾਰਤ ਸਰਕਾਰ ਵਲੋਂ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਉਪਰ ਉਸ ਸਮੇ ਦੇ ਤਾਕਤਵਰ ਲੋਕਾਂ ਦੀਆਂ ਧੜਾਧੜ ਕਿਤਾਬਾਂ ਆ ਰਹੀਆਂ ਹਨ ਜਿਸ ਤੋ ਇਹ ਸਿੱਧ ਹੁੰਦਾ ਹੈ ਕਿ ਅਜ਼ਾਦੀ ਤੋਂ ਬਾਅਦ ਹੀ ਸਿੱਖਾਂ ਨੂੰ ਗਹਿਰੀ ਅੱਖ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਗਿਆ ਸੀ। ਭਾਰਤੀ ਹੁਕਮਰਾਨਾ ਨੇ ਇੱਕ ਸਾਜਿਸ਼ ਤਹਿਤ ਪਹਿਲਾਂ ਪੰਜਾਬ ਦੇ ਟੋਟੇ ਕੀਤੇ ਫੇਰ ਬਚੇਖੁਚੇ ਪੰਜਾਬ ਦਾ ਅਜ਼ਾਦ ਭਾਰਤ 'ਚ ਕਤਲ ਕਰ ਦਿੱਤਾ ਗਿਆ ਅਤੇ ਸਿੱਖਾਂ ਦੀਆਂ ਤਿੰਨ ਰਾਜਧਾਨੀਆਂ ਖੋਹ ਲਈਆਂ ਅਤੇ ਅੱਜ ਵੀ ਪੰਜਾਬ 77 ਸਾਲ ਬਾਦ ਵੀ ਰਾਜਧਾਨੀ ਦੇ ਵਗੈਰ ਲੰਗੜਾ ਲੂਲਾ ਬੇਬਸ ਅਤੇ ਲਵਾਰਿਸ ਦੀ ਤਰ੍ਹਾਂ ਛੱਡ ਦਿੱਤਾ ਗਿਆ। 1984 ਇਸੇ ਹੀ ਕੜੀ ਦਾ ਹਿੱਸਾ ਸੀ ਜਿਸ ਵਿੱਚ ਭਾਰਤ ਸਰਕਾਰ ਨੇ ਪੂਰੀ ਦੁਨੀਆਂ 'ਚ ਸਿੱਖਾਂ ਨੂੰ ਬਦਨਾਮ ਕਰਕੇ ਸਿੱਖਾਂ ਦੀ ਅਜਮੱਤ ਨਾਲ ਖੇਡਿਆ ਗਿਆ ਉਜਾੜਿਆ ਲੁਟਿਆ ਕੁੱਟਿਆ ਅਤੇ ਨਸਲਕੁਸ਼ੀ ਕੀਤੀ ਗਈ। ਇਨਸਾਫ ਦੀ ਬਜਾਏ ਅੱਜ ਵੀ ਸਿੱਖਾਂ ਨਾਲ



**ਤੇ ਹੁਣ ਡੀ.ਜੀ.ਐਮ.ਓ. ਨੇ ਜਨਰਲ ਵੈਦਿਆ ਨੂੰ ਸਾਕਾ ਨੀਲਾ ਤਾਰਾ ਨਾ ਕਰਨ ਅਤੇ ਇਸ ਘੋਰ ਪਾਪ ਤੋਂ ਬਚਣ ਲਈ ਕਿਹਾ ਸੀ : ਸਾਬਕਾ ਫ਼ੌਜ ਮੁਖੀ ਸ਼੍ਰੀ ਵੀ.ਐਨ. ਸ਼ਰਮਾ**

(ਦੇਖੋ ਸਫ਼ਾ 11 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

ਪੋਲੀਟੀਕਲ ਅਸਾਈਲਮ · Political Asylum
Deportation of Defense · BIA Appeal
9 Circuit Court · Federal Court
ਗਰੀਨਕਾਰਡ · ਸਿਟੀਜਨਸ਼ਿਪ
Green Card · Citizenship
ਡਾਈਵੋਰਸ · ਸਿਵਲ ਐਂਡ ਕਰੀਮੀਨਲ ਕੇਸ
Divorce · Civil and Criminal Cases
Family Petition Immigration
Travel document · Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ‘ਕੈਪਟਨ ਸਿੱਖ ਅਮਰੀਕਾ’ ਦੇਸ਼ ਵਾਸੀਆਂ ਨੂੰ ਸਿੱਖੀ ਬਾਰੇ ਕਰ ਰਿਹੈ ਜਾਗਰੂਕ

## ਸਿੱਖਾਂ ਪ੍ਰਤੀ ਨਫ਼ਰਤ ਵਾਲਾ ਨਜ਼ਰੀਆ ਬਦਲਣ ਦੀ ਚੁੱਕੀ ਜ਼ਿੰਮੇਵਾਰੀ

ਵਾਸ਼ਿੰਗਟਨ : ਮੈਨਹਟਨ ਵਿੱਚ ਵਿਸ਼ਵਜੀਤ ਸਿੰਘ ਨੇ ਸਿੱਖੀ ਦੇ ਪ੍ਰਚਾਰ ਲਈ ਨਿਵੇਕਲਾ ਢੰਗ ਅਪਣਾਇਆ ਹੈ। ਉਸ ਨੇ ‘ਕੈਪਟਨ ਸਿੱਖ ਅਮਰੀਕਾ’ ਦਾ ਰੂਪ ਧਾਰ ਕੇ ਸਿੱਖਾਂ ਪ੍ਰਤੀ ਨਫ਼ਰਤ ਵਾਲਾ ਨਜ਼ਰੀਆ ਬਦਲਣ ਦੀ ਜ਼ਿੰਮੇਵਾਰੀ ਚੁੱਕੀ ਹੈ। 11 ਸਤੰਬਰ 2001 ਨੂੰ ਵਿਸਕੌਨਸਿਨ ਦੇ ਓਕ ਕਰੀਕ ਸਥਿਤ ਗੁਰਦੁਆਰੇ ਵਿੱਚ ਗੋਰੇ ਵੱਲੋਂ ਗੋਲੀਆਂ ਚਲਾ ਕੇ ਸਿੱਖਾਂ ਨੂੰ ਕਤਲ ਕੀਤੇ ਜਾਣ ਮਗਰੋਂ ਵਿਸ਼ਵਜੀਤ ਸਿੰਘ ਨੇ ਸਾਲ 2013 ਦੀਆਂ ਗਰਮੀਆਂ ਵਿੱਚ ਸਿੱਖ ਸੁਪਰਹੀਰੋ ਬਣ ਕੇ ਆਪਣੇ ਧਰਮ ਪ੍ਰਤੀ ਅਮਰੀਕੀਆਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ। ਵਿਸ਼ਵਜੀਤ ਸਿੰਘ ਨੇ ਕਿਹਾ ਕਿ ‘ਕੈਪਟਨ ਸਿੱਖ ਅਮਰੀਕਾ’ ਦਾ ਰੂਪ ਧਾਰਨ ਮਗਰੋਂ ਲੋਕ ਆਪ ਮੁਹਾਰੇ ਉਸ ਕੋਲ ਆਉਣ ਲੱਗ ਪਏ ਅਤੇ ਗਲਵੱਕੜੀ ਵਿੱਚ ਲੈ ਕੇ ਸਿੱਖੀ ਬਾਰੇ ਜਾਣਕਾਰੀ ਹਾਸਲ ਕਰਨ ਲੱਗ ਪਏ। ਉਸ ਨੇ ਦੱਸਿਆ ਕਿ ਇੱਥੋਂ ਤੱਕ ਕਿ ਪੁਲੀਸ ਅਧਿਕਾਰੀ ਵੀ ਉਸ ਨਾਲ ਤਸਵੀਰਾਂ ਖਿਚਵਾਉਂਦੇ ਹਨ।

ਵਿਸ਼ਵਜੀਤ ਸਿੰਘ ਨੇ ਦੱਸਿਆ ਕਿ ਇਕ ਜੋੜੇ ਨੇ ਤਾਂ ਉਸ ਨੂੰ ਆਪਣੇ ਵਿਆਹ ਸਮਾਗਮ ਲਈ ਵੀ ਸੱਦਾ ਦਿੱਤਾ। ਸਾਲ 2016 ਵਿੱਚ ਵਿਸ਼ਵਜੀਤ ਸਿੰਘ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਉਹ ਸਕੂਲਾਂ, ਸਰਕਾਰੀ ਏਜੰਸੀਆਂ ਅਤੇ ਨਿਗਮਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਸਿੱਖ ਧਰਮ ਅਤੇ ਸਭਿਆਚਾਰ ਬਾਰੇ ਜਾਗਰੂਕ ਕਰਨ ਲੱਗ ਪਿਆ। ਉਸ ਨੇ ਕਿਹਾ ਕਿ ਉਹ ਬਰਾਬਰੀ ਤੇ ਨਿਆਂ ਦੀ ਵਕਾਲਤ ਕਰਦਾ ਹੈ।



ਵਿਸ਼ਵਜੀਤ ਨੂੰ ਇਸ ਪੁਸ਼ਾਕ ਵਿੱਚ ਦੇਖ ਕੇ ਇੱਕ ਬੱਚੇ ਨੇ ਕਿਹਾ, “ਕੈਪਟਨ ਅਮਰੀਕਾ ਦੀ ਦਾੜ੍ਹੀ ਨਹੀਂ ਹੈ, ਉਹ ਪੱਗ ਨਹੀਂ ਬੰਨ੍ਹਦਾ ਹੈ ਅਤੇ ਉਹ ਗੋਰਾ ਹੈ।” ਵਿਸ਼ਵਜੀਤ ਸਿੰਘ ਨੇ ਉਸ ਮੁੰਡੇ ਵੱਲ ਦੇਖਿਆ ਜਿਸ ਨੇ ਇਹ ਸ਼ਬਦ ਕਹੇ ਸਨ, ਅਤੇ ਫਿਰ ਉਸ ਨੇ ਆਪਣੇ ਵੱਲ ਦੇਖਿਆ - ਇਕ ਪਤਲੇ, ਚਸ਼ਮਾ ਲੱਗੇ, ਪੱਗ ਬੰਨ੍ਹੇ ਅਤੇ ਦਾੜ੍ਹੀ ਵਾਲੇ ਸਿੱਖ ਵਿਅਕਤੀ ਨੇ ਕੈਪਟਨ ਅਮਰੀਕਾ ਦੀ ਪੁਸ਼ਾਕ ਪਹਿਨੀ ਹੋਈ ਸੀ। ਸਿੰਘ ਨੇ ਕਿਹਾ, “ਮੈਨੂੰ ਬੁਰਾ ਨਹੀਂ ਲੱਗਿਆ, ਕਿਉਂਕਿ ਮੈਂ ਜਾਣਦਾ ਸੀ ਕਿ ਇਸ ਬੱਚੇ ਦੇ ਦਿਮਾਗ ਵਿੱਚ ਹਮੇਸ਼ਾ ਲਈ ਮੇਰਾ, ਇਕ ‘ਕੈਪਟਨ ਸਿੱਖ ਅਮਰੀਕਾ’ ਦਾ ਅਕਸ ਬਣਿਆ ਰਹੇਗਾ। ਇਸ ਅਕਸ ’ਚ ਐਨੀ ਸ਼ਕਤੀ ਹੈ ਕਿ ਇਹ ਇਸ ਬਾਰੇ ਚਰਚਾ ਸ਼ੁਰੂ ਕਰ ਦਿੰਦਾ ਹੈ ਕਿ ਅਮਰੀਕੀ ਹੋਣ ਦਾ ਕੀ ਮਤਲਬ ਹੈ।”


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ARE YOU IN COMPLIANCE WITH FMCSA REGULATIONS?



Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਅਮਰੀਕਾ ਦੇ ਟੈਕਸਾਸ 'ਚ ਸੰਜੈ ਸਿੰਘਲ ਤੇ ਸੁੱਖ ਕੌਰ ਦੀ ਸਿਟੀ ਕੌਂਸਲ ਚੋਣਾਂ 'ਚ ਜਿੱਤ



ਹਿਊਸਟਨ : ਅਮਰੀਕਾ ਦੇ ਟੈਕਸਾਸ 'ਚ ਸਿਟੀ ਕੌਂਸਲ ਚੋਣਾਂ 'ਚ ਦੋ ਭਾਰਤੀ-ਅਮਰੀਕੀ ਉਮੀਦਵਾਰਾਂ ਨੇ ਆਪੋ-ਆਪਣੇ ਸ਼ਹਿਰਾਂ 'ਚ ਜਿੱਤ ਹਾਸਿਲ ਕੀਤੀ ਹੈ। ਸੰਜੈ ਸਿੰਘਲ ਤੇ ਸੁੱਖ ਕੌਰ ਨੇ ਕ੍ਰਮਵਾਰ ਸ਼ੂਗਰ ਲੈਂਡ ਤੇ ਸੈਨ ਐਂਟੋਨੀਓ 'ਚ ਸਿਟੀ ਕੌਂਸਲ ਚੋਣਾਂ ਜਿੱਤੀਆਂ। ਚੋਣਾਂ ਦੇ ਮੁਢਲੇ ਪੜਾਅ ਲਈ ਵੋਟਾਂ 3 ਜੂਨ ਨੂੰ ਪਈਆਂ ਸਨ, ਜਿਸ ਮਗਰੋਂ ਆਖਰੀ ਦੋ ਉਮੀਦਵਾਰਾਂ ਵਿਚਕਾਰ ਚੋਣ ਮੁਕਾਬਲੇ ਲਈ ਵੋਟਿੰਗ ਸਨਿਚਰਵਾਰ ਨੂੰ ਹੋਈ। ਸਿੰਘਲ (ਆਈ.ਆਈ.ਟੀ. ਦਿੱਲੀ ਦੇ ਸਾਬਕਾ ਵਿਦਿਆਰਥੀ) ਨੇ ਸ਼ੂਗਰ ਲੈਂਡ 'ਚ ਆਪਣੇ ਨਜ਼ਦੀਕੀ ਵਿਰੋਧੀ ਭਾਰਤੀ-ਅਮਰੀਕੀ ਨਾਸਿਰ ਹੁਸੈਨ ਨੂੰ ਹਰਾ ਕੇ ਚੋਣ ਜਿੱਤੀ। ਫੋਰਟ ਬੈਂਡ ਕਾਊਂਟੀ ਦੇ ਅਣਅਧਿਕਾਰਤ ਨਤੀਜਿਆਂ ਅਨੁਸਾਰ ਸਿੰਘਲ ਨੂੰ 2346 ਵੋਟਾਂ ਮਿਲੀਆਂ ਜਦਕਿ ਹੁਸੈਨ ਨੂੰ 777 ਵੋਟਾਂ ਮਿਲੀਆਂ। ਸਿੱਖ-ਅਮਰੀਕੀ ਤੇ ਸਿੱਖਿਆ ਸੁਧਾਰਕ ਸੁੱਖ ਕੌਰ ਨੇ ਸੈਨ ਐਂਟੋਨੀਓ ਸਿਟੀ ਕੌਂਸਲ 'ਚ ਭਾਰੀ ਜਿੱਤ ਪ੍ਰਾਪਤ ਕਰਕੇ ਆਪਣੀ ਕੌਂਸਲ ਸੀਟ ਬਰਕਰਾਰ ਰੱਖੀ। ਕੌਰ ਆਪਣੇ ਪਤੀ ਤੇ ਦੋ ਬੱਚਿਆਂ ਨਾਲ ਸੈਨ ਐਂਟੋਨੀਓ 'ਚ ਰਹਿੰਦੀ ਹੈ। ਸੁੱਖ ਕੌਰ ਨੇ ਆਪਣੇ ਵਿਰੋਧੀ ਪੈਟੀ ਗਿਬਨਸ ਨੂੰ 65 ਫੀਸਦੀ ਵੋਟਾਂ ਨਾਲ ਹਰਾਇਆ। ਸੁੱਖ ਕੌਰ ਸੈਨ ਐਂਟੋਨੀਓ ਸਿਟੀ ਕੌਂਸਲ ਲਈ ਚੁਣੀ ਗਈ ਪਹਿਲੀ ਸਿੱਖ ਔਰਤ ਹੈ।

# ਅਮਰੀਕੀ ਸਦਨ ਵਿੱਚ ਅਰਦਾਸ ਕਰਨ ਲਈ ਸੱਦੇ ਸਿੱਖ ਗ੍ਰੰਥੀ ਨੂੰ ਮੁਸਲਮਾਨ ਸਮਝ ਕੇ ਸੰਸਦ ਮਿਲਰ ਨੇ ਕੀਤਾ ਵਿਰੋਧ

## ਚਾਰੇ ਪਾਸਿਉਂ ਨਿੰਦਾ ਹੋਣ 'ਤੇ ਪੋਸਟ ਹਟਾਈ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸੰਸਦ ਮੈਰੀ ਮਿਲਰ ਵੱਲੋਂ ਇਕ ਸਿੱਖ ਗ੍ਰੰਥੀ ਜਿਸ ਨੂੰ ਹਾਲ ਹੀ ਵਿਚ ਕਾਂਗਰਸ ਸਦਨ ਵਿਚ ਅਰਦਾਸ ਕਰਨ ਲਈ ਸੱਦਿਆ ਗਿਆ ਸੀ, ਨੂੰ ਮੁਸਲਮਾਨ ਸਮਝ ਕੇ ਉਸ ਦਾ ਵਿਰੋਧ ਕੀਤਾ ਗਿਆ। ਮੈਰੀ ਮਿਲਰ ਨੇ ਪਾਈ ਇਕ ਪੋਸਟ ਵਿਚ ਲਿਖਿਆ ਕਿ ਅਮਰੀਕੀ ਸੰਸਦ ਵਿਚ ਇਕ ਮੌਲਵੀ ਦਾ ਕੀ ਕੰਮ ਹੈ ਮੈ ਇਸ ਦੀ ਨਿੰਦਾ ਕਰਦੀ ਹਾਂ। ਇਸ ਪੋਸਟ ਤੋਂ ਬਾਅਦ ਰਿਪਬਲੀਕਨ ਤੇ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਮਿਲਰ ਦੀ ਰਜ ਕੇ ਨਿੰਦਾ ਕੀਤੀ ਜਿਸ ਤੋਂ ਬਾਅਦ ਮਿਲਰ ਨੇ ਪਹਿਲਾਂ ਪੋਸਟ ਵਿਚ ਮੁਸਲਮਾਨ ਦੀ ਜਗਾ ਸਿੱਖ ਸ਼ਬਦ ਲਿਖ ਦਿੱਤਾ ਤੇ ਬਾਅਦ ਵਿਚ ਪੂਰੀ ਪੋਸਟ ਹਟਾ ਦਿੱਤੀ। ਦੱਖਣੀ ਨਿਊਜਰਸੀ ਤੋਂ ਗਿਆਨੀ ਸਿੰਘ ਗ੍ਰੰਥੀ ਨੂੰ ਸਦਨ ਦੇ ਸੈਸ਼ਨ ਦੀ ਸ਼ੁਰੂਆਤ ਕਰਨ ਲਈ ਅਰਦਾਸ ਕਰਨ ਵਾਸਤੇ ਸੱਦਿਆ ਗਿਆ ਸੀ। ਅਰਦਾਸ ਤੋਂ ਬਾਅਦ ਮਿਲਰ ਨੇ ਐਕਸ ਉਪਰ ਲਿਖਿਆ "ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਅੱਜ ਸਵੇਰੇ ਇਕ ਮੁਸਲਮਾਨ ਨੂੰ ਪ੍ਰਤੀਨਿੱਧ ਸਦਨ ਵਿਚ ਪ੍ਰਾਰਥਨਾ ਕਰਨ ਦੀ



ਗਿਆਨੀ ਸਿੰਘ

ਇਜਾਜ਼ਤ ਦਿੱਤੀ ਗਈ।" ਮਿਲਰ ਦੇ ਦਫਤਰ ਨੇ ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਹੈ। ਪ੍ਰਤੀਨਿੱਧ ਜੈਫ ਵੈਨ ਡਰੀਊ ਜਿਸ ਨੇ ਗਿਆਨੀ ਸਿੰਘ ਨੂੰ ਅਰਦਾਸ ਲਈ ਸੱਦਿਆ ਸੀ, ਨੇ ਮਿਲਰ ਦੀ ਪੋਸਟ ਦਾ ਜਬਰਦਸਤ ਵਿਰੋਧ ਕਰਦੇ ਹੋਏ ਕਿਹਾ ਕਿ ਇਕ ਕੈਥੋਲਿਕ ਹੋਣ ਵਜੋਂ ਮੈ ਆਪਣੇ ਵਿਸ਼ਵਾਸ਼ ਨੂੰ ਗੰਭੀਰਤਾ ਨਾਲ ਲੈਂਦਾ ਹਾਂ ਪ੍ਰੰਤੂ ਇਕ ਅਮਰੀਕੀ ਨਾਗਰਿਕ ਹੋਣ ਦੇ ਨਾਤੇ ਦੂਸਰੇ ਧਰਮਾਂ ਦਾ ਵੀ ਸਤਿਕਾਰ ਕਰਦਾ ਹਾਂ।

# 84 ਦੇ ਦੰਗਿਆਂ ਲਈ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣਾ ਗਲਤ, ਹੀ ਨਹੀਂ ਗੁੰਮਰਾਹ : ਸੁੱਖੀ ਚਾਹਲ


ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਚ' ਵੱਸਦੇ ਪ੍ਰਮੁੱਖ ਸਿੱਖ ਕਾਰਕੁੰਨ ਅਤੇ ਖਾਲਸਾ ਟੂਡੇ ਦੇ ਸੰਸਥਾਪਕ ਸੁੱਖੀ ਚਾਹਲ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕੀਤੀ ਹੈ, ਜਿਸ 'ਚ ਉਨ੍ਹਾਂ ਨੇ 1984 ਦੇ ਸਿੱਖ ਦੰਗਿਆਂ ਸਬੰਧੀ ਭਾਜਪਾ 'ਤੇ ਲਗਾਏ ਜਾ ਰਹੇ ਦੋਸ਼ਾਂ 'ਤੇ ਸਖ਼ਤ ਸਟੈਂਡ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੁਝ ਵਿਦੇਸ਼ੀ ਸਿੱਖ ਸੰਗਠਨਾਂ ਵੱਲੋਂ ਮੋਦੀ ਸਰਕਾਰ ਦੇ ਚੋਟੀ ਦੇ ਆਗੂਆਂ ਨੂੰ ਦੋਸ਼ੀ ਠਹਿਰਾਉਣਾ ਸਿਰਫ਼ ਗਲਤ ਹੀ ਨਹੀਂ, ਸਗੋਂ ਇਹ ਸਿੱਖ ਭਾਈਚਾਰੇ



ਦੇ ਹਿੱਤਾਂ ਨੂੰ ਵੀ ਬਹੁਤ ਨੁਕਸਾਨ ਪਹੁੰਚਾ ਸਕਦਾ ਹੈ। ਉਨ੍ਹਾਂ ਆਪਣੀ ਪੋਸਟ ਵਿੱਚ ਲਿਖਿਆ, "ਇਤਿਹਾਸ ਗਵਾਹ ਹੈ ਕਿ 1984 ਦਾ ਸਿੱਖ ਕਤਲੇਆਮ ਉਸ ਸਮੇਂ ਦੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਹੋਇਆ ਸੀ। ਉਸ ਸਮੇਂ ਕੇਂਦਰ ਵਿੱਚ ਕਾਂਗਰਸ ਸਰਕਾਰ ਸੱਤਾ ਵਿੱਚ ਸੀ ਅਤੇ ਇਸ ਨੇ ਇਸ ਭਿਆਨਕ ਘਟਨਾ ਨੂੰ ਨਜ਼ਰਅੰਦਾਜ਼ ਕੀਤਾ। ਇਸ ਦੇ ਉਲਟ, ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਪਹਿਲੀ ਵਾਰ ਇਸ ਮਾਮਲੇ ਵਿੱਚ ਨਿਆਂ ਵੱਲ ਸਖ਼ਤ ਕਦਮ ਚੁੱਕੇ ਗਏ। ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਕਈ ਪੁਰਾਣੇ ਕੇਸ ਦੁਬਾਰਾ ਖੋਲ੍ਹੇ ਗਏ। ਇਸ ਤੋਂ ਪਤਾ ਲੱਗਦਾ ਹੈ ਕਿ ਮੋਦੀ ਸਰਕਾਰ ਨੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਗੰਭੀਰ ਯਤਨ ਕੀਤੇ ਹਨ।" ਉਨ੍ਹਾਂ ਅੱਗੇ ਲਿਖਿਆ, "ਗਲਤ ਜਾਣਕਾਰੀ ਫੈਲਾਉਣਾ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਖਾਸ ਕਰਕੇ ਨੌਜਵਾਨਾਂ ਨੂੰ ਗੁੰਮਰਾਹ ਕਰਦਾ ਹੈ। ਇਸ ਕਾਰਨ ਸਿੱਖ ਭਾਈਚਾਰੇ ਦੀਆਂ ਅਸਲ ਸਮੱਸਿਆਵਾਂ ਪਿੱਛੇ ਰਹਿ ਜਾਂਦੀਆਂ ਹਨ ਅਤੇ ਦੇਸ਼ ਨਾਲ ਸਾਰਥਕ ਗੱਲਬਾਤ ਕਰਨ ਦੀਆਂ ਕੋਸ਼ਿਸ਼ਾਂ ਵੀ ਕਮਜ਼ੋਰ ਪੈ ਜਾਂਦੀਆਂ ਹਨ। ਸਮਾਜ ਨੂੰ ਅਜਿਹੇ ਝੂਠੇ ਪ੍ਰਚਾਰ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਅਤੇ ਸੱਚ ਦਾ ਸਮਰਥਨ ਕਰਨਾ ਚਾਹੀਦਾ ਹੈ, ਤਾਂ ਜੋ ਸਿੱਖ ਭਾਈਚਾਰੇ ਦੇ ਅਸਲ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ।

# ਅਮਰੀਕੀ ਹਵਾਈ ਅੱਡੇ 'ਤੇ ਭਾਰਤੀ ਵਿਦਿਆਰਥੀ ਨਾਲ ਅਪਰਾਧੀਆਂ ਵਰਗਾ ਸਲੂਕ, ਹੱਥਕੜੀ ਲਗਾ ਕੇ ਭੇਜਿਆ ਭਾਰਤ





ਸੈਕਰਾਮੈਂਟੋ : ਭਾਰਤੀ-ਅਮਰੀਕੀ ਕਾਰੋਬਾਰੀ ਕੁਨਾਲ ਜੈਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਨਿਊਜਰਸੀ ਦੇ ਨੇਵਾਰਕ ਹਵਾਈ ਅੱਡੇ ਤੋਂ ਇਕ ਭਾਰਤੀ ਵਿਦਿਆਰਥੀ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਦੀ ਪ੍ਰੇਸ਼ਾਨ ਕਰਨ ਵਾਲੀ ਘਟਨਾ ਸਾਂਝੀ ਕੀਤੀ। ਜੈਨ ਨੇ ਜੋ ਦੇਖਿਆ ਉਸ ਤੋਂ ਬਹੁਤ ਦੁਖੀ ਹੋਏ ਅਤੇ ਲਿਖਿਆ ਹੈ ਕਿ ਮੈਂ ਇਕ ਨੌਜਵਾਨ ਭਾਰਤੀ ਵਿਦਿਆਰਥੀ ਨੂੰ ਨੇਵਾਰਕ ਹਵਾਈ ਅੱਡੇ ਤੋਂ ਦੇਸ਼ ਨਿਕਾਲਾ ਦਿੰਦੇ ਦੇਖਿਆ-ਹੱਥਕੜੀ ਲੱਗੀ ਹੋਈ ਸੀ, ਰੋ ਰਿਹਾ ਸੀ, ਇਕ ਅਪਰਾਧੀ ਵਾਂਗ ਵਿਹਾਰ ਕੀਤਾ ਗਿਆ। ਉਹ ਆਪਣੇ ਸੁਪਨੇ ਸਾਕਾਰ ਕਰਨ ਲਈ ਆਇਆ ਸੀ, ਕੋਈ ਨੁਕਸਾਨ ਕਰਨ ਲਈ ਨਹੀਂ। ਇਕ ਐਨਆਰਆਈ ਹੋਣ ਦੇ ਨਾਤੇ, ਮੈਂ ਬੇਵਸ ਅਤੇ ਦਿਲ ਟੁੱਟਿਆ ਹੋਇਆ ਮਹਿਸੂਸ ਕੀਤਾ। ਇਹ ਇਕ ਮਨੁੱਖੀ ਦੁਖਾਂਤ ਹੈ। ਨੇਵਾਰਕ ਲਿਬਰਟੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵਾਪਰੀ ਇਸ ਘਟਨਾ ਵਿਚ, ਪੋਰਟ ਅਥਾਰਟੀ ਪੁਲਿਸ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਇਕ ਭਾਰਤੀ ਨੌਜਵਾਨ ਨੂੰ ਰੋਕਿਆ। ਜੈਨ ਨੇ ਘਟਨਾ ਦੀਆਂ ਫੋਟੋਆਂ ਸਾਂਝੀਆਂ ਕਰਦਿਆਂ ਕਿਹਾ ਕਿ ਵਿਦਿਆਰਥੀ ਹਰਿਆਣਵੀ ਭਾਸ਼ਾ ਵਿਚ ਬੋਲ ਰਿਹਾ ਸੀ, ਜੋ ਕਿ ਇਕ ਉਤਰੀ ਭਾਰਤੀ ਬੋਲੀ ਹੈ। ਫੋਟੋਆਂ ਵਿਚ ਦਿਖਾਇਆ ਗਿਆ ਹੈ ਕਿ ਵਿਦਿਆਰਥੀ ਨੂੰ ਅਧਿਕਾਰੀਆਂ ਦੁਆਰਾ ਜ਼ਮੀਨ 'ਤੇ ਲਿਟਾਇਆ ਹੋਇਆ ਸੀ। ਵਿਦਿਆਰਥੀ ਦੇ ਨਾਂ ਬਾਰੇ ਜਾਣਕਾਰੀ ਨਹੀਂ ਮਿਲ ਸਕੀ।

# ਨਿਊਯਾਰਕ ਦੇ ਨਿਵਾਸੀ ਗੁਜਰਾਤੀ- ਭਾਰਤੀ ਹਿਰੇਨ ਪਟੇਲ ਨੂੰ 15 ਮਿਲੀਅਨ ਡਾਲਰ ਦੇ ਹਵਾਲਾ ਕੇਸ ਵਿੱਚ ਸਜ਼ਾ ਸੁਣਾਈ

ਨਿਊਯਾਰਕ, (ਰਾਜ ਗੋਗਨਾ) : ਨਿਊਯਾਰਕ ਦੇ ਹੀਰੇਨ ਪਟੇਲ ਨੂੰ 15 ਮਿਲੀਅਨ ਡਾਲਰ ਦੇ ਹਵਾਲਾ ਕੇਸ ਵਿੱਚ ਅਦਾਲਤ ਵੱਲੋ ਸਜ਼ਾ ਸੁਣਾਈ ਗਈ ਹੈ।


ਦੋ ਸਾਲ ਪਹਿਲਾਂ ਅਮਰੀਕਾ ਵਿੱਚ ਸਾਹਮਣੇ ਆਏ 15 ਮਿਲੀਅਨ ਡਾਲਰ ਤੋਂ ਵੱਧ ਦੇ ਹਵਾਲਾ ਘੁਟਾਲੇ ਵਿੱਚ ਗੁਜਰਾਤੀ ਹਿਰੇਨ ਪਟੇਲ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਪਹਿਲਾਂ 5 ਹੋਰ ਗੁਜਰਾਤੀਆਂ ਨੂੰ ਵੀ ਇਸ ਅਪਰਾਧ ਵਿੱਚ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ।

ਦੋ ਸਾਲ ਪਹਿਲਾਂ ਐਫਬੀਆਈ ਦੁਆਰਾ ਬੇਨਕਾਬ ਕੀਤੇ ਗਏ 15 ਮਿਲੀਅਨ ਡਾਲਰ ਤੋਂ ਵੱਧ ਦੇ ਹਵਾਲਾ ਘੁਟਾਲੇ ਦੇ ਛੇਵੇਂ ਅਤੇ ਆਖਰੀ ਦੋਸ਼ੀ ਹਿਰੇਨ ਪਟੇਲ ਦੀ ਸਜ਼ਾ ਦਾ ਐਲਾਨ ਅਦਾਲਤ ਨੇ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਕੁੱਲ ਛੇ ਗੁਜਰਾਤੀ, ਜਿਨ੍ਹਾਂ ਵਿੱਚ ਰਾਜੇਂਦਰ ਪਟੇਲ, ਬ੍ਰਿਜੇਸ਼ ਪਟੇਲ, ਹਿਰੇਨ ਪਟੇਲ, ਨੈਨੇਸ਼ ਪਟੇਲ, ਨੀਲੇਸ਼ ਪਟੇਲ ਅਤੇ ਸ਼ੈਲੇਸ਼ ਗੋਯਾਨੀ ਸ਼ਾਮਲ ਹਨ, ਦੋਸ਼ੀ ਸਨ, ਜਿਨ੍ਹਾਂ ਵਿੱਚੋਂ ਪੰਜ ਨੂੰ ਪਹਿਲਾਂ ਹੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਨ੍ਹਾਂ ਸਾਰੇ ਦੋਸ਼ੀਆਂ ਨੇ ਹਵਾਲਾ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਪੈਸੇ ਟਰਾਂਸਫਰ ਕਰਨ ਦੇ ਅਪਰਾਧ ਨੂੰ ਕਬੂਲ ਕੀਤਾ ਸੀ, ਜਿਸ ਲਈ ਉਨ੍ਹਾਂ ਨੂੰ 27 ਮਹੀਨੇ ਤੋਂ ਇੱਕ ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ, ਆਖਰੀ ਸਜ਼ਾ ਸੁਣਾਏ ਗਏ ਹਿਰੇਨ ਪਟੇਲ ਨੂੰ 21 ਮਹੀਨੇ ਜੇਲ੍ਹ ਵਿੱਚ ਬਿਤਾਉਣੇ ਪੈਣਗੇ। ਹਾਲਾਂਕਿ, ਉਸਨੂੰ ਆਪਣੀ ਗ੍ਰਿਫਤਾਰੀ ਤੋਂ ਬਾਅਦ ਜੇਲ੍ਹ ਵਿੱਚ ਬਿਤਾਏ ਸਮੇਂ ਲਈ ਆਪਣੀ ਸਜ਼ਾ ਵਿੱਚ ਰਾਹਤ ਮਿਲੇਗੀ। ਲੰਘੀ ਅਪ੍ਰੈਲ 2021 ਵਿੱਚ, ਐਫਬੀਆਈ ਨੂੰ ਜਾਣਕਾਰੀ ਮਿਲੀ ਕਿ ਡਾਰਕ ਵੈੱਬ 'ਤੇ ਇੱਕ ਵਿਕਰੇਤਾ ਇੱਕ ਖਾਸ ਫੀਸ ਦੇ ਬਦਲੇ ਕ੍ਰਿਪਟੋਕਰੰਸੀ ਨੂੰ ਨਕਦ ਵਿੱਚ ਟਰਾਂਸਫਰ ਕਰ ਰਿਹਾ ਸੀ। ਫਿਰ ਉਸ ਵਿਅਕਤੀ ਨਾਲ ਇੱਕ ਗੁਪਤ ਐਫਬੀਆਈ ਏਜੰਟ ਨੇ ਸੰਪਰਕ ਕੀਤਾ। ਏਜੰਟ ਨਾਲ ਗੱਲਬਾਤ ਦੌਰਾਨ, ਦੋਸ਼ੀ ਨੇ ਕਿਹਾ ਕਿ ਅਮਰੀਕਾ ਵਿੱਚ ਦੋ ਨੰਬਰ ਦੇ ਕਾਰੋਬਾਰ ਵਿੱਚ ਸ਼ਾਮਲ ਲੋਕ, ਜਿਸ ਵਿੱਚ ਨਸ਼ੀਲੇ ਪਦਾਰਥ ਵੇਚਣਾ ਵੀ ਸ਼ਾਮਲ ਹੈ, ਉਸਦੇ ਗਾਹਕ ਸਨ। ਇੰਨਾ ਹੀ ਨਹੀਂ, ਉਸਨੇ ਇਹ ਵੀ ਦਾਅਵਾ ਕੀਤਾ ਕਿ ਉਸਨੇ ਤਿੰਨ ਸਾਲਾਂ ਵਿੱਚ ਕ੍ਰਿਪਟੋ ਨੂੰ ਨਕਦ ਵਿੱਚ ਬਦਲਣ ਦੇ ਇਸ ਕਾਰੋਬਾਰ ਵਿੱਚ 30 ਮਿਲੀਅਨ ਦੇ ਕਰੀਬ ਡਾਲਰ ਕਮਾਏ ਹਨ। ਫਿਰ ਫਰਵਰੀ 2023 ਵਿੱਚ, ਐਫਬੀਆਈ ਨੇ ਇੱਕ ਗੁਪਤ ਸਰੋਤ ਨਾਲ ਇਸ ਮਾਮਲੇ 'ਤੇ ਕੰਮ ਕਰਨਾ ਸ਼ੁਰੂ ਕੀਤਾ, ਜਿਸ ਦੌਰਾਨ ਜਾਂਚ ਦੌਰਾਨ ਇਹ ਖੁਲਾਸਾ ਹੋਇਆ ਕਿ ਏਜੰਸੀ ਦੇ ਰਾਡਾਰ 'ਤੇ ਮੌਜੂਦ ਵਿਕਰੇਤਾ ਪੈਸੇ ਦੇ ਹਵਾਲਾ ਵਜੋਂ ਕੰਮ ਕਰ ਰਿਹਾ ਸੀ, ਉਸਦੇ ਅਧੀਨ ਕੰਮ ਕਰਨ ਵਾਲੇ ਲੋਕ ਪੂਰਬੀ ਤੱਟ ਤੋਂ ਨਕਦੀ ਇਕੱਠੀ ਕਰ ਰਹੇ ਸਨ, ਇਹ ਨਕਦੀ ਇੱਕ ਵਿਅਕਤੀ ਨੂੰ ਪਹੁੰਚਾਈ ਗਈ ਸੀ ਅਤੇ ਇਹੀ ਵਿਅਕਤੀ ਦੋਸ਼ੀ ਦੇ ਗਾਹਕਾਂ ਦੀ ਨਕਦੀ ਵੱਖ-ਵੱਖ ਥਾਵਾਂ 'ਤੇ ਭੇਜ ਰਿਹਾ ਸੀ।

# ਅਮਰੀਕਾ ਦੇ ਹਵਾਲੇ ਕੀਤਾ ਗਿਆ ਸਾਜਿਸ਼ਕਰਤਾ ਪਾਕਿਸਤਾਨੀ ਨਾਗਰਿਕ

ਨਿਊਯਾਰਕ : ਕੈਨੇਡਾ ਵਿਚ ਰਹਿ ਰਹੇ ਇਕ ਪਾਕਿਸਤਾਨੀ ਨਾਗਰਿਕ ਨੂੰ ਅਮਰੀਕਾ ਦੇ ਹਵਾਲੇ ਕੀਤਾ ਗਿਆ ਹੈ। ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਇਸ ਪਾਕਿਸਤਾਨੀ ਨਾਗਰਿਕ 'ਤੇ 7 ਅਕਤੂਬਰ ਨੂੰ ਹਮਾਸ ਹਮਲਿਆਂ ਦੀ ਪਹਿਲੀ ਵਰ੍ਹੇਗੰਢ ਨੇੜੇ ਨਿਊਯਾਰਕ ਸ਼ਹਿਰ ਦੇ ਇੱਕ ਯਹੂਦੀ ਕੇਂਦਰ 'ਤੇ ਆਈ.ਐਸ.ਆਈ.ਐਸ ਤੋਂ ਪ੍ਰੇਰਿਤ ਸਮੂਹਿਕ ਗੋਲੀਬਾਰੀ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ।

ਦੋਸ਼ੀ ਦੀ ਪਛਾਣ ਮੁਹੰਮਦ ਸ਼ਾਹਜ਼ੇਬ ਖਾਨ (20) ਉਰਫ ਸ਼ਾਹਜ਼ੇਬ ਜਾਦੂਨ ਵਜੋਂ ਹੋਈ ਹੈ। ਨਿਆਂ ਵਿਭਾਗ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਦੱਸਿਆ ਕਿ ਮੁਹੰਮਦ ਸ਼ਾਹਜ਼ੇਬ ਨੂੰ ਮੰਗਲਵਾਰ ਨੂੰ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵਿੱਚ ਦਾਇਰ ਇੱਕ ਦੋਸ਼ ਦੇ ਸੰਬੰਧ ਵਿੱਚ ਅਮਰੀਕਾ ਦੇ ਹਵਾਲੇ ਕੀਤਾ ਗਿਆ। ਉਸ 'ਤੇ ਇਸਲਾਮਿਕ ਸਟੇਟ ਆਫ਼ ਇਰਾਕ ਐਂਡ ਅਲ-ਸ਼ਾਮ



(ਆਈ.ਐਸ.ਆਈ.ਐਸ) ਅੱਤਵਾਦੀ ਸੰਗਠਨ ਨੂੰ ਸਮੱਗਰੀ ਸਹਾਇਤਾ ਅਤੇ ਸਰੋਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਨ ਅਤੇ ਰਾਸ਼ਟਰੀ ਸੀਮਾਵਾਂ ਤੋਂ ਪਾਰ ਅੱਤਵਾਦ ਦੀਆਂ ਕਾਰਵਾਈਆਂ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਖਾਨ ਬੁੱਧਵਾਰ ਨੂੰ ਅਦਾਲਤ ਵਿੱਚ ਪਹਿਲੀ ਵਾਰ ਪੇਸ਼ਾ ਹੋਵੇਗਾ। ਐਫ.ਬੀ.ਆਈ ਦੇ ਡਾਇਰੈਕਟਰ ਕਾਸ਼ ਪਟੇਲ ਨੇ ਐਕਸ 'ਤੇ ਲਿਖਿਆ, 'ਵੱਡੀ ਖ਼ਬਰ... ਅੱਜ ਦੁਪਹਿਰ ਵੇਲੇ ਕੈਨੇਡਾ ਵਿੱਚ ਰਹਿਣ ਵਾਲੇ ਇੱਕ ਪਾਕਿਸਤਾਨੀ ਨਾਗਰਿਕ ਮੁਹੰਮਦ ਸ਼ਾਹਜ਼ੇਬ ਖਾਨ ਨੂੰ ਆਈ.ਐਸ.ਆਈ.ਐਸ ਨੂੰ ਸਮੱਗਰੀ ਸਹਾਇਤਾ ਪ੍ਰਦਾਨ ਕਰਨ ਅਤੇ ਅੱਤਵਾਦ ਦੀਆਂ ਕਾਰਵਾਈਆਂ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਸੰਯੁਕਤ ਰਾਜ ਅਮਰੀਕਾ ਹਵਾਲੇ ਕਰ ਦਿੱਤਾ ਗਿਆ।' ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਜੇ ਕਲੇਟਨ ਨੇ ਕਿਹਾ ਕਿ ਖਾਨ ਨੇ ਯਹੂਦੀ ਭਾਈਚਾਰੇ ਦੇ ਵੱਧ ਤੋਂ ਵੱਧ ਮੈਂਬਰਾਂ ਨੂੰ ਮਾਰਨ ਲਈ ਆਟੋਮੈਟਿਕ ਹਥਿਆਰਾਂ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਸੀ, ਇਹ ਸਾਰੇ ਆਈ.ਐਸ.ਆਈ.ਐਸ ਦੇ ਸਮਰਥਨ ਵਿੱਚ ਸਨ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਲਾਸ ਏਂਜਲਸ ’ਚ 700 ਮਰੀਨਜ਼ ਤੇ 2 ਹਜ਼ਾਰ ਹੋਰ ਨੈਸ਼ਨਲ ਗਾਰਡ ਤਾਇਨਾਤ, ਸਥਿਤੀ ਵਿਗੜੀ

## ਕੈਲੀਫੋਰਨੀਆ ਵੱਲੋਂ ਕੌਮੀ ਸੁਰੱਖਿਆ ਬਲਾਂ ਦੀ ਤਾਇਨਾਤੀ ਖ਼ਿਲਾਫ਼ ਅਦਾਲਤ ’ਚ ਮੁਕੱਦਮਾ ਦਾਇਰ; ਸੂਬੇ ਦੀ ਪ੍ਰਭੂਸੱਤਾ ਨੂੰ ਕੁਚਲਣ ਦਾ ਦੋਸ਼

ਲਾਸ ਏਂਜਲਸ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਦਰਸ਼ਨਾਂ ਨੂੰ ਰੋਕਣ ਲਈ ਲਾਸ ਏਂਜਲਸ ਵਿੱਚ ਕੌਮੀ ਸੁਰੱਖਿਆ ਬਲਾਂ ਦੀ ਨਫ਼ਰੀ ਵਧਾ ਦਿੱਤੀ ਹੈ। ਉਨ੍ਹਾਂ ਦੇ ਆਦੇਸ਼ ਮਗਰੋਂ ਮੈਰੀਨ ਕੋਰ ਦੇ 700 ਅਤੇ ਨੈਸ਼ਨਲ ਗਾਰਡ ਦੇ 2,000 ਹੋਰ ਜਵਾਨ ਲਾਸ ਏਂਜਲਸ ਵਿੱਚ ਤਾਇਨਾਤ ਕੀਤੇ ਗਏ ਹਨ। ਕੈਲੀਫੋਰਨੀਆ ਨੇ ਸੂਬੇ ਵਿੱਚ ਸੰਘੀ ਫੌਜਾਂ ਦੀ ਨਫ਼ਰੀ ਵਧਾਏ ਜਾਣ ਦਾ ਵਿਰੋਧ ਕੀਤਾ ਹੈ। ਸੂਬੇ ਦੇ ਅਟਾਰਨੀ ਜਨਰਲ ਰੌਬ ਬੌਂਟਾ ਨੇ ਨੈਸ਼ਨਲ ਗਾਰਡ ਫੌਜਾਂ ਦੀ ਤਾਇਨਾਤੀ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਟਰੰਪ ਨੇ ਸੂਬੇ ਦੀ ਪ੍ਰਭੂਸੱਤਾ ਨੂੰ ਕੁਚਲਿਆ ਹੈ।

ਬੌਂਟਾ ਨੇ ਕਿਹਾ, “ਅਸੀਂ ਰਾਸ਼ਟਰਪਤੀ ਵੱਲੋਂ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਅਤੇ ਕੈਲੀਫੋਰਨੀਆ ਵਿੱਚ ਨੈਸ਼ਨਲ ਗਾਰਡ ਫੌਜਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਤਾਇਨਾਤ ਕਰਨ ਨੂੰ ਹਲਕੇ ਵਿੱਚ ਨਹੀਂ ਲੈ ਰਹੇ।” ਉਨ੍ਹਾਂ ਨੇ ਅਦਾਲਤ ਤੋਂ ਨੈਸ਼ਨਲ ਗਾਰਡ ਦੀ ਵਰਤੋਂ ਨੂੰ ਗੈਰ-ਕਾਨੂੰਨੀ ਐਲਾਨਣ ਅਤੇ ਤਾਇਨਾਤੀ ਨੂੰ ਰੋਕਣ ਲਈ ਰੋਕ ਲਾਉਣ ਦਾ ਹੁਕਮ ਜਾਰੀ ਕਰਨ ਦੀ ਮੰਗ ਕੀਤੀ ਹੈ। ਉਧਰ, ਟਰੰਪ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਨੇ ਨੈਸ਼ਨਲ ਗਾਰਡ ਜਵਾਨ ਤਾਇਨਾਤ ਨਾ ਕੀਤੇ ਹੁੰਦੇ ਤਾਂ ਸ਼ਹਿਰ ਪੂਰੀ ਤਰ੍ਹਾਂ ਤਬਾਹ ਹੋ ਜਾਂਦਾ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਮੈਰੀਨਾਂ ਨੂੰ ਇਮੀਗ੍ਰੇਸ਼ਨ ਏਜੰਟਾਂ ਸਮੇਤ ਸੰਘੀ ਜਾਇਦਾਦ ਅਤੇ ਕਰਮਚਾਰੀਆਂ ਦੀ ਰੱਖਿਆ ਲਈ ਤਾਇਨਾਤ ਕੀਤਾ ਜਾ ਰਿਹਾ ਹੈ। ਇਸ ਦੌਰਾਨ ਪੈਂਟਾਗਨ ਨੇ ਕਿਹਾ ਕਿ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਸੰਘੀ ਫੌਜਾਂ ਦੀ ਤਾਇਨਾਤੀ ’ਤੇ 13.4 ਕਰੋੜ ਅਮਰੀਕੀ ਡਾਲਰ ਖਰਚ ਹੋਣਗੇ।

ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਅਤੇ ਅਧਿਕਾਰੀਆਂ ਨੇ ਵੀ ਸੂਬੇ ਵਿੱਚ ਸੰਘੀ ਫੌਜਾਂ ਦੀ ਨਫ਼ਰੀ ਵਧਾਏ ਜਾਣ ਦਾ ਵਿਰੋਧ ਕੀਤਾ ਹੈ। ਪੁਲਿਸ ਮੁਖੀ ਦਾ ਕਹਿਣਾ ਹੈ ਕਿ ਇਸ ਨਾਲ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਵਿੱਚ ਮੁਸ਼ਕਲ ਪੈਦਾ ਹੋਵੇਗੀ। ਟਰੰਪ ਨੇ ਪਹਿਲਾਂ 2000 ਜਵਾਨਾਂ ਨੂੰ ਲਾਸ ਏਂਜਲਸ ਭੇਜਣ ਦਾ ਆਦੇਸ਼ ਦਿੱਤਾ ਸੀ। ਲਾਸ ਏਂਜਲਸ ਵਿੱਚ ਵਿਰੋਧ ਪ੍ਰਦਰਸ਼ਨ ਸ਼ੁੱਕਰਵਾਰ ਨੂੰ ਉਸ ਸਮੇਂ ਸ਼ੁਰੂ ਹੋਏ, ਜਦੋਂ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਦਿਨ ਸ਼ਹਿਰ ਵਿੱਚ 40 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।

ਹਾਲਾਂਕਿ ਪ੍ਰਦਰਸ਼ਨ ਦੌਰਾਨ ਜ਼ਿਆਦਾ ਹੰਗਾਮਾ ਨਹੀਂ ਹੋਇਆ। ਹਜ਼ਾਰਾਂ ਲੋਕ ‘ਸਿਟੀ ਹਾਲ’ ਵਿੱਚ ਸ਼ਾਂਤੀਪੂਰਨ ਰੈਲੀ ਵਿੱਚ ਸ਼ਾਮਲ ਹੋਏ ਅਤੇ ਸੈਂਕੜਿਆਂ ਨੇ ਇੱਕ ਸੰਘੀ ਕੰਪਲੈਕਸ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਕੰਪਲੈਕਸ ਵਿੱਚ ਉਹ ਹਿਰਾਸਤੀ ਕੇਂਦਰ ਵੀ ਸ਼ਾਮਲ ਹੈ, ਜਿੱਥੇ ਸ਼ਹਿਰ ਵਿੱਚ ਛਾਪੇ ਮਗਰੋਂ ਕੁੱਝ ਪਰਵਾਸੀਆਂ ਨੂੰ ਰੱਖਿਆ ਗਿਆ ਹੈ।






### ਜਨਤਕ ਸੁਰੱਖਿਆ ਖ਼ਤਰੇ ’ਚ ਪਾ ਰਹੇ ਨੇ ਟਰੰਪ: ਗਵਰਨਰ


ਮੇਅਰ ਕੈਰੇਨ ਬਾਸ ਅਤੇ ਗਵਰਨਰ ਗੈਵਿਨ ਨਿਊਸਮ ਦਾ ਕਹਿਣਾ ਹੈ ਕਿ ਟਰੰਪ ਵੱਲੋਂ ਲਾਸ ਏਂਜਲਸ ਦੀ ਸਥਿਤੀ ਬਾਰੇ ਜੋ ਦੱਸਿਆ ਗਿਆ, ਉਹ ਸਚਾਈ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਕਿ ਟਰੰਪ ਫ਼ੌਜੀ ਤਾਇਨਾਤ ਕਰ ਕੇ ਜਨਤਕ ਸੁਰੱਖਿਆ ਖ਼ਤਰੇ ਵਿੱਚ ਪਾ ਰਹੇ ਹਨ, ਜਦਕਿ ਪੁਲੀਸ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਮਦਦ ਦੀ ਲੋੜ ਨਹੀਂ ਹੈ। ਗਵਰਨਰ ਨਿਊਸਮ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਪੋਸਟ ਸਾਂਝੀ ਕਰ ਕੇ ਟਰੰਪ ਦੇ ਇਸ ਕਦਮ ਨੂੰ ਲਾਪ੍ਰਵਾਹੀ ਵਾਲਾ ਅਤੇ ਸਥਾਨਕ ਬਲਾਂ ਲਈ ਅਪਮਾਨਜਨਕ ਕਰਾਰ ਦਿੱਤਾ।

### ਲਾਸ ਏਂਜਲਸ ’ਚ ਰਾਤ ਦਾ ਕਰਫ਼ਿਊ ਤੇ ਐਮਰਜੈਂਸੀ ਲਾਗੂ

ਲਾਸ ਏਂਜਲਸ ਦੀ ਮੇਅਰ ਕੈਰਨ ਬਾਸ ਨੇ ਐਲਾਨ ਕੀਤਾ ਹੈ ਕਿ ਹਫੜਾ-ਦਫੜੀ ਵਾਲੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਡਾਊਨਟਾਊਨ ਲਾਸ ਏਂਜਲਸ ਦੇ ਇੱਕ ਵਰਗ ਮੀਲ ’ਚ ਕਰਫਿਊ ਲਾਗੂ ਕਰ ਦਿੱਤਾ ਗਿਆ ਹੈ ਤੇ ਇਸੇ ਦੌਰਾਨ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਲਗਭਗ 300 ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ। ਕਰਫਿਊ ਰਾਤ 8 ਵਜੇ ਤੋਂ ਸਵੇਰੇ 6 ਵਜੇ ਤੱਕ ਰਹੇਗਾ। ਉਸ ਨੇ ਕਿਹਾ ਸੀ ਕਿ ਜਿਵੇਂ ਮੈਂ ਦੱਸਿਆ ਸੀ ਕਿ ਜੇਕਰ ਹਿੰਸਾ ਦੁਬਾਰਾ ਭੜਕਦੀ ਹੈ ਤਾਂ ਉਹ ਕਰਫਿਊ ਲਗਾਉਣ ’ਤੇ ਵਿਚਾਰ ਕਰੇਗੀ ਤੇ ਇਸ ਨੂੰ ਲਾਗੂ ਕੀਤਾ ਜਾ ਰਿਹਾ ਹੈ । ਬਾਸ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਮੈਂ ਲਾਸ ਏਂਜਲਸ ਦੇ ਲੋਕਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਉਹ ਐਮਰਜੈਂਸੀ ਲਾਗੂ ਕਰ ਰਹੇ ਹਨ ਤੇ ਡਾਊਨਟਾਊਨ ਵਿਚ ਕਰਫਿਊ ਲਗਾ ਦਿੱਤਾ ਗਿਆ ਹੈ ਤਾਂ ਜੋ ਭੰਨਤੋੜ ਤੇ ਲੁੱਟਮਾਰ ਨੂੰ ਰੋਕਿਆ ਜਾ ਸਕੇ । ਸਾਡੇ ਧਿਆਨ ’ਚ ਹੈ ਕਿ ਬੀਤੇ ਦਿਨ ਇਥੇ 23 ਕਾਰੋਬਾਰਾਂ ਨੂੰ ਲੁੱਟਿਆ ਗਿਆ ਸੀ ਜਿਸ ਵਿਚ ਵੱਡਾ ਐਪਲ ਸਟੋਰ ਵੀ ਸ਼ਾਮਿਲ ਹੈ ਤੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਇਸ ਖੇਤਰ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਹੈ। ਬਾਸ ਨੇ ਇਹ ਵੀ ਕਿਹਾ ਕਿ ਜੇਕਰ ਤੁਸੀਂ ਡਾਊਨਟਾਊਨ ਲਾਸ ਏਂਜਲਸ ਵਿਚ ਨਹੀਂ ਰਹਿੰਦੇ ਜਾਂ ਕੰਮ ਨਹੀਂ ਕਰਦੇ, ਤਾਂ ਇਸ ਖੇਤਰ ਨੂੰ ਛੱਡ ਦਿਓ ਨਹੀਂ ਤਾਂ ਕਰਫਿਊ ਤੋੜਨ ਵਾਲੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਬਾਸ ਨੇ ਕਿਹਾ ਕਿ ਉਸਨੂੰ ਉਮੀਦ ਹੈ ਕਿ ਕਰਫਿਊ ਕਈ ਦਿਨਾਂ ਤੱਕ ਜਾਰੀ ਰਹਿ ਸਕਦਾ ਹੈ । ਦੱਖਣੀ ਕੈਲੀਫੋਰਨੀਆ ਵਿਚ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਕਰੈਕਡਾਊਨ ਦੇ ਜਵਾਬ ਵਿਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਹਰ ਰਾਤ ਗ੍ਰਿਫ਼ਤਾਰੀਆਂ ਵਿਚ ਵਾਧਾ ਹੋਣ ਕਾਰਨ ਕਰਫਿਊ ਲਗਾਇਆ ਗਿਆ ਹੈ। ਉਧਰ ਟਰੰਪ ਪ੍ਰਸ਼ਾਸਨ ਦੇ ਇੰਮੀਗ੍ਰੇਸ਼ਨ ਕਰੈਕਡਾਊਨ ਨੂੰ ਲੈ ਕੇ ਲਾਸ ਏਂਜਲਸ ਵਿੱਚ ਵਿਰੋਧ ਪ੍ਰਦਰਸ਼ਨ ਆਪਣੇ ਪੰਜਵੇਂ ਦਿਨ ਵਿਚ ਦਾਖਲ ਹੋਣ ਦੇ ਨਾਲ ਦੇਸ਼ ਭਰ ਦੇ ਵੱਡੇ ਸ਼ਹਿਰਾਂ ਵਿਚ ਵੀ ਪ੍ਰਦਰਸ਼ਨ ਸ਼ੁਰੂ ਹੋਣ ਦੀਆਂ ਖਬਰਾਂ ਹਨ। ਪੁਲਿਸ ਵਿਭਾਗਾਂ ਦੁਆਰਾ ਹਾਲ ਹੀ ਦੇ ਦਿਨਾਂ ਵਿਚ ਸਾਨ ਫਰਾਂਸਿਸਕੋ, ਨਿਊਯਾਰਕ, ਵਾਸ਼ਿੰਗਟਨ, ਬੋਸਟਨ, ਡੈਲਸ, ਸ਼ਿਕਾਗੋ ਤੇ ਅਟਲਾਂਟਾ ਸਮੇਤ ਘੱਟੋ-ਘੱਟ ਇੱਕ ਦਰਜਨ ਸ਼ਹਿਰਾਂ ਵਿਚ ਪ੍ਰਦਰਸ਼ਨਾਂ ਦੀ ਰਿਪੋਰਟ ਹੈ । ਪ੍ਰਦਰਸ਼ਨਕਾਰੀ ਅਦਾਲਤਾਂ ਅਤੇ ਸਥਾਨਕ ਇੰਮੀਗ੍ਰੇਸ਼ਨ ਏਜੰਸੀ ਦਫਤਰਾਂ ਦੇ ਬਾਹਰ ਇਕੱਠੇ ਹੋਏ ਤੇ ਕਈ ਥਾਂ ਗ੍ਰਿਫਤਾਰੀਆਂ ਕੀਤੇ ਜਾਣ ਦੀ ਵੀ ਸੂਚਨਾ ਵੀ ਹੈ। ਇੰਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿਰਦੇਸ਼ਾਂ ਨੂੰ ਲਾਗੂ ਕਰ ਰਿਹਾ ਹੈ ਤਾਂ ਜੋ ਅਮਰੀਕਾ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਪ੍ਰਵਾਸੀਆਂ ਨੂੰ ਲੱਭਿਆ ਜਾ ਸਕੇ । ਲਾਸ ਏਂਜਲਸ ਵਿਚ ਹੋਏ ਵਿਰੋਧ ਪ੍ਰਦਰਸ਼ਨਾਂ ਨੇ ਫੈਡਰਲ ਸਰਕਾਰ ਅਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਸਮੇਤ ਸਥਾਨਕ ਨੇਤਾਵਾਂ ਵਿਚਕਾਰ ਟਕਰਾਅ ਨੂੰ ਵੀ ਤਿੱਖਾ ਕਰ ਦਿੱਤਾ ਹੈ। ਉੱਧਰ ਆਈਸ ਵਿਰੁੱਧ ਰੋਹ ਪ੍ਰਦਰਸ਼ਨ ਪੂਰੇ ਅਮਰੀਕਾ ਵਿਚ ਫੈਲਦੇ ਜਾ ਰਹੇ ਹਨ। ਕੁਝ ਵਿਰੋਧ ਪ੍ਰਦਰਸ਼ਨਾਂ ਵਿਚ ਗ੍ਰਿਫਤਾਰੀਆਂ ਕੀਤੀਆਂ ਗਈਆਂ ।














# ਟੁਕੜਿਆਂ ਵਿਚ ਵੰਡਿਆ ਦੇਸ਼

ਦੇਸ਼ ਦਾ ਸੰਵਿਧਾਨ ਬਣਨ ਦੇ ਨਾਲ ਹੀ ਇਕ ਨਿਸਚਿਤ ਸਮੇਂ ਲਈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਰਾਖਵੇਂਕਰਨ ਦੀ ਨੀਤੀ ਅਪਣਾਈ ਗਈ ਸੀ, ਤਾਂ ਜੋ ਲੰਮੇ ਸਮੇਂ ਤੱਕ ਜਾਤੀਵਾਦ ਕਾਰਨ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਅੱਗੇ ਵਧਾਇਆ ਜਾ ਸਕੇ। ਰਾਖਵੇਂਕਰਨ ਦੀ ਇਹ ਨੀਤੀ ਹੁਣ ਤੱਕ ਵੀ ਚਲਦੀ ਆ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਕੁਝ ਹੋਰ ਬਰਾਦਰੀਆਂ ਵੀ ਅਜਿਹੀ ਰਾਖਵੇਂਕਰਨ ਦੀ ਸੂਚੀ ਵਿਚ ਸ਼ਾਮਿਲ ਹੋਣ ਲਈ ਅੰਦੋਲਨ ਕਰਦੀਆਂ ਰਹੀਆਂ ਹਨ ਅਤੇ ਇਸ ਦੇ ਨਾਲ ਹੀ ਇਹ ਮੰਗ ਵੀ ਉੱਠਦੀ ਰਹੀ ਹੈ ਕਿ ਹੋਰ ਪਿਛੜੀਆਂ ਜਾਤੀਆਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਜਾਏ, ਇਸ ਲਈ ਸਾਲ 1979 ਵਿਚ ਮੰਡਲ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ। ਉਸ ਰਿਪੋਰਟ ਦੇ ਨਸ਼ਰ ਹੋਣ ਤੋਂ ਕੁਝ ਸਾਲਾਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਸਰਕਾਰੀ ਨੌਕਰੀਆਂ ਵਿਚ ਹੋਰ ਅਨੁਸੂਚਿਤ ਜਾਤੀਆਂ (ਓ.ਬੀ.ਸੀ.) ਲਈ 27 ਫ਼ੀਸਦੀ ਰਾਖਵਾਂਕਰਨ ਲਾਗੂ ਕਰਨ ਦਾ ਐਲਾਨ ਕੀਤਾ ਸੀ, ਪਰ ਦੇਸ਼ ਭਰ ਵਿਚ ਇਸ ਦਾ ਸਖ਼ਤ ਵਿਰੋਧ ਹੋਣ ਤੋਂ ਬਾਅਦ ਇਹ ਐਲਾਨ ਸਿਰੇ ਨਹੀਂ ਸੀ ਚੜ੍ਹ ਸਕਿਆ।

ਜਿਥੋਂ ਤੱਕ ਜਾਤੀ ਜਨਗਣਨਾ ਦਾ ਸੰਬੰਧ ਹੈ, ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ ਜਾਤੀ ਆਧਾਰਤ ਜਨਗਣਨਾ ਕਰਵਾਏ ਜਾਣ ਦਾ ਵਿਰੋਧ ਹੋਇਆ ਸੀ ਅਤੇ ਇਸ ਕਾਰਨ ਇਹ ਮੰਗ ਸਿਰੇ ਨਹੀਂ ਸੀ ਚੜ੍ਹਨ ਦਿੱਤੀ ਗਈ। ਸ੍ਰੀਮਤੀ ਇੰਦਰਾ ਗਾਂਧੀ ਨੇ ਲੰਮਾ ਸਮਾਂ ਦੇਸ਼ ਦਾ ਪ੍ਰਸ਼ਾਸਨ ਚਲਾਇਆ, ਉਹ ਵੀ ਅਜਿਹੀ ਜਨਗਣਨਾ ਦੇ ਵਿਰੁੱਧ ਸਨ। ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ 2010 ਵਿਚ ਆਰਥਿਕ ਕਾਰਨਾਂ ਨੂੰ ਆਧਾਰ ਬਣਾ ਕੇ ਸਰਵੇਖਣ ਜ਼ਰੂਰ ਕਰਵਾਇਆ ਸੀ ਪਰ ਪਿਛਲੇ ਕਾਫ਼ੀ ਸਮੇਂ ਤੋਂ ਬਹੁਤ ਸਾਰੀਆਂ ਪ੍ਰਾਂਤਕ ਅਤੇ ਸਿਆਸੀ ਪਾਰਟੀਆਂ ਵਲੋਂ ਆਪੋ-ਆਪਣੇ ਕਾਰਨਾਂ ਕਰਕੇ ਜਾਤੀ ਆਧਾਰਿਤ ਜਨਗਣਨਾ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਕੁਝ ਰਾਜਾਂ ਨੇ ਇਸ ਸੰਬੰਧੀ ਸਰਵੇਖਣ ਵੀ ਕਰਵਾਏ ਸਨ ਪਰ ਹੁਣ ਆਪੋ-ਆਪਣੀਆਂ ਮਸਹਲਤਾਂ ਕਾਰਨ ਬਹੁਤੀਆਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ ਜਾਤੀ ਆਧਾਰਤ ਜਨਗਣਨਾ ਦੇ ਹੱਕ ਵਿਚ ਹੋ ਗਏ ਹਨ। ਇਸ ਮੰਗ ਦੇ ਹੱਕ ਵਿਚ ਕਾਂਗਰਸ ਪਾਰਟੀ ਅਤੇ ਨਹਿਰੂ-ਇੰਦਰਾ ਗਾਂਧੀ ਦੇ ਪਰਿਵਾਰ ਦੇ ਫਰਜ਼ੰਦ ਰਾਹੁਲ ਗਾਂਧੀ ਵੀ ਅਵਾਜ਼ ਉਠਾ ਰਹੇ ਹਨ।

ਪਰ ਭਾਜਪਾ ਲਗਾਤਾਰ ਜਾਤੀ ਆਧਾਰਿਤ ਜਨਗਣਨਾ ਦਾ ਵਿਰੋਧ ਕਰਦੀ ਰਹੀ ਹੈ। ਪਰ ਹੁਣ ਉਹ ਕਿਸੇ ਵੀ ਤਰ੍ਹਾਂ ਵਿਰੋਧੀ ਪਾਰਟੀਆਂ ਨੂੰ ਇਸ ਮੰਗ ਦਾ ਸਿਆਸੀ ਫ਼ਾਇਦਾ ਲੈਣ ਤੋਂ ਰੋਕਣਾ ਚਾਹੁੰਦੀ ਹੈ। ਇਸ ਕਰਕੇ ਬਿਹਾਰ ਅਤੇ ਅਗਲੇ ਸਾਲ ਕੁਝ ਹੋਰ ਰਾਜਾਂ ਦੀਆਂ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਭਾਜਪਾ ਅਤੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਵੀ ਇਸ ਸੰਬੰਧੀ ਨਵਾਂ ਮੋੜ ਕੱਟਿਆ ਹੈ ਅਤੇ ਜਾਤੀ ਆਧਾਰਤ ਜਨਗਣਨਾ ਕਰਵਾਉਣ ਲਈ ਹੁੰਗਾਰਾ ਭਰ ਦਿੱਤਾ ਹੈ। ਪਹਿਲਾਂ ਹੀ ਜਾਤ-ਬਰਾਦਰੀਆਂ ਵਿਚ ਵੰਡੇ ਇਸ ਦੇਸ਼ ਵਿਚ ਅਜਿਹੀ ਜਨਗਣਨਾ ਨਾਲ ਵੱਡਾ ਖਿਲਾਰਾ ਅਤੇ ਪਾਟੋ-ਧਾੜ ਵਧਣ ਦੀ ਸ਼ੰਕਾ ਹੈ। ਇਹ ਪਿਟਾਰਾ ਖੁੱਲ੍ਹਣ ਨਾਲ ਨਵੀਆਂ ਤੋਂ ਨਵੀਆਂ ਮੰਗਾਂ ਅਤੇ ਨਵੇਂ ਤੋਂ ਨਵੇਂ ਅੰਦੋਲਨ ਛਿੜਨ ਦੀ ਸੰਭਾਵਨਾ ਬਣਦੀ ਨਜ਼ਰ ਆਉਂਦੀ ਹੈ। ਸੰਵਿਧਾਨ ਅਨੁਸਾਰ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਧਰਮ ਅਤੇ ਬਿਰਾਦਰੀਆਂ ਤੋਂ ਉੱਪਰ ਉੱਠ ਕੇ ਇਕੋ ਜਿਹੇ ਹੱਕ-ਹਕੂਕ ਦੇਣ ਦੀ ਭਾਵਨਾ ਮੱਧਮ ਹੁੰਦੀ ਜਾ ਰਹੀ ਹੈ। ਸਾਲ 2011 ਵਿਚ ਹੋਈ ਜਨਗਣਨਾ ਵਿਚ ਵੀ ਜਾਤੀਆਂ ਅਤੇ ਉਪ ਜਾਤੀਆਂ ਦਾ ਸਰਵੇਖਣ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਸ ਦੇ ਅੰਕੜਿਆਂ ਦੇ ਸਾਹਮਣੇ ਆਉਣ ਨਾਲ ਵੱਡਾ ਰੌਲ-ਘਚੌਲਾ ਪੈਦਾ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਸਨ।

ਇਕ ਅੰਦਾਜ਼ੇ ਅਨੁਸਾਰ ਦੇਸ਼ ਭਰ ਵਿਚ 38 ਲੱਖ ਦੇ ਕਰੀਬ ਜਾਤੀਆਂ ਅਤੇ ਉਪ ਜਾਤੀਆਂ ਹਨ। ਇਨ੍ਹਾਂ ਸੰਬੰਧੀ ਕੋਈ ਰਾਖਵਾਂਕਰਨ ਕਿੰਨਾ ਕੁ ਸਾਰਥਕ ਹੋ ਸਕੇਗਾ? ਬਿਨਾਂ ਸ਼ੱਕ ਦੇਸ਼ ਦੇ ਲੋਕ ਹੋਰ ਵੀ ਅਨੇਕਾਂ ਛੋਟੇ-ਵੱਡੇ ਟੁਕੜਿਆਂ ਵਿਚ ਵੰਡੇ ਜਾਣਗੇ। ਅੰਗਰੇਜ਼ੀ ਰਾਜ ਦੇ ਦੌਰਾਨ 1931 ਵਿਚ ਜਾਤੀ ਆਧਾਰਤ ਜਨਗਣਨਾ ਹੋਈ ਸੀ। ਉਸ ਸਮੇਂ ਸਿਰਫ਼ ਹਿੰਦੂ ਜਾਤੀਆਂ ਦਾ ਅੰਕੜਾ ਹੀ ਦਰਜ ਕੀਤਾ ਗਿਆ ਸੀ। ਸਾਲ 2011 ਵਿਚ ਦੋ ਪੜਾਵਾਂ ਵਿਚ ਜਨਸੰਖਿਆ ਦੇ ਅੰਕੜੇ ਜੁਟਾਏ ਗਏ ਸਨ। ਉਸ ਸਮੇਂ ਦੇਸ਼ ਦੀ ਆਬਾਦੀ 121 ਕਰੋੜ ਦੇ ਕਰੀਬ ਦਰਜ ਕੀਤੀ ਗਈ ਸੀ। ਹਰ 10 ਸਾਲ ਬਾਅਦ ਮਰਦਮਸ਼ੁਮਾਰੀ ਕਰਵਾਈ ਜਾਂਦੀ ਹੈ ਪਰ ਕੋਰੋਨਾ ਕਾਲ ਦੇ ਆਉਣ ਕਾਰਨ ਇਸ ਨੂੰ ਟਾਲ ਦਿੱਤਾ ਗਿਆ ਸੀ। ਪਰ ਹੁਣ ਇਹ ਜਨਗਣਨਾ ਮਿੱਥੇ ਸਮੇਂ ਤੋਂ 5 ਸਾਲ ਬਾਅਦ ਕਰਵਾਈ ਜਾ ਰਹੀ ਹੈ, ਜਿਸ ਦੀ ਕਵਾਇਦ ਆਉਂਦੀ 26 ਅਕਤੂਬਰ ਤੋਂ ਸ਼ੁਰੂ ਕੀਤੀ ਜਾਏਗੀ। ਇਸ ਵਾਰ 16 ਸਾਲ ਬਾਅਦ ਹੋ ਰਹੀ ਮਰਦਮਸ਼ੁਮਾਰੀ ਵਿਚ ਜਾਤੀ ਆਧਾਰਤ ਜਾਣਕਾਰੀ ਵੀ ਸ਼ਾਮਿਲ ਕੀਤੀ ਜਾਏਗੀ। ਚਾਹੇ ਇਸ ਵਾਰ ਇਹ ਮਰਦਮਸ਼ੁਮਾਰੀ ਆਧੁਨਿਕ ਡਿਜੀਟਲ ਸਾਧਨਾਂ ਰਾਹੀਂ ਕਰਵਾਈ ਜਾਏਗੀ ਪਰ ਇਸ ਨੂੰ ਕਰੀਬ 3 ਸਾਲ ਦਾ ਸਮਾਂ ਲੱਗੇਗਾ ਅਤੇ ਆਖ਼ਰੀ ਅੰਕੜੇ ਸਾਲ 2030 ਦੇ ਕਰੀਬ ਪ੍ਰਕਾਸ਼ਿਤ ਕੀਤੇ ਜਾਣਗੇ। ਇਸ ਦਾ ਮਤਲਬ ਇਹ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਜੋ ਸਾਲ 2029 ਵਿਚ ਹੋਣਗੀਆਂ, ਉਸ ਤੋਂ ਬਾਅਦ ਹੀ ਇਹ ਅੰਕੜੇ ਸਾਹਮਣੇ ਆਉਣਗੇ। ਪਹਾੜੀ ਰਾਜਾਂ ਨੂੰ ਛੱਡ ਕੇ ਬਾਕੀ ਸੂਬਿਆਂ ਵਿਚ ਘਰ-ਘਰ ਜਾ ਕੇ ਗਿਣਤੀ ਦਾ ਕੰਮ 9 ਫਰਵਰੀ, 2028 ਤੋਂ ਸ਼ੁਰੂ ਕੀਤਾ ਜਾਏਗਾ।

ਕਈ ਵਿਰੋਧੀ ਪਾਰਟੀਆਂ ਵਲੋਂ ਕੀਤੀ ਜਾ ਰਹੀ ਇਸ ਮੰਗ ਨੂੰ ਮੰਨ ਕੇ ਭਾਜਪਾ ਨੇ ਇਕ ਵਾਰ ਤਾਂ ਵਿਰੋਧੀ ਪਾਰਟੀਆਂ ਤੋਂ ਇਹ ਮੁੱਦਾ ਖੋਹ ਲਿਆ ਹੈ, ਪਰ ਇਸ ਨਾਲ ਜਿਸ ਤਰ੍ਹਾਂ ਦਾ ਖਿਲਾਰਾ ਪਵੇਗਾ, ਉਸ ਨੂੰ ਕਿਸੇ ਵੀ ਸਰਕਾਰ ਲਈ ਸਾਂਭ ਸਕਣਾ ਸ਼ਾਇਦ ਬੇਹੱਦ ਮੁਸ਼ਕਿਲ ਹੋਵੇਗਾ। ਸਰਕਾਰ ਲਈ ਇਹ ਵੀ ਇਕ ਵੱਡੀ ਚੁਣੌਤੀ ਹੋਵੇਗੀ ਕਿ ਲੱਖਾਂ ਜਾਤੀਆਂ ਵਿਚ ਵੰਡੇ ਲੋਕਾਂ ਸੰਬੰਧੀ ਸਟੀਕ ਅੰਕੜੇ ਕਿਵੇਂ ਇਕੱਠੇ ਕੀਤੇ ਜਾਣ ਅਤੇ ਇਨ੍ਹਾਂ ਸਭ ਲਈ ਸਿੱਖਿਆ ਤੇ ਰੁਜ਼ਗਾਰ ਦੇ ਖੇਤਰ ਵਿਚ ਰਾਖਵਾਂਕਰਨ ਕਿਵੇਂ ਲਾਗੂ ਕੀਤਾ ਜਾਵੇ? ਸਰਕਾਰ ਨੂੰ ਇਹ ਵੀ ਦੇਖਣਾ ਪਵੇਗਾ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਬਿਆਨਬਾਜ਼ੀ ਨਾਲ ਜਾਤੀਆਂ ਦੇ ਆਧਾਰ 'ਤੇ ਦੇਸ਼ ਦੇ ਲੋਕਾਂ ਵਿਚ ਕੁੜੱਤਣ ਨਾ ਵਧੇ।

# ਜੰਗਬੰਦੀ: ਟਰੰਪ ਦੇ ਦਾਅਵਿਆਂ ਦੀ ਪੜਤਾਲ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਕਰਾਉਣ ਦੇ ਦਾਅਵੇ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਭਾਰਤ ਨੇ ਭਾਵੇਂ ਉਨ੍ਹਾਂ ਦੇ ਦਾਅਵੇ ਦਾ ਖੰਡਨ ਕੀਤਾ ਹੈ ਪਰ ਟਰੰਪ ਵਾਰ-ਵਾਰ ਆਖ ਰਹੇ ਹਨ ਕਿ ਉਨ੍ਹਾਂ ਦੋਵਾਂ ਦੇਸ਼ਾਂ ਦਰਮਿਆਨ ਜੰਗ ਭੜਕਣ ਤੋਂ ਰੋਕਣ ਵਿੱਚ ਮਦਦ ਕੀਤੀ। 30 ਮਈ ਨੂੰ ਉਨ੍ਹਾਂ ਕਿਹਾ, "ਮੇਰਾ ਖ਼ਿਆਲ ਹੈ ਕਿ ਮੈਨੂੰ ਜਿਹੜਾ ਸਮਝੌਤਾ ਕਰਾਉਣ ਦਾ ਸਭ ਤੋਂ ਵੱਧ ਮਾਣ ਹੈ, ਉਹ ਇਹ ਤੱਥ ਹੈ ਕਿ ਅਸੀਂ ਭਾਰਤ ਨਾਲ ਸਿੱਝ ਰਹੇ ਹਾਂ, ਅਸੀਂ ਪਾਕਿਸਤਾਨ ਨਾਲ ਸਿੱਝ ਰਹੇ ਹਾਂ ਅਤੇ ਅਸੀਂ ਗੋਲੀਆਂ ਦੀ ਬਜਾਏ ਵਪਾਰ ਦੇ ਜ਼ਰੀਏ ਪਰਮਾਣੂ ਯੁੱਧ ਭੜਕਣ ਤੋਂ ਰੋਕਣ ਵਿੱਚ ਕਾਮਯਾਬ ਹੋ ਗਏ ਹਾਂ।




ਇਸ ਟਿੱਪਣੀ ਵਿੱਚ 10 ਮਈ ਨੂੰ ਐਲਾਨੀ ਜੰਗਬੰਦੀ ਬਾਰੇ ਉਨ੍ਹਾਂ ਦੇ ਤਿੰਨ ਦਾਅਵੇ ਸ਼ਾਮਿਲ ਹਨ। ਇੱਕ ਇਹ ਕਿ ਜੰਗਬੰਦੀ ਲਈ ਉਹ ਜ਼ਿੰਮੇਵਾਰ ਹਨ; ਦੂਜਾ, ਇਸ ਟਕਰਾਅ ਕਰ ਕੇ ਪਰਮਾਣੂ ਯੁੱਧ ਛਿੜ ਸਕਦਾ ਸੀ; ਤੇ ਤੀਜਾ, ਉਨ੍ਹਾਂ ਨੇ ਦੋਵਾਂ ਦੇਸ਼ਾਂ ਨਾਲ ਵਪਾਰਕ ਸਬੰਧ ਖ਼ਤਮ ਕਰਨ ਦੀ ਧਮਕੀ ਦਿੱਤੀ ਸੀ ਜਿਸ ਕਰ ਕੇ ਦੋਵੇਂ ਦੇਸ਼ ਜੰਗਬੰਦੀ ਲਈ ਰਾਜ਼ੀ ਹੋ ਸਕੇ ਸਨ।

ਭਾਰਤ ਨੇ ਇਹ ਆਖਿਆ ਸੀ ਕਿ ਟਕਰਾਅ ਉਦੋਂ ਖ਼ਤਮ ਹੋਇਆ ਜਦੋਂ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨਜ਼ (ਡੀਜੀਐੱਮਓ) ਨੇ 10 ਮਈ ਨੂੰ ਆਪਣੇ ਭਾਰਤੀ ਹਮਰੁਤਬਾ ਨਾਲ ਫੋਨ 'ਤੇ ਗੱਲਬਾਤ ਕੀਤੀ ਸੀ। ਇਸ ਗੱਲਬਾਤ ਦੌਰਾਨ ਦੋਵੇਂ ਡੀਜੀਐੱਮਓਜ਼ ਉਸੇ ਦਿਨ ਸ਼ਾਮ ਨੂੰ ਪੰਜ ਵਜੇ ਤੋਂ ਬਾਅਦ ਸਾਰੀਆਂ ਫ਼ੌਜੀ ਕਾਰਵਾਈਆਂ ਬੰਦ ਕਰਨ ਲਈ ਸਹਿਮਤ ਹੋਏ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੱਸ਼ਟ ਕੀਤਾ ਸੀ ਕਿ 'ਅਪਰੇਸ਼ਨ ਸਿੰਧੂਰ' ਸਿਰਫ਼ ਰੋਕਿਆ ਗਿਆ ਹੈ; ਭਾਰਤ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਸੀ ਕਿ ਟਕਰਾਅ ਰਵਾਇਤੀ ਖੇਤਰ ਵਿੱਚ ਰਿਹਾ ਸੀ ਤੇ ਪਾਕਿਸਤਾਨ ਨੇ ਪਰਮਾਣੂ ਹਥਿਆਰ ਵਰਤਣ ਦਾ ਕੋਈ ਸੰਕੇਤ ਨਹੀਂ ਦਿੱਤਾ ਸੀ।

ਅਹਿਮ ਗੱਲ ਇਹ ਹੈ ਕਿ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ 13 ਮਈ ਨੂੰ ਆਖਿਆ ਸੀ, "7 ਮਈ ਨੂੰ ਜਦੋਂ 'ਅਪਰੇਸ਼ਨ ਸਿੰਧੂਰ' ਸ਼ੁਰੂ ਕੀਤਾ ਗਿਆ ਸੀ, ਉਦੋਂ ਤੋਂ ਹੀ ਭਾਰਤੀ ਤੇ ਅਮਰੀਕੀ ਆਗੂਆਂ ਵਿਚਕਾਰ ਫ਼ੌਜੀ ਸਥਿਤੀ ਨੂੰ ਲੈ ਕੇ ਵਿਚਾਰ ਚਰਚਾ ਹੁੰਦੀ ਰਹੀ ਸੀ। ਇਨ੍ਹਾਂ ਵਾਰਤਾਵਾਂ ਵਿੱਚ ਵਪਾਰ ਦਾ ਮੁੱਦਾ ਨਹੀਂ ਆਇਆ।" ਜਦੋਂ ਉਨ੍ਹਾਂ ਦੇ ਧਿਆਨ ਵਿੱਚ 29 ਮਈ ਨੂੰ ਅਮਰੀਕੀ ਕਾਮਰਸ ਮੰਤਰੀ ਹਾਵਰਡ ਲੁਟਨਿਕ ਦਾ ਅਮਰੀਕੀ ਅਦਾਲਤ ਵਿੱਚ ਕੀਤਾ ਇਹ ਐਲਾਨ ਲਿਆਂਦਾ ਗਿਆ ਕਿ ਟਰੰਪ ਨੇ ਜੰਗਬੰਦੀ ਕਰਾਉਣ ਲਈ ਵਪਾਰ ਦਾ ਹਵਾਲਾ ਦਿੱਤਾ ਸੀ ਤਾਂ ਤਰਜਮਾਨ ਨੇ ਆਖਿਆ, "ਮੈਨੂੰ ਆਸ ਹੈ ਕਿ ਤੁਸੀਂ ਅਦਾਲਤ ਦਾ ਫ਼ੈਸਲਾ ਵੀ ਦੇਖਿਆ ਹੋਵੇਗਾ।" ਇਸ ਤੋਂ ਬਾਅਦ ਸ੍ਰੀ ਜੈਸਵਾਲ ਨੇ 13 ਮਈ ਵਾਲੀ ਆਪਣੀ ਟਿੱਪਣੀ ਦੁਹਰਾਅ ਦਿੱਤੀ ਸੀ। ਅਦਾਲਤ ਦੇ ਫ਼ੈਸਲੇ 'ਤੇ ਉਨ੍ਹਾਂ ਦੀ ਟਿੱਪਣੀ ਜਲਦਬਾਜ਼ੀ ਵਾਲੀ ਸੀ ਕਿਉਂਕਿ ਉੱਪਰਲੀ ਅਦਾਲਤ ਨੇ 29 ਮਈ ਨੂੰ ਹੀ ਉਸ ਹੁਕਮ ਉੱਪਰ ਰੋਕ ਲਗਾ ਦਿੱਤੀ ਸੀ। ਤਰਜਮਾਨ ਨੂੰ ਆਪਣੇ ਦੇਸ਼ ਦੀ ਪੁਜ਼ੀਸ਼ਨ ਬਿਆਨ ਕਰਨ ਲਈ ਹੇਠਲੀ ਅਦਾਲਤ ਦੇ ਫ਼ੈਸਲੇ 'ਤੇ ਮੁਨੱਸਰ ਨਹੀਂ ਰਹਿਣਾ ਚਾਹੀਦਾ ਸੀ।

ਪਾਕਿਸਤਾਨ ਨੇ ਆਖਿਆ ਹੈ ਕਿ ਜੰਗਬੰਦੀ ਕਈ ਦੇਸ਼ਾਂ ਦੇ ਦਖ਼ਲ ਦਾ ਸਿੱਟਾ ਸੀ। ਪਿਛਲੇ ਹਫ਼ਤੇ ਸਿੰਗਾਪੁਰ ਵਿੱਚ ਸ਼ੰਗਰੀ-ਲਾ ਡਾਇਲਾਗ ਦੌਰਾਨ ਪਾਕਿਸਤਾਨ ਦੀਆਂ ਤਿੰਨੇ ਸੈਨਾਵਾਂ ਦੇ ਮੁਖੀ ਜਨਰਲ ਸਾਹਿਰ ਸ਼ਮਸ਼ਾਦ ਮਿਰਜ਼ਾ ਨੇ ਇਸ ਪ੍ਰਸੰਗ ਵਿੱਚ ਛੇ ਦੇਸ਼ਾਂ ਅਮਰੀਕਾ, ਬਰਤਾਨੀਆ, ਯੂਏਈ, ਸਾਊਦੀ ਅਰਬ, ਤੁਰਕੀ ਤੇ ਚੀਨ ਦੇ ਨਾਂ ਗਿਣਾਏ ਸਨ। ਇਸ ਨਾਲ ਟਰੰਪ ਬਿਲਕੁਲ ਖ਼ੁਸ਼ ਨਹੀਂ ਹੋਏ ਹੋਣਗੇ ਜੋ ਇਸ ਤਰ੍ਹਾਂ ਦੀ ਬਿਹਤਰੀਨ ਸੰਧੀ ਦਾ ਸਾਰਾ ਸਿਹਰਾ ਆਪਣੇ ਸਿਰ ਬੰਨ੍ਹਣਾ ਚਾਹੁੰਦੇ ਹਨ।

ਇਸਲਾਮਾਬਾਦ ਨੇ ਇਹ ਨਹੀਂ ਕਿਹਾ ਕਿ ਲੜਾਈ ਰਵਾਇਤੀ ਪੜਾਅ ਤੋਂ ਅੱਗੇ ਵਧਣ ਦਾ ਖ਼ਤਰਾ ਸੀ, ਪਰ ਹੁਣ ਇਸ ਨੇ ਆਪਣਾ ਵਿਆਪਕ ਫ਼ਿਕਰ ਦੁਹਰਾਇਆ ਹੈ ਕਿ ਜੇ ਵਿਦੇਸ਼ੀ ਤਾਕਤਾਂ ਨੂੰ ਦਖ਼ਲ ਦੇਣ ਦਾ ਢੁੱਕਵਾਂ ਸਮਾਂ ਨਾ ਮਿਲਦਾ ਤਾਂ ਭਾਰਤ

ਵਿਵੇਕ ਕਾਟਜੂ

ਦੀਆਂ ਗਤੀਮਾਨ ਕਾਰਵਾਈਆਂ ਪਰਮਾਣੂ ਹਥਿਆਰਾਂ ਦੇ ਪਾਰ ਹੋਣ ਦਾ ਕਾਰਨ ਬਣ ਸਕਦੀਆਂ ਸਨ। ਜੰਗਬੰਦੀ ਨਾ ਹੋਣ ਦੀ ਸੂਰਤ ਵਿੱਚ ਟਰੰਪ ਦੇ ਵਪਾਰਕ ਰਿਸ਼ਤੇ ਖ਼ਤਮ ਕਰਨ ਦੀ ਦਿੱਤੀ ਧਮਕੀ ਦੇ ਦਾਅਵੇ ਸਬੰਧੀ ਵੀ ਪਾਕਿਸਤਾਨ ਨੇ ਕੋਈ ਟਿੱਪਣੀ ਨਹੀਂ ਕੀਤੀ ਜਦੋਂਕਿ ਪਾਕਿਸਤਾਨ-ਅਮਰੀਕਾ ਵਪਾਰਕ ਗੱਲਬਾਤ ਵੀ ਸ਼ੁਰੂ ਹੋਣ ਵਾਲੀ ਹੈ।

ਟਰੰਪ ਪ੍ਰਸ਼ਾਸਨ ਨੇ ਆਖ਼ਿਰ ਵਪਾਰਕ ਮੁੱਦੇ ਉੱਤੇ ਭਾਰਤੀ ਸੰਵੇਦਨਾਵਾਂ ਪ੍ਰਤੀ ਇਹੋ ਜਿਹਾ ਤਿਰਸਕਾਰ ਕਿਉਂ ਪ੍ਰਗਟ ਕੀਤਾ ਕਿ 23 ਮਈ ਨੂੰ ਅਮਰੀਕੀ ਅਦਾਲਤ ਵਿੱਚ ਲੁਟਨਿਕ ਵੱਲੋਂ ਪੇਸ਼ ਕੀਤੇ ਗਏ ਹਲਫ਼ਨਾਮੇ ਵਿੱਚ ਵੀ ਇਸ ਨੂੰ ਸ਼ਾਮਿਲ ਕਰ ਲਿਆ? ਇਹ ਕੇਸ ਟਰੰਪ ਦੀਆਂ ਟੈਰਿਫ ਨੀਤੀਆਂ ਨੂੰ ਮਿਲੀ ਕਾਨੂੰਨੀ ਚੁਣੌਤੀ ਨਾਲ ਸਬੰਧਿਤ ਹੈ ਜਿਨ੍ਹਾਂ ਨੀਤੀਆਂ ਨੂੰ ਉਹ ਆਪਣੇ ਦੇਸ਼ ਦੇ ਕੌਮਾਂਤਰੀ ਐਮਰਜੈਂਸੀ ਵਿੱਤੀ ਸ਼ਕਤੀਆਂ ਐਕਟ (ਆਈਈਈਪੀਏ) ਤਹਿਤ ਜਾਇਜ਼ ਠਹਿਰਾਉਂਦਾ ਹੈ।

ਤਕਨੀਕੀ ਤੌਰ 'ਤੇ ਇਹ ਲੁਟਨਿਕ ਦਾ ਐਲਾਨਨਾਮਾ ਹੈ, ਪਰ ਜਿਵੇਂ ਉਹ ਦੱਸਦਾ ਹੈ ਕਿ ਉਸ ਨੇ ਅਜਿਹਾ "ਝੂਠੀ ਗਵਾਹੀ ਦੇ ਜੁਰਮਾਨੇ ਅਧੀਨ" ਕੀਤਾ ਹੈ, ਇਹ ਹਲਫ਼ਨਾਮੇ ਤੋਂ ਵੱਧ ਕੁਝ ਨਹੀਂ ਹੈ। ਮੇਰਾ ਕੂਟਨੀਤਕ ਅਨੁਭਵ ਦੱਸਦਾ ਹੈ ਕਿ ਇਹ ਕਿਸੇ ਦੇਸ਼ ਲਈ ਬਹੁਤ ਵੱਡੀ ਗੱਲ ਹੈ ਕਿ ਉਹ ਜੰਗਬੰਦੀ ਕਰਵਾਉਣ ਲਈ ਰਾਜਨੀਤਕ ਬਿਆਨ ਨੂੰ ਕਾਨੂੰਨੀ ਦਸਤਾਵੇਜ਼ ਵਿੱਚ ਬਦਲੇ, ਜਿਵੇਂ ਟਰੰਪ ਨੇ ਆਪਣੇ ਬਿਆਨ 'ਚ ਕਿਹਾ ਹੈ ਕਿ ਉਸ ਨੇ ਜੰਗਬੰਦੀ ਲਈ ਵਪਾਰਕ ਰੋਕਾਂ ਲਾਉਣ ਦੀ ਧਮਕੀ ਦਿੱਤੀ ਸੀ; ਇਸ ਦਾ ਭਾਵ ਇਹ ਹੈ ਕਿ ਅਮਰੀਕਾ ਇਸ ਮੁੱਦੇ 'ਤੇ ਰਾਸ਼ਟਰਪਤੀ ਦੇ ਦਾਅਵੇ ਤੋਂ ਪਿੱਛੇ ਨਹੀਂ ਹਟ ਸਕਦਾ। ਟਰੰਪ ਲਾਪਰਵਾਹੀ ਨਾਲ ਗੱਲ ਕਰਦਾ ਹੈ ਅਤੇ ਅਕਸਰ ਆਪਣੇ ਹੀ ਬਿਆਨਾਂ ਦਾ ਖੰਡਨ ਕਰਦਾ ਹੈ ਪਰ ਕਿਸੇ ਕਾਨੂੰਨੀ ਦਸਤਾਵੇਜ਼ ਨਾਲ ਛੇੜਛਾੜ ਨਹੀਂ ਕੀਤੀ ਜਾਣੀ ਚਾਹੀਦੀ। ਇਹ ਅਮਰੀਕਾ ਨੂੰ ਇਸ ਮਾਮਲੇ 'ਤੇ ਭਾਰਤ ਦੇ ਰੁਖ਼ ਨਾਲ ਟਕਰਾਅ ਵਿੱਚ ਪਾਉਂਦਾ ਹੈ, ਅਜਿਹੇ ਸਮੇਂ ਜਦੋਂ ਦੋਵੇਂ ਦੇਸ਼ ਵਪਾਰਕ ਸੌਦੇ 'ਤੇ ਗੱਲਬਾਤ ਕਰ ਰਹੇ ਹਨ।

ਟਰੰਪ ਦੀ ਵਪਾਰਕ ਧਮਕੀ 'ਤੇ ਭਾਰਤ-ਅਮਰੀਕਾ ਦੇ ਮਤਭੇਦਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਲੁਟਨਿਕ ਦੇ ਹਲਫ਼ਨਾਮੇ ਦੇ ਵੇਰਵਿਆਂ 'ਤੇ ਧਿਆਨ ਦੇਣਾ ਬਣਦਾ ਹੈ। ਇਹ ਜ਼ੋਰ ਦਿੰਦਿਆਂ ਕਿ ਆਈਈਈਪੀਏ ਤਹਿਤ ਰਾਸ਼ਟਰਪਤੀ ਦੀਆਂ ਸ਼ਕਤੀਆਂ 'ਚ ਕਿਸੇ ਵੀ ਤਰ੍ਹਾਂ ਦੀ ਕਮੀ, ਅਮਰੀਕੀ ਸੁਰੱਖਿਆ ਹਿੱਤਾਂ ਤੇ ਵਿਦੇਸ਼ ਨੀਤੀ 'ਤੇ ਬੁਰਾ ਪ੍ਰਭਾਵ ਪਾਵੇਗੀ, ਲੁਟਨਿਕ ਨੇ ਕਿਹਾ: "ਅਜਿਹਾ ਫ਼ੈਸਲਾ ਜੋ ਆਈਈਈਪੀਏ ਨੂੰ ਸੀਮਤ ਕਰਦਾ ਹੈ, ਹਰ ਉਸ ਖੇਤਰ ਵਿੱਚ ਹਲਚਲ ਪੈਦਾ ਕਰੇਗਾ ਜਿੱਥੇ ਆਰਥਿਕ ਸਾਧਨਾਂ ਦੀ ਵਰਤੋਂ ਰਣਨੀਤਕ ਪ੍ਰਭਾਵ ਲਈ ਕੀਤੀ ਜਾਂਦੀ ਹੈ। ਉਦਾਹਰਨ ਲਈ, ਭਾਰਤ ਅਤੇ ਪਾਕਿਸਤਾਨ (ਦੋ ਪਰਮਾਣੂ ਸ਼ਕਤੀਆਂ, ਜਿਨ੍ਹਾਂ ਨੇ ਸਿਰਫ਼ 13 ਦਿਨ ਪਹਿਲਾਂ ਇੱਕ-ਦੂਜੇ ਖ਼ਿਲਾਫ਼ ਜੰਗੀ ਕਾਰਵਾਈਆਂ ਕੀਤੀਆਂ) ਨੇ 10 ਮਈ ਨੂੰ ਅਸਥਿਰ ਜੰਗਬੰਦੀ ਕੀਤੀ।

ਲੁਟਨਿਕ ਨੇ ਅੱਗੇ ਕਿਹਾ: "ਜੰਗਬੰਦੀ ਸਿਰਫ਼ ਉਦੋਂ ਹੋਈ ਜਦੋਂ ਰਾਸ਼ਟਰਪਤੀ ਟਰੰਪ ਨੇ ਦਖ਼ਲ ਦਿੱਤਾ ਤੇ ਲੜਾਈ ਨੂੰ ਪੂਰੀ ਤਰ੍ਹਾਂ ਟਾਲਣ ਲਈ ਦੋਵਾਂ ਦੇਸ਼ਾਂ ਨੂੰ ਅਮਰੀਕਾ ਨਾਲ ਕਾਰੋਬਾਰੀ ਪਹੁੰਚ ਵਧਾਉਣ ਦੀ ਪੇਸ਼ਕਸ਼ ਕੀਤੀ। ਇਸ ਮਾਮਲੇ 'ਚ ਰਾਸ਼ਟਰਪਤੀ ਦੀ ਤਾਕਤ ਨੂੰ ਸੀਮਤ ਕਰਨ ਵਾਲਾ ਮਾੜਾ ਫ਼ੈਸਲਾ ਭਾਰਤ ਅਤੇ ਪਾਕਿਸਤਾਨ ਨੂੰ ਇਸ ਪੇਸ਼ਕਸ਼ ਦੀ ਵਾਜਬੀਅਤ 'ਤੇ ਸਵਾਲ ਉਠਾਉਣ ਦਾ ਮੌਕਾ ਦੇ ਸਕਦਾ ਹੈ, ਜਿਸ ਨਾਲ ਪੂਰੇ ਖੇਤਰ ਦੀ ਸੁਰੱਖਿਆ ਅਤੇ ਲੱਖਾਂ ਲੋਕਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ।

ਲੁਟਨਿਕ ਦੇ ਬਿਆਨ ਬਾਰੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ 29 ਮਈ ਨੂੰ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਗੁੱਸੇ 'ਚ ਕਿਹਾ, "ਮੈਂ ਆਪਣੀ ਸਥਿਤੀ ਦੱਸੀ ਹੈ ਅਤੇ ਜਦੋਂ ਮੈਂ ਆਪਣੀ ਸਥਿਤੀ ਦੱਸਦਾ ਹਾਂ ਤਾਂ ਮੈਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਜੋਂ ਦੋਵੇਂ ਪਾਸੇ ਝੰਡੇ ਲਾ ਕੇ ਅਜਿਹਾ ਕਰਦਾ ਹਾਂ। ਇਸ ਦਾ ਕੋਈ ਪ੍ਰਭਾਵ ਹੈ, ਇਸ ਦਾ ਖਾਸ ਮਤਲਬ ਹੈ।

ਬੇਸ਼ੱਕ, ਇਸ ਦਾ ਖਾਸ ਮਤਲਬ ਹੈ ਜੇਕਰ ਮੋਦੀ ਸਰਕਾਰ ਰਸਮੀ ਤੌਰ 'ਤੇ ਇਹ ਦਾਅਵਾ ਕਰ ਰਹੀ ਹੈ ਕਿ ਅਮਰੀਕੀ ਵਣਜ ਮੰਤਰੀ ਨੇ ਅਮਰੀਕੀ ਅਦਾਲਤ ਵਿੱਚ "ਝੂਠੀ ਗਵਾਹੀ ਦੇ ਜੁਰਮਾਨੇ ਅਧੀਨ" ਗ਼ਲਤ ਹਲਫ਼ਨਾਮਾ ਦਿੱਤਾ ਹੈ। ਜੇਕਰ ਇਹ ਮਾਮਲਾ ਅਮਰੀਕਾ ਵਿੱਚ ਤੂਲ ਫੜਦਾ ਹੈ ਤਾਂ ਇਸ ਦੇ ਹੋਰ ਵੀ ਬਹੁਤ ਮਤਲਬ ਨਿਕਲਣਗੇ।

ਜਿੱਥੇ ਤੱਕ ਭਾਰਤ ਦਾ ਸਵਾਲ ਹੈ, ਇਹ ਅਪਰੇਸ਼ਨ ਸਿੰਧੂਰ ਤੋਂ ਬਾਅਦ ਟਰੰਪ ਦੀਆਂ ਕਾਰਵਾਈਆਂ ਤੇ ਬਿਆਨਾਂ ਤੋਂ ਨਿਰਾਸ਼ ਹੋਏ ਬਿਨਾਂ ਨਹੀਂ ਰਹਿ ਸਕਦਾ। ਸੰਨ 1964 ਦੀ ਮਸ਼ਹੂਰ ਫਿਲਮ 'ਸੰਗਮ' ਦਾ ਪ੍ਰਸਿੱਧ ਗੀਤ 'ਦੋਸਤ ਦੋਸਤ ਨਾ ਰਹਾ' ਸ਼ਾਇਦ ਦਿੱਲੀ ਦੇ ਮੌਜੂਦਾ ਮੂਡ ਨੂੰ ਸਭ ਤੋਂ ਵਧੀਆ ਢੰਗ ਨਾਲ ਦਰਸਾਉਂਦਾ ਹੈ ਅਤੇ 'ਹਾਓਡੀ ਮੋਦੀ' ਤੇ 'ਨਮਸਤੇ ਟਰੰਪ' ਦੇ ਦਿਨ ਹੁਣ ਬਸ ਪੁਰਾਣੀ ਯਾਦ ਬਣ ਕੇ ਰਹਿ ਗਏ ਹਨ।

***ਲੇਖਕ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਸਾਬਕਾ ਸਕੱਤਰ ਹਨ।**

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਜੇ ਐਲਨ ਮਸਕ ਡੈਮੋਕ੍ਰੇਟਿਕ ਉਮੀਦਵਾਰਾਂ ਨੂੰ ਫੰਡ ਦਿੰਦਾ ਹੈ ਤਾਂ ਉਸ ਨੂੰ 'ਬਹੁਤ ਗੰਭੀਰ ਨਤੀਜੇ' ਭੁਗਤਣੇ ਪੈਣਗੇ-ਟਰੰਪ

ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਕਿਹਾ ਕਿ ਜੇਕਰ ਐਲਨ ਮਸਕ ਡੈਮੋਕ੍ਰੇਟਿਕ ਉਮੀਦਵਾਰਾਂ ਨੂੰ ਰਿਪਬਲਿਕਨਾਂ ਦੇ ਵਿਰੁੱਧ ਚੋਣ ਲੜਨ ਲਈ ਫੰਡ ਦਿੰਦੇ ਹਨ ਜੋ ਜੀ. ਓ. ਪੀ. ਦੇ ਵਿਆਪਕ ਬਜਟ ਬਿੱਲ ਦੇ ਹੱਕ ਵਿਚ ਵੋਟ ਪਾਉਂਦੇ ਹਨ ਤਾਂ ਉਸ ਨੂੰ ਬਹੁਤ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਪਰ ਉਸ ਨੇ ਇਹ ਸਾਫ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਹ ਕਿਹੜੇ ਨਤੀਜੇ ਹੋਣਗੇ। ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਉਹ ਇਸ ਹਫ਼ਤੇ ਦੇ ਸ਼ੁਰੂ ਵਿਚ ਉਨ੍ਹਾਂ ਦੋਹਾਂ ਦਰਮਿਆਨ ਹੋਏ ਝਗੜੇ ਤੋਂ ਬਾਅਦ ਮਸਕ ਨਾਲ ਆਪਣੇ ਰਿਸ਼ਤੇ ਨੂੰ ਸੁਧਾਰਨ ਦੀ ਕੋਈ ਇੱਛਾ ਨਹੀਂ ਰੱਖਦਾ। ਇਹ ਪੁੱਛੇ ਜਾਣ 'ਤੇ ਕਿ ਕੀ ਉਸਨੂੰ ਲੱਗਦਾ ਹੈ ਕਿ ਟੇਸਲਾ ਤੇ ਸਪੇਸਐਕਸ ਦੇ ਸੀ.ਈ.ਓ. ਨਾਲ ਉਸਦੇ ਰਿਸ਼ਤੇ ਖਤਮ ਹੋ ਗਏ ਹਨ, ਟਰੰਪ ਨੇ ਕਿਹਾ 'ਹਾਂ'। 'ਟਰੰਪ ਦੀਆਂ ਟਿੱਪਣੀਆਂ ਸਭ ਤੋਂ ਵੱਧ ਖਤਰਨਾਕ ਸਨ ਹਾਲਾਂਕਿ ਉਸ ਨੇ ਉਸਨੇ ਮਸਕ 'ਤੇ ਇਸ ਹਫ਼ਤੇ ਦੇ ਸ਼ੁਰੂ ਵਿਚ 'ਐਕਸ' ਤੇ 'ਟਰੂਥ ਸੋਸ਼ਲ 'ਤੇ ਧਮਕੀਆਂ ਤੇ ਹਮਲਿਆਂ ਦਾ ਆਦਾਨ-ਪ੍ਰਦਾਨ ਕੀਤਾ ਸੀ। ਟਰੰਪ ਨੇ ਕਿਹਾ ਕਿ ਉਸਦੀ ਮਸਕ ਨਾਲ ਗੱਲ ਕਰਨ ਦੀ ਕੋਈ ਯੋਜਨਾ ਨਹੀਂ ਹੈ ਤੇ ਇਹ ਵੀ ਸਪੱਸ਼ਟ ਕੀਤਾ ਕਿ ਮੈਂ ਹੋਰ ਬਹੁਤ ਕੁਝ ਕਰਨ ਵਿਚ ਬਹੁਤ ਰੁੱਝਿਆ ਹੋਇਆ ਹਾਂ ਮੇਰਾ ਉਸ ਨਾਲ ਗੱਲ ਕਰਨ ਦਾ ਕੋਈ ਇਰਾਦਾ ਨਹੀਂ ਹੈ। ਟਰੰਪ ਨੇ ਮਸਕ 'ਤੇ 'ਰਾਸ਼ਟਰਪਤੀ ਦੇ ਅਹੁਦੇ ਦਾ ਨਿਰਾਦਰ ਕਰਨ' ਦਾ ਵੀ ਦੋਸ਼ ਲਗਾਇਆ। ਉਸਨੇ ਸਖਤ ਲਹਿਜੇ ਵਿਚ ਕਿਹਾ ਬਹੁਤ ਮਾੜੀ ਗੱਲ ਹੈ, ਕਿਉਂਕਿ ਉਹ ਰਾਸ਼ਟਰਪਤੀ ਦੇ ਅਹੁਦੇ ਦਾ ਨਿਰਾਦਰ ਨਹੀਂ ਕਰਨ ਦੀ ਹਿੰਮਤ ਕਰ ਰਿਹੈ। ਮਸਕ ਨੇ ਰਾਸ਼ਟਰਪਤੀ ਦੇ ਖਿਲਾਫ 'ਐਕਸ' 'ਤੇ ਪੋਸਟਾਂ ਦੀ ਇੱਕ ਲੜੀ ਸ਼ੁਰੂ ਕੀਤੀ, ਜਿਸ ਵਿਚ ਰਾਸ਼ਟਰਪਤੀ ਤੇ ਮਰਹੂਮ ਸੈਕਸ ਅਪਰਾਧੀ ਜੈਫਰੀ ਐਪਸਟਾਈਨ ਵਿਚਕਾਰ ਇੱਕ ਸਮੇਂ ਦੇ ਸਬੰਧਾਂ ਨੂੰ ਉਜਾਗਰ ਕਰਨ ਵਾਲੀ ਇੱਕ ਹੁਣ-ਮਿਟਾਈ ਗਈ ਪੋਸਟ ਵੀ ਸ਼ਾਮਿਲ ਹੈ। ਓਵਲ ਦਫਤਰ ਵਿਚ, ਟਰੰਪ ਨੇ ਮਸਕ ਦੀਆਂ ਆਲੋਚਨਾਵਾਂ ਦਾ ਜਵਾਬ ਦਿੰਦੇ ਹੋਏ ਪੱਤਰਕਾਰਾਂ ਨੂੰ ਕਿਹਾ ਕਿ ਮੈਂ ਬਹੁਤ ਨਿਰਾਸ਼ ਹਾਂ ਕਿਉਂਕਿ ਐਲਨ 'ਬਿਊਟੀਫੁੱਲ ਬਿੱਲ' ਦੇ ਅੰਦਰੂਨੀ ਕੰਮਕਾਜ ਨੂੰ ਜਾਣਦਾ ਸੀ। ਮੈਂ ਐਲਨ ਦੀ ਬਹੁਤ ਮਦਦ ਕੀਤੀ ਹੈ। ਮਸਕ ਨੇ ਵੀ ਪੋਸਟਾਂ ਦੀ ਝੜੀ ਲਗਾ ਦਿੱਤੀ, ਜਿਨ੍ਹਾਂ ਵਿਚ ਟਰੰਪ ਵਿਰੁਧ ਮਹਾਂਦੋਸ਼ ਚਲਾਉਣ ਦੀ ਮੰਗ ਦਾ ਪ੍ਰਚਾਰ ਕੀਤਾ ਗਿਆ ਸੀ ਤੇ ਇਹ ਵੀ ਕਿਹਾ ਸੀ ਕਿ ਰਾਸ਼ਟਰਪਤੀ ਦਾ ਟੈਰਿਫ ਏਜੰਡਾ ਇਸ ਸਾਲ ਦੇ ਅੰਤ ਵਿਚ ਅਮਰੀਕਾ ਲਈ ਮੰਦੀ ਦਾ ਕਾਰਨ ਬਣੇਗਾ।ਟਰੰਪ ਦਾ ਮੰਨਣਾ ਹੈ ਕਿ ਮਸਕ ਦਾ 'ਵੰਨ ਬਿਗ ਬਿਊਟੀਫੁੱਲ ਬਿੱਲ ਐਕਟ' ਦਾ ਵਿਰੋਧ ਬਿੱਲ ਦੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਖਤਰੇ ਵਿਚ ਪਾ ਰਿਹਾ ਹੈ ਪਰ ਉਸ ਨੂੰ ਯਕੀਨ ਹੈ ਕਿ ਇਹ ਬਿੱਲ 4 ਜੁਲਾਈ ਤੋਂ ਪਹਿਲਾਂ ਸੈਨੇਟ ਵਿੱਚ ਪਾਸ ਹੋ ਜਾਵੇਗਾ। ਮਸਕ ਨੇ 2024 ਵਿੱਚ ਟਰੰਪ ਦੀ ਰਾਸ਼ਟਰਪਤੀ ਚੋਣ ਵਿੱਚ ਵੱਡਾ ਵਿੱਤੀ ਸਮਰਥਨ ਦਿੱਤਾ, ਪਿਛਲੇ ਸਾਲ ਸਵਿੰਗ ਸਟੇਟਾਂ ਵਿੱਚ ਉਸਨੂੰ ਉਤਸ਼ਾਹਿਤ ਕਰਨ ਲਈ ਇੱਕ ਚੌਥਾਈ ਬਿਲੀਅਨ ਡਾਲਰ ਤੋਂ ਵੱਧ ਖਰਚ ਕੀਤੇ। ਪ੍ਰਸ਼ਾਸਨ ਦੇ ਪਹਿਲੇ ਮਹੀਨਿਆਂ ਵਿੱਚ, ਟਰੰਪ ਨੇ ਮਸਕ ਨੂੰ ਸਰਕਾਰੀ ਕੁਸ਼ਲਤਾ ਵਿਭਾਗ ਦਾ ਇੰਚਾਰਜ ਬਣਾਇਆ, ਜਿੱਥੇ ਉਸਨੇ ਸੰਘੀ ਕਰਮਚਾਰੀਆਂ ਦੀ ਵੱਡੇ ਪੱਧਰ 'ਤੇ ਛਾਂਟੀ ਅਤੇ ਕਈ ਏਜੰਸੀਆਂ ਦੇ ਬੰਦ ਹੋਣ ਜਾਂ ਅੰਸ਼ਕ ਤੌਰ 'ਤੇ ਬੰਦ ਹੋਣ ਦੀ ਨਿਗਰਾਨੀ ਕੀਤੀ।

# ਤੂੰ-ਤੂੰ, ਮੈਂ-ਮੈਂ ਤੇ ਮੇਹਣੋ-ਮੇਹਣੀ ਹੋਏ ਟਰੰਪ ਤੇ ਮਸਕ



ਸਾਨ ਫਰਾਂਸਿਸਕੋ : ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਉਲਝੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਾਰੋਬਾਰੀ ਐਲਨ ਮਸਕ ਦੇ ਸਰਕਾਰੀ ਇਕਰਾਰਨਾਮੇ ਕੱਟਣ ਦੀ ਧਮਕੀ ਦਿੱਤੀ ਹੈ ਜਦੋਂ ਕਿ ਮਸਕ ਨੇ ਕਿਹਾ ਕਿ ਟਰੰਪ ਨਵੰਬਰ ਵਿਚ ਉਸ ਤੋਂ ਬਿਨਾਂ ਨਹੀਂ ਜਿੱਤ ਸਕਦਾ ਸੀ। ਉਸ ਨੇ ਹੀ ਟਰੰਪ ਨੂੰ ਰਾਸ਼ਟਰਪਤੀ ਬਣਾਇਆ ਤੇ ਕਰੋੜਾਂ ਡਾਲਰ ਫੰਡ ਦਿੱਤਾ। ਦੂਜੇ ਪਾਸੇ ਟਰੰਪ ਦੀ ਟਿੱਪਣੀ ਦੇਖੋ ਜਦੋਂ ਉਸ ਨੇ ਕਿਹਾ 'ਮੈਂ ਐਲਨ ਮਸਕ ਤੋਂ ਬਹੁਤ ਨਿਰਾਸ਼ ਹਾਂ, ਮੈਂ ਉਸ ਦੀ ਬਹੁਤ ਮਦਦ ਕੀਤੀ ਹੈ, ਸਾਡਾ ਦੋਵਾਂ ਦਾ ਇਕ ਵਧੀਆ ਰਿਸ਼ਤਾ ਸੀ। ਟਰੰਪ ਨੇ ਕਿਹਾ ਕਿ ਮੈਂ ਹੈਰਾਨ ਹਾਂ ਕਿ ਅਸੀਂ ਉਸ (ਮਸਕ) ਨੂੰ ਇਕ ਵਧੀਆ ਵਿਦਾਇਗੀ ਸਮਾਰੋਹ ਨਾਲ ਵਿਦਾ ਕੀਤਾ। ਉਸ ਨੇ ਮੇਰੇ ਬਾਰੇ ਸ਼ਾਨਦਾਰ ਗੱਲਾਂ ਕਹੀਆਂ। ਪਰ ਹੁਣ ਐਲਨ ਮਸਕ ਪਰੇਸ਼ਾਨ ਹੈ ਕਿਉਂਕਿ ਅਸੀਂ ਈ.ਵੀ. ਹੁਕਮ, ਜੋ ਕਿ ਇਲੈਕਟ੍ਰਿਕ ਵਾਹਨਾਂ ਲਈ ਬਹੁਤ ਸਾਰਾ ਪੈਸਾ ਸੀ ਅਤੇ ਉਨ੍ਹਾਂ ਨੂੰ ਮੁਸ਼ਕਿਲ ਆ ਰਹੀ ਹੈ, ਅਸੀਂ ਹੁਣ ਰੋਕ ਦਿੱਤਾ ਹੈ ਅਤੇ ਉਹ ਚਾਹੁੰਦਾ ਹੈ ਕਿ ਅਸੀਂ ਅਰਬਾਂ ਡਾਲਰ ਸਬਸਿਡੀ ਅਦਾ ਕਰੀਏ ਅਤੇ ਐਲਨ ਨੂੰ ਇਹ ਸ਼ੁਰੂ ਤੋਂ ਹੀ ਪਤਾ ਸੀ।' ਅਸਲ 'ਚ ਰਾਸ਼ਟਰਪਤੀ ਟਰੰਪ ਅਤੇ ਐਲਨ ਮਸਕ ਜਨਤਕ ਤੌਰ 'ਤੇ ਸੌਕਣਾਂ ਵਾਂਗ ਝਗੜਾ ਕਰ ਰਹੇ ਹਨ ਤੇ ਮਸਕ ਨੇ ਟਰੰਪ ਦੇ ਘਰੇਲੂ ਨੀਤੀ ਬਿੱਲ ਨੂੰ 'ਅਤਿ ਘਿਨਾਉਣਾ ਤੇ ਅਮਰੀਕਾ ਦੀ ਬਰਬਾਦੀ' ਕਹਿ ਕੇ ਨਿੰਦਾ ਕੀਤੀ ਹੈ। ਟਰੰਪ ਅਤੇ ਮਸਕ ਵਿਚਕਾਰ ਅਸੰਭਵ ਗਠਜੋੜ ਤੇਜ਼ੀ ਨਾਲ ਅਤੇ ਜਨਤਕ ਢੰਗ ਨਾਲ ਟੁੱਟਣ ਕਾਰਨ ਵੱਡੀ ਚਰਚਾ ਹੋਣੀ ਸੁਭਾਵਿਕ ਸੀ। ਦੁਨੀਆਂ ਜਾਣਦੀ ਹੈ ਕਿ ਪਿਛਲੇ ਸਾਲ ਦੋ ਅਮੀਰ ਅਰਬਪਤੀਆਂ ਨੇ ਇਕ ਸਾਂਝੇਦਾਰੀ ਬਣਾਈ ਅਤੇ ਅਮਰੀਕਾ ਨੂੰ ਇਕ ਨਵੀਂ ਦਿਸ਼ਾ ਵਿਚ ਲਿਜਾਣ ਦਾ ਪ੍ਰਣ ਲਿਆ। ਟਰੰਪ ਕੋਲ ਰਾਜਨੀਤਕ ਸ਼ਕਤੀ ਸੀ ਜਦੋਂ ਕਿ ਐਲਨ ਮਸਕ ਕੋਲ ਪੈਸਾ ਅਤੇ ਸੋਸ਼ਲ ਮੀਡੀਆ ਦੀ ਤਾਕਤ।

ਪਰ ਅੱਜ ਇਹ ਵਪਾਰਕ ਮੋਹ ਏਨੀ ਤੇਜ਼ੀ ਨਾਲ ਭੰਗ ਹੋਇਆ ਕਿ ਦੋਵਾਂ ਨੇ ਮਹੱਤਵਪੂਰਨ ਅਤੇ ਮਾਮੂਲੀ ਮਾਮਲਿਆਂ 'ਤੇ ਇਕ ਦੂਜੇ 'ਤੇ ਤਿੱਖਾ ਹਮਲਾ ਕੀਤਾ। ਅਸਲ 'ਚ ਇਹ ਵਿਵਾਦ ਕੁਝ ਦਿਨ ਪਹਿਲਾਂ ਰਾਸ਼ਟਰਪਤੀ ਦੇ ਦਸਤਖਤ ਕੀਤੇ ਘਰੇਲੂ ਨੀਤੀ ਬਿੱਲ ਨੂੰ ਲੈ ਕੇ ਸ਼ੁਰੂ ਹੋਇਆ ਸੀ। ਹੁਣ ਇਹ ਝਗੜਾ ਤੇਜ਼ੀ ਨਾਲ ਉਨ੍ਹਾਂ ਦੇ ਸੰਬੰਧਤ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਧਮਕੀਆਂ 'ਚ ਬਦਲਣ ਵਰਗਾ ਲਗਦਾ ਹੈ, ਕਿਉਂਕਿ ਟਰੰਪ ਨੇ ਮਸਕ ਦੀਆਂ ਕੰਪਨੀਆਂ ਨਾਲ ਸੰਘੀ ਸਰਕਾਰ ਦੇ ਅਰਬਾਂ ਡਾਲਰ ਦੇ ਇਕਰਾਰਨਾਮੇ ਕੱਟਣ ਦੀ ਧਮਕੀ ਦਿੱਤੀ ਹੈ।




ਇਨ੍ਹਾਂ ਅਚਨਚੇਤ ਹੋਏ ਮਤਭੇਦਾਂ ਨੇ ਲਗਭਗ ਸਾਲ ਭਰ ਚੱਲੀ ਸਾਂਝੇਦਾਰੀ ਨੂੰ ਖਤਮ ਕਰ ਦਿੱਤਾ, ਜਿਸ ਦੌਰਾਨ ਮਸਕ ਨੇ ਟਰੰਪ ਨੂੰ ਵਾਈਟ ਹਾਊਸ ਤੱਕ ਪਹੁੰਚਾਉਣ ਵਿਚ ਮਦਦ ਕੀਤੀ ਅਤੇ ਰਾਸ਼ਟਰਪਤੀ ਦੇ ਚੋਟੀ ਦੇ ਸਲਾਹਕਾਰਾਂ 'ਚੋਂ ਇਕ ਬਣ ਗਿਆ, ਸਰਕਾਰੀ ਸਟਾਫਿੰਗ ਅਤੇ ਇਕਰਾਰਨਾਮਿਆਂ ਵਿਚ ਭਾਰੀ ਕਟੌਤੀ ਕਰਨ ਦੀ ਕੋਸ਼ਿਸ਼ ਨੂੰ ਅੱਗੇ ਵਧਾਇਆ, ਜਿਸ ਨੇ ਸੰਘੀ ਨੌਕਰਸ਼ਾਹੀ ਨੂੰ ਡੂੰਘੇ ਸਦਮੇ 'ਚ ਲਿਆ ਦਿੱਤਾ। ਮਸਕ ਜਿਸ ਨੇ 2024 ਵਿਚ ਟਰੰਪ ਨੂੰ ਜਿਤਾਉਣ 'ਚ ਲਗਭਗ 275 ਮਿਲੀਅਨ ਡਾਲਰ ਖਰਚ ਕੀਤੇ ਸਨ, ਨੇ 2026 ਦੇ ਮੱਧਕਾਲੀਨ ਚੋਣਾਂ ਤੋਂ ਪਹਿਲਾਂ ਰਾਸ਼ਟਰਪਤੀ ਦੀ ਟੀਮ ਦੁਆਰਾ ਨਿਰਧਾਰਿਤ ਸਮੂਹਾਂ ਨੂੰ 100 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਸੀ। ਹੁਣ ਟਰੰਪ ਨੂੰ ਨਾ ਸਿਰਫ ਚੋਣ ਸਮਰਥਨ ਵਿਚ ਘੁਟਨ ਦਾ ਸਾਹਮਣਾ ਕਰਨਾ ਪਵੇਗਾ, ਸਗੋਂ ਇਕ ਸਹਿਯੋਗੀ ਤੋਂ ਦੁਸ਼ਮਣ ਬਣੇ ਗੁੱਸੇ ਦੀ ਬੁਰੀ ਮਾਰ ਵੀ ਪਵੇਗੀ। ਮਸਕ ਦੀਆਂ ਕੰਪਨੀਆਂ ਨੂੰ ਸਰਕਾਰੀ ਇਕਰਾਰਨਾਮਿਆਂ 'ਚ ਅਰਬਾਂ ਡਾਲਰ ਦਾ ਫਾਇਦਾ ਹੋਇਆ ਹੈ ਅਤੇ ਉਹ ਅਰਬਾਂ ਹੋਰ ਪ੍ਰਾਪਤ ਕਰਨ ਦੀ ਸਥਿਤੀ ਵਿਚ ਸਨ, ਜੋ ਕਿ ਉਸ ਦੇ ਵਪਾਰਕ ਸਾਮਰਾਜ ਲਈ ਇਕ ਮੁਨਾਫ਼ਾਯੋਗ ਮਾਲੀਆ ਸਰੋਤ ਹੈ ਜਿਸ 'ਤੇ ਟਰੰਪ ਹੁਣ ਧਮਕੀ ਦੇ ਰਹੇ ਹਨ।


CAPITAL ACCOUNTING & TAX SERVICES





Kuldip Singh Kang

Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਕੈਲੀਫਰਨੀਆ ਸਟੇਟ ਸੈਨੇਟ ਵੱਲੋਂ ਸੈਨ ਹੋਜੇ ਵਿਖੇ ਲਾਅ ਸਕੂਲ ਖੋਲਣ ਲਈ ਬਿੱਲ ਪਾਸ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਸਟੇਟ ਸੈਨੇਟ ਨੇ ਕੈਲੀਫੋਰਨੀਆ ਸਟੇਟ ਯੁਨੀਵਰਸਿਟੀ (ਸੀ ਐਸ ਯੂ) ਵਿਵਸਥਾ ਵਿੱਚ ਪਹਿਲਾ ਜਨਤਿਕ ਲਾਅ ਸਕੂਲ ਖੋਲਣ ਲਈ ਸੈਨੇਟਰ ਡੇਵ ਕੋਰਟਸੀ ਵੱਲੋਂ ਪੇਸ਼ ਐਸ ਬੀ 550 ਬਿੱਲ ਪਾਸ ਕਰ ਦਿੱਤਾ ਹੈ। ਜੇਕਰ ਵਿਧਾਨ ਸਭਾ ਵੱਲੋਂ ਇਸ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ ਜਾਂਦੀ ਹੈ ਤਾਂ ਸੈਨ ਹੋਜੇ ਸਟੇਟ ਯੁਨੀਵਰਸਿਟੀ ਵਿਖੇ ਲਾਅ ਸਕੂਲ ਖੋਲਣ ਲਈ ਰਾਹ ਪੱਧਰਾ ਹੋ ਜਾਵੇਗਾ। ਸਾਂਤਾ ਕਲਾਰਾ ਕਾਊਂਟੀ ਜੋ ਤਕਰੀਬਨ 20 ਲੱਖ ਲੋਕਾਂ ਦਾ ਘਰ ਹੈ, ਵਿਚ ਲਾਅ ਸਕੂਲ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਕਾਊਂਟੀ ਵਿਚ 65% ਤੋਂ ਵਧ ਆਬਾਦੀ ਏਸ਼ੀਅਨਾਂ ਤੇ ਲਾਤੀਨੋ ਭਾਈਚਾਰੇ ਦੀ ਹੈ। ਇਨ੍ਹਾਂ ਦੋਨਾਂ ਭਾਈਚਾਰਿਆਂ ਵੱਲੋਂ ਲਾਅ ਸਕੂਲ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਬਿੱਲ ਵਿਚ ਸੈਨ ਹੋਜੇ ਸਟੇਟ ਯੁਨੀਵਰਸਿਟੀ ਤੇ ਲਿਨਕੋਲਨ ਲਾਅ ਸਕੂਲ ਆਫ ਸੈਨ ਹੋਜੇ ਵਿਚਾਲੇ ਭਾਈਵਾਲੀ ਦਾ ਜਿਕਰ ਕੀਤਾ ਗਿਆ ਹੈ। ਇਨਾਂ ਦੋਨਾਂ ਦੇ ਸਹਿਯੋਗ ਨਾਲ ਸੈਨ ਹੋਜੇ ਤੇ ਕੈਲੀਫੋਰਨੀਆ ਸਟੇਟ ਯੁਨੀਵਰਸਿਟੀ ਸਿਸਟਮ ਵਿੱਚ ਪਹਿਲਾ ਜਨਤਿਕ ਲਾਅ ਸਕੂਲ ਖੁਲੇਗਾ। ਇਸ ਸਬੰਧੀ ਅੰਤਿਮ ਪ੍ਰਵਾਨਗੀ ਸੀ ਐਸ ਯੂ ਬੋਰਡ ਆਫ ਟਰਸਟੀਜ ਵੱਲੋਂ ਦਿੱਤੀ ਜਾਣੀ ਹੈ। ਕੋਰਟਸੀ ਨੇ ਕਿਹਾ ਹੈ ਕਿ ਇਸ ਬਿੱਲ ਤਹਿਤ ਇਕ ਕਿਫ਼ਾਇਤੀ ਲਾਅ ਸਕੂਲ ਦੀ ਸਥਾਪਨਾ ਹੋਵੇਗੀ ਜਿਸ ਨਾਲ ਕੈਲੀਫੋਰਨੀਆ ਦੀ ਕਾਨੂੰਨੀ ਬੁਨਿਆਦ ਹੋਰ ਪੱਕੀ ਹੋ ਜਾਵੇਗੀ।

### -ਮਾਮਲਾ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲੇ ਉਪਰ ਰੋਕ ਦਾ-


# ਹਾਰਵਰਡ ਯਨੀਵਰਸਿਟੀ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹਾਰਵਰਡ ਯੁਨੀਵਰਸਿਟੀ ਨੇ ਇਕ ਅਦਾਲਤ ਵਿਚ ਦਾਇਰ ਬੇਨਤੀ ਵਿੱਚ ਮੰਗ ਕੀਤੀ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲੇ ਨੂੰ ਰੋਕਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਰੋਕਿਆ ਜਾਵੇ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਯੁਨੀਵਰਸਿਟੀ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਉਪਰ ਲਾਈ ਆਰਜੀ ਰੋਕ ਤੋਂ ਬਾਅਦ 24 ਘੰਟਿਆਂ ਦੇ ਵੀ ਘੱਟ ਸਮੇਂ ਵਿੱਚ ਦਾਇਰ ਅਪੀਲ ਵਿੱਚ ਯੁਨੀਵਰਸਿਟੀ ਨੇ ਅਦਾਲਤ ਕੋਲੋਂ ਹੰਗਾਮੀ ਦਖਲ ਦੇਣ ਦੀ ਮੰਗ ਕੀਤੀ ਹੈ। ਯੁਨੀਵਰਸਿਟੀ ਦੇ ਕੁਲ ਵਿਦਿਆਰਥੀਆਂ ਦੇ ਚੌਥੇ ਹਿੱਸੇ ਤੋਂ ਵਧ ਵਿਦਿਆਰਥੀ ਵਿਦੇਸ਼ੀ ਹਨ। ਦਾਇਰ ਸੋਧੀ ਹੋਈ ਅਪੀਲ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਦਾ ਘੋਸ਼ਣਾਪੱਤਰ ਕਾਨੂੰਨ ਦੀ ਉਲੰਘਣਾ ਹੈ ਜਿਸ ਤਹਿਤ ਹਾਰਵਰਡ ਯੁਨੀਵਰਸਿਟੀ ਵਿਚ ਦਾਖਲਾ ਲੈਣ ਦੇ ਚਾਹਵਾਨ ਨਵੇਂ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਮੁਲਤਵੀ ਕਰ ਦਿੱਤੇ ਗਏ ਹਨ। ਯੁਨੀਵਰਸਿਟੀ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਨੇ ਤਕਰੀਬਨ ਸਾਰੇ ਨਵੇਂ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਉਪਰ ਰੋਕ ਲਾ ਦਿੱਤੀ ਹੈ ਜੋ ਵਿਦਿਆਰਥੀ ਅਮਰੀਕੀ ਯੁਨੀਵਰਸਿਟੀਆਂ ਵਿਚ ਪੜਣ ਜਾਂ ਅਕਾਦਮਿਕ ਵਟਾਂਦਰਾ ਪ੍ਰੋਗਰਾਮ ਵਿੱਚ ਹਿੱਸਾ ਲੈਣ ਆਉਂਦੇ ਹਨ। ਯੁਨੀਵਰਸਿਟੀ ਨੇ ਮੰਗ ਕੀਤੀ ਹੈ ਕਿ ਟਰੰਪ ਪ੍ਰਸ਼ਾਸਨ ਦੇ ਸਾਰੇ ਅਧਿਕਾਰੀਆਂ ਨੂੰ ਟਰੰਪ ਦੇ ਹੁਕਮਾਂ ਨੂੰ ਲਾਗੂ ਕਰਨ ਤੋਂ ਰੋਕਿਆ ਜਾਵੇ।

# ਇਸ ਤੋਂ ਪਹਿਲਾ ਆਪਣੀ ਕਿਤਾਬ 'ਚ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਬੀ. ਡੀ. ਪਾਂਡੇ ਨੇ ਕਿਹਾ ਸੀ ਕਿ ਇੰਦਰਾ ਸਿੱਖਾਂ ਨੂੰ ਹਰ ਹਾਲ 'ਚ ਸਬਕ ਸਿਖਾਉਣਾ ਚਹੁੰਦੀ ਸੀ

## ਤੇ ਹੁਣ ਡੀ.ਜੀ.ਐਮ.ਓ. ਨੇ ਜਨਰਲ ਵੈਦਿਆ ਨੂੰ ਸਾਕਾ ਨੀਲਾ ਤਾਰਾ ਨਾ ਕਰਨ ਅਤੇ ਇਸ ਘੋਰ ਪਾਪ ਤੋਂ ਬਚਣ ਲਈ ਕਿਹਾ ਸੀ : ਸਾਬਕਾ ਫ਼ੌਜ ਮੁਖੀ ਸ਼੍ਰੀ ਵੀ.ਐਨ. ਸ਼ਰਮਾ

ਨਵੀਂ ਦਿੱਲੀ : ਹੁਣ ਸਿੱਖਾਂ ਉਪਰ ਅਹਿਹ ਅਤੇ ਅਕਿਹ ਜੁਲਮ ਅਤੇ ਭਾਰਤ ਚ ਉਸ ਸਮੇਂ ਦੀ ਭਾਰਤ ਸਰਕਾਰ ਵਲੋਂ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਉਪਰ ਉਸ ਸਮੇ ਦੇ ਤਾਕਤਵਰ ਲੋਕਾਂ ਦੀਆਂ ਧੜਾਧੜ ਕਿਤਾਬਾਂ ਆ ਰਹੀਆਂ ਹਨ ਜਿਸ ਤੋ ਇਹ ਸਿੱਧ ਹੁੰਦਾ ਹੈ ਕਿ ਅਜ਼ਾਦੀ ਤੋਂ ਬਾਅਦ ਹੀ ਸਿੱਖਾਂ ਨੂੰ ਗਹਿਰੀ ਅੱਖ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਗਿਆ ਸੀ। ਭਾਰਤੀ ਹੁਕਮਰਾਨਾ ਨੇ ਇੱਕ ਸਾਜਿਸ਼ ਤਹਿਤ ਪਹਿਲਾਂ ਪੰਜਾਬ ਦੇ ਟੋਟੇ ਕੀਤੇ ਫੇਰ ਬਚੇਖੁਚੇ ਪੰਜਾਬ ਦਾ ਅਜ਼ਾਦ ਭਾਰਤ 'ਚ ਕਤਲ ਕਰ ਦਿੱਤਾ ਗਿਆ ਅਤੇ ਸਿੱਖਾਂ ਦੀਆਂ ਤਿੰਨ ਰਾਜਧਾਨੀਆਂ ਖੋਹ ਲਈਆਂ ਅਤੇ ਅੱਜ ਵੀ ਪੰਜਾਬ 77 ਸਾਲ ਬਾਦ ਵੀ ਰਾਜਧਾਨੀ ਦੇ ਵਗੈਰ ਲੰਗੜਾ ਲੂਲਾ ਬੇਬਸ ਅਤੇ ਲਵਾਰਿਸ ਦੀ ਤਰ੍ਹਾਂ ਛੱਡ ਦਿੱਤਾ ਗਿਆ। 1984 ਇਸੇ ਹੀ ਕੜੀ ਦਾ ਹਿਸਾ ਸੀ ਜਿਸ ਵਿੱਚ ਭਾਰਤ ਸਰਕਾਰ ਨੇ ਪੂਰੀ ਦੁਨੀਆਂ 'ਚ ਸਿੱਖਾਂ ਨੂੰ ਬਦਨਾਮ ਕਰਕੇ ਸਿੱਖਾਂ ਦੀ ਅਜਮੱਤ ਨਾਲ ਖੇਡਿਆ ਗਿਆ ਉਜਾੜਿਆ ਲੁਟਿਆ ਕੁੱਟਿਆ ਅਤੇ ਨਸਲਕੁਸ਼ੀ ਕੀਤੀ ਗਈ। ਇਨਸਾਫ ਦੀ ਬਜਾਏ ਅੱਜ ਵੀ ਸਿੱਖਾਂ ਨਾਲ ਦੁਸ਼ਮਣਾਂ ਵਾਲਾ ਵਿਵਹਾਰ ਕੀਤਾ ਜਾ ਰਿਹਾ ਹੈ। ਇਸ ਵਿਸ਼ੇ ਉਪਰ ਸਾਬਕਾ ਫ਼ੌਜ ਮੁਖੀ ਜਨਰਲ ਵੀ.ਐਨ. ਸ਼ਰਮਾ (ਸੇਵਾਮੁਕਤ) ਨੇ ਇਕ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ ਕਿ ਡੀ. ਜੀ. ਐਮ. ਓ. ਨੇ ਤਤਕਾਲੀ ਫ਼ੌਜ ਮੁਖੀ ਜਨਰਲ ਏ.ਐਸ. ਵੈਦਿਆ ਨੂੰ ਸਲਾਹ ਦਿੱਤੀ ਸੀ ਕਿ ਭਾਰਤੀ ਫ਼ੌਜ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਹਰਿਮੰਦਰ ਸਾਹਿਬ ਤੋਂ ਕੱਢਣ ਲਈ ਕਿਸੇ ਵੀ ਕਾਰਵਾਈ 'ਚ ਸ਼ਾਮਲ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਇਸ ਨੂੰ ਇਕ ਰਾਜਨੀਤਿਕ ਚਾਲ ਕਰਾਰ ਦਿੱਤਾ ਸੀ। ਜਨਰਲ ਵੀ.ਐਨ. ਸ਼ਰਮਾ ਨੇ ਇਹ ਬਿਆਨ ਸਾਬਕਾ ਫ਼ੌਜ ਜੱਜ ਐਡਵੋਕੇਟ ਜਨਰਲ ਮੇਜਰ ਜਨਰਲ ਨੀਲੇਂਦਰ ਕੁਮਾਰ ਨੂੰ ਯੂਟਿਊਬ ਚੈਨਲ ਲੈਕਸ



ਕੌਂਸਿਲੀਅਮ ਫਾਊਂਡੇਸ਼ਨ 'ਤੇ ਦਿੱਤੇ ਇਕ ਇੰਟਰਵਿਊ 'ਚ ਦਿੱਤਾ। ਇਹ ਇੰਟਰਵਿਊ ਸਾਕਾ ਨੀਲਾ ਤਾਰਾ ਦੀ 41ਵੀਂ ਵਰ੍ਹੇਗੰਢ ਤੋਂ ਇਕ ਦਿਨ ਪਹਿਲਾਂ 5 ਜੂਨ ਨੂੰ ਚੈਨਲ 'ਤੇ ਅਪਲੋਡ ਕੀਤਾ ਗਿਆ ਸੀ। 95 ਸਾਲਾ ਜਨਰਲ ਵੀ.ਐਨ. ਸ਼ਰਮਾ, ਜਦੋਂ ਸਾਕਾ ਨੀਲਾ ਤਾਰਾ ਸ਼ੁਰੂ ਕੀਤਾ ਗਿਆ ਸੀ ਤਾਂ ਐਡੀਸ਼ਨਲ ਡਾਇਰੈਕਟਰ ਜਨਰਲ ਮਿਲਟਰੀ ਕਾਰਵਾਈਆਂ (ਏ. ਡੀ. ਜੀ. ਐਮ. ਓ.) ਵਜੋਂ ਸੇਵਾ ਨਿਭਾਅ ਰਹੇ ਸਨ। ਉਸ ਸਮੇਂ ਲੈਫ਼ਟੀਨੈਂਟ ਜਨਰਲ ਸੀ.ਐਨ. ਸੋਮੰਨਾ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ (ਡੀ.ਜੀ.ਐਮ.ਓ.) ਸਨ, ਜਦੋਂ ਕਿ ਮੇਜਰ ਜਨਰਲ (ਬਾਅਦ 'ਚ ਲੈਫ਼ਟੀਨੈਂਟ ਜਨਰਲ) ਵੀ.ਕੇ. ਨਾਇਰ ਡਾਇਰੈਕਟੋਰੇਟ 'ਚ ਦੂਜੇ ਏ.ਡੀ.ਜੀ.ਐਮ.ਓ. ਸਨ। ਸੋਮੰਨਾ ਤੇ ਨਾਇਰ ਦੋਵਾਂ ਦੀ ਕਈ ਸਾਲ ਪਹਿਲਾਂ ਮੌਤ ਹੋ ਗਈ। ਜਨਰਲ ਵੀ.ਐਨ. ਸ਼ਰਮਾ ਨੇ ਇੰਟਰਵਿਊ 'ਚ ਕਿਹਾ ਸੀ ਕਿ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਚਾਹੁੰਦੀ ਸੀ ਕਿ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਾਰਵਾਈ ਕਰੇ ਕਿਉਂਕਿ ਪੰਜਾਬ ਪੁਲਿਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਨਰਲ ਵੀ.ਐਨ. ਸ਼ਰਮਾ ਯਾਦ ਕਰਦੇ ਹਨ ਕਿ ਅਰੁਣ ਵੈਦਿਆ ਨੂੰ ਪ੍ਰਧਾਨ ਮੰਤਰੀ ਦਫ਼ਤਰ ਬੁਲਾਇਆ ਗਿਆ ਤੇ ਕਿਹਾ ਗਿਆ ਕਿ ਸੰਤ ਭਿੰਡਰਾਂਵਾਲੇ ਨੂੰ ਹਟਾ ਦੇਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਬਹੁਤ ਪ੍ਰਸਿੱਧੀ ਹੋ ਰਹੀ ਸੀ। ਜਨਰਲ ਵੈਦਿਆ ਨੇ ਇਸ ਨੂੰ ਸਵੀਕਾਰ ਕਰ ਲਿਆ। ਇਸ ਤੋਂ ਬਾਅਦ ਐਮ.ਓ. ਡਾਇਰੈਕਟੋਰੇਟ ਨੇ ਜਨਰਲ ਵੈਦਿਆ ਨੂੰ ਕਿਹਾ ਸੀ ਕਿ ਤੁਸੀਂ ਇਕ ਸੰਵਿਧਾਨਕ ਅਥਾਰਟੀ ਹੋ। ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਸੰਵਿਧਾਨ ਦੀ ਉਲੰਘਣਾ ਨਾ ਹੋਵੇ। ਇਸ ਲਈ ਉਨ੍ਹਾਂ ਨੂੰ ਸੁਪਰੀਮ ਕੋਰਟ ਜਾਣ ਦੀ ਵੀ ਸਲਾਹ ਦਿੱਤੀ ਗਈ ਸੀ। ਜਨਰਲ ਵੈਦਿਆ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕੋਲ ਵਾਪਸ ਗਏ ਤੇ ਉਨ੍ਹਾਂ ਨੂੰ ਐਮ.ਓ. ਡਾਇਰੈਕਟੋਰੇਟ ਦਾ ਵਿਚਾਰ ਦੱਸਿਆ, ਜਿਸ ਮਗਰੋਂ ਤਤਕਾਲੀ ਪ੍ਰਧਾਨ ਮੰਤਰੀ ਨੇ ਪੱਛਮੀ ਫ਼ੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਕੇ. ਸੁੰਦਰਜੀ ਨਾਲ ਸੰਪਰਕ ਕੀਤਾ। ਜਦੋਂ ਐਮ.ਓ. ਡਾਇਰੈਕਟੋਰੇਟ ਨੇ ਜਨਰਲ ਸੁੰਦਰਜੀ ਨੂੰ ਇਸ ਮੁੱਦੇ 'ਤੇ ਚਰਚਾ ਲਈ ਸੱਦਿਆ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਤੁਹਾਡੇ 'ਚ ਕੋਈ ਦਿਲਚਸਪੀ ਨਹੀਂ, ਮੈਨੂੰ ਮੇਰੇ ਹੁਕਮ ਮਿਲ ਗਏ ਹਨ ਤੇ ਮੈਂ ਇਹ ਕਰਨ ਜਾ ਰਿਹਾ ਹਾਂ। ਜਨਰਲ ਵੀ.ਐਨ. ਸ਼ਰਮਾ ਨੇ ਦੱਸਿਆ ਕਿ ਜਨਰਲ ਸੁੰਦਰਜੀ ਨੇ ਮੇਜਰ ਜਨਰਲ ਕੇ.ਐਸ. ਬਰਾੜ ਦੀ ਕਮਾਨ ਹੇਠ 9 ਡਵੀਜ਼ਨ ਦੀ ਚੋਣ ਇਸੇ ਲਈ ਕੀਤੀ ਸੀ, ਕਿਉਂਕਿ ਉਹ ਚਾਹੁੰਦੇ ਸਨ ਕਿ ਸਿੱਖ ਸਾਕਾ ਨੀਲਾ ਤਾਰਾ ਕਰਵਾਉਣ ਤੇ ਜ਼ਮੀਨੀ ਪੱਧਰ 'ਤੇ ਅਸਲ ਕਾਰਵਾਈ 'ਚ ਹਿੱਸਾ ਲੈਣ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਲਈ ਉਚੇਚੇ ਤੌਰ 'ਤੇ ਵੈਣ ਪਾਉਣ ਅਤੇ ਵਿਰਲਾਪ ਕਰਨ ਲਈ ਔਰਤਾਂ ਹੁੰਦੀਆਂ ਸਨ। ਉਹ ਮਾਹੌਲ ਨੂੰ ਕਰੁਣਾਮਈ ਬਣਾਉਣ ਲਈ ਕਈ ਕਿਸਮ ਨਾਲ ਸੁਰ ਤਾਲ ਵਿਚ ਵੈਣ ਪਾਂਦੀਆਂ ਸਨ ਅਤੇ ਨਾਲ ਹੀ ਸਿਰ, ਮੱਥੇ ਅਤੇ ਛਾਤੀ 'ਤੇ ਦੋਹੱਥੜ ਮਾਰ ਮਾਰ ਕੇ ਧਾਹਾਂ ਮਾਰਦੀਆਂ ਸਨ। ਕਈ ਵਾਰ ਤਾਂ ਉਨ੍ਹਾਂ ਦੇ ਸਰੀਰ ਤੇ ਨੀਲ ਤੱਕ ਵੀ ਪੈ ਜਾਂਦੇ ਸਨ। ਪਰ ਉਨ੍ਹਾਂ ਨੂੰ ਇਸ ਕੰਮ ਲਈ ਉਜਰਤ ਮਿਲਦੀ ਸੀ। ਗੁਰਮਤਿ ਤਾਂ ਹੈ ਹੀ ਭਾਣਾ ਮੰਨਣ ਦਾ ਮਾਰਗ।

ਆਵਨ ਜਾਨੁ ਇਕੁ ਖੇਲੁ ਬਨਾਇਆ॥
ਆਗਿਆਕਾਰੀ ਕੀਨੀ ਮਾਇਆ॥
(ਗਉੜੀ ਸੁਖਮਨੀ ਮ. ੫, ੨੯੫)

ਇਸ ਲਈ ਬਨਾਵਟੀ ਤੌਰ 'ਤੇ ਰੋਵਣ ਪਿੱਟਣ ਦੇ ਡਰਾਮੇ ਬਾਰੇ ਤਾਂ ਹਜ਼ੂਰ ਨੇ ਫੁਰਮਾਨ ਦਿੱਤਾ:

ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ॥੩॥
(ਮ. ੧, ਅੰਗ ੪੧੮)

ਨਾਦਰ ਦੇ ਹਮਲੇ ਵੇਲੇ ਲਾਹੌਰ ਦੇ ਸੂਬੇਦਾਰ ਨੇ ਉਸ ਨੂੰ ਸਿੱਖਾਂ ਬਾਰੇ ਜੋ ਜੋ ਦੱਸਿਆ ਉਸ ਵਿਚ ਇਕ ਤੱਥ ਬਹੁਤ ਹੀ ਦਿਲਚਸਪ ਢੰਗ ਨਾਲ ਦੱਸਦਾ ਹੈ ਕਿ ਇਹ ਅਜੀਬ ਲੋਕ ਹਨ। ਇਨ੍ਹਾਂ ਦਾ ਜੇ ਕੋਈ ਨੇੜਲਾ ਮਰ ਜਾਂਦਾ ਹੈ ਤਾਂ ਇਹ ਰੋਂਦੇ ਪਿੱਟਦੇ ਨਹੀਂ ਬਲਕਿ ਰੱਬ ਦਾ ਭਾਣਾ ਮੰਨ ਕੇ ਸਬਰ ਕਰਦੇ ਅਤੇ ਨਾਲ ਹੀ ਕੜਾਹ ਬਣਾ ਕੇ ਵੰਡਦੇ ਹਨ।

ਪਢਤ ਅਨੰਦ ਮਨਿੰਦਨ ਕਾਹੈ।
ਮਰੈਂ ਤੁ ਹਲੂਆ ਕਰਕੈ ਖਾਹੈਂ।
ਰੋਵਣ ਪੀਟਣ ਕਬੀ ਨ ਜਾਨਤ।
ਇਕ ਅਕਾਲ ਕਾ ਭਾਣਾ ਮਾਨਤ।

(ੲ) ਪ੍ਰਾਣੀ ਭਾਵੇਂ ਛੋਟੇ ਤੋਂ ਛੋਟੀ ਉਮਰ ਦਾ ਹੋਵੇ, ਸੌਭੀ ਸਸਕਾਰਨਾ ਚਾਹੀਏ। ਜਿਥੇ ਸਕਸਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)


"ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ॥" (ਭ. ਕਬੀਰ ਜੀ 855)

ਸੰਸਾਰ ਵਿਚ ਆਏ ਹਰ ਪ੍ਰਾਣੀ ਦੀ ਯਾਤਰਾ ਦਾ ਅੰਤ ਨਿਸਚਿਤ ਹੈ। ਮਰਯਾਦਾ ਮੁਤਾਬਕ ਹਰ ਮ੍ਰਿਤਕ ਪ੍ਰਾਣੀ, ਭਾਵੇਂ ਉਹ ਕਿਸੇ ਵੀ ਉਮਰ ਦਾ ਹੋਵੇ ਉਸਦਾ ਸਸਕਾਰ ਹੀ ਕਰਨਾ ਚਾਹੀਦਾ ਹੈ। ਪਰ ਇਸ ਵਿਚ ਵੀ ਭਰਮ ਨਹੀਂ ਹੈ। ਜੇਕਰ ਹਾਲਾਤ ਐਸੇ ਹੋਣ ਜਿਥੇ ਸਸਕਾਰ ਨਹੀਂ ਹੋ ਸਕਦਾ ਹੋਵੇ ਤਾ ਫਿਰ ਜਲ ਪ੍ਰਵਾਹ ਜਾਂ ਹੋਰ ਕੋਈ ਵੀ ਤਰੀਕਾ ਵਰਤਣ ਬਾਰੇ ਕੋਈ ਮਨਾਹੀ ਨਹੀਂ ਹੈ। ਭਾਈ ਮਰਦਾਨਾ ਜੀ ਨੂੰ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੁੱਛਿਆ ਸੀ ਕਿ ਆਪ ਦਾ ਸਰੀਰ ਦਾ ਕਿਸ ਤਰੀਕੇ ਨਾਲ ਸਸਕਾਰ ਕੀਤਾ ਜਾਏ ਤਾਂ ਮਰਦਾਨਾ ਜੀ ਦਾ ਜਵਾਬ ਸੀ, ਜਦ ਤੱਤ ਹੀ ਨਿਕਲ ਗਿਆ ਤਾ ਫਿ ਸਾੜੋ, ਰੋੜ੍ਹੋ, ਸੁੱਟੋ, ਦੱਬੋ ਕੀ ਫ਼ਰਕ ਪੈਂਦਾ ਹੈ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਹਿੰਦੂ ਧਰਮ ਸ਼ਾਸਤ੍ਰਾਂ ਮੁਤਾਬਕ ਰਾਤ ਵੇਲੇ ਅਸੁਰੀ ਸ਼ਕਤੀਆਂ ਪ੍ਰਬਲ ਹੁੰਦੀਆਂ ਹਨ ਅਤੇ ਜੇਕਰ ਪ੍ਰਾਣੀ ਦਾ ਸਸਕਾਰ ਰਾਤ ਨੂੰ ਕੀਤਾ ਜਾਏ ਤਾਂ ਉਸਦੀ ਆਤਮਾ ਨੂੰ ਮੁਕਤੀ ਦੇ ਮਾਰਗ 'ਤੇ ਜਾਣ ਵਿਚ ਰੁਕਾਵਟ ਪੈਦਾ ਹੁੰਦੀ ਹੈ। ਇਸ ਦੇ ਨਾਲ ਹੀ ਐਸਾ ਵਿਅਕਤੀ ਅਗਲੇ ਜਨਮ ਵਿਚ ਅੰਗ ਭੰਗ ਹੁੰਦਾ ਹੈ ਅਤੇ ਕਸ਼ਟ ਭੋਗਦਾ ਹੈ। ਗੁਰਮਤਿ ਨੇ ਇਸ ਭਰਮ ਰੂਪ ਵਹਿਮ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਹੈ। ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (ਅੰਗ 8) ਇਸ ਲਈ ਮਰਯਾਦਾ ਅਨੁਸਾਰ ਸਸਕਾਰ ਕਰਨ ਲਈ ਦਿਨ ਤੇ ਰਾਤ ਦਾ ਭਰਮ ਨਹੀਂ ਕਰਨਾ ਹੈ।




(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ 'ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ), ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

**ਵਿਆਖਿਆ**

ਇਸ ਮੱਦ ਦੇ ਦੋ ਪੈਰੇ ਹਨ। ਪਹਿਲਾ ਮ੍ਰਿਤਕ ਪ੍ਰਾਣੀ ਦਾ ਸਸਕਾਰ ਕਰਨ ਦੀ ਵਿਧੀ ਅਤੇ ਦੂਸਰਾ ਸਸਕਾਰ ਤੋਂ ਬਾਅਦ ਦੀ ਰਸਮ। ਇਸ ਮੱਦ ਮੁਤਾਬਕ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਮ੍ਰਿਤਕ ਦੇ ਸਰੀਰ ਤੋਂ ਕਕਾਰ ਜੁਦਾ ਨਹੀਂ ਕਰਨੇ ਹਨ ਅਤੇ ਨਾ ਹੀ ਕਪਾਲ ਕਿਰਿਆ ਹੀ ਕਰਨੀ ਹੈ।

**ਕਪਾਲ ਕਿਰਿਆ**

ਗਰੁੜ ਪੁਰਾਣ ਮੁਤਾਬਕ ਮ੍ਰਿਤਕ ਦੇਹ ਦੇ ਸਸਕਾਰ ਦੇ ਦੌਰਾਨ ਖੋਪਰੀ ਨੂੰ ਤੋੜਨ ਦੀ ਕਿਰਿਆ ਨੂੰ ਕਪਾਲ ਕਿਰਿਆ ਕਿਹਾ ਜਾਂਦਾ ਹੈ। ਇਸ ਵਿਚ ਗ੍ਰਹਿਸਥੀ ਦੇ ਕਪਾਲ ਜਾਂ ਖੋਪਰੀ ਨੂੰ ਸੋਟੇ ਨਾਲ ਅਤੇ ਤਿਆਗੀ ਦੇ ਕਪਾਲ ਨੂੰ ਨਾਰੀਅਲ ਨਾਲ ਤੋੜਨ ਦਾ ਵਿਧਾਨ ਹੈ।

(ਚਲਦਾ)

# ਪਹਿਲਗਾਮ ਵਰਗੇ ਅੱਤਵਾਦੀ ਹਮਲਿਆਂ ਦੀ ਕੀਮਤ ਚੁਕਾਉਣੀ ਪਵੇਗੀ : ਸ਼ਸ਼ੀ ਥਰੂਰ

ਵਾਸ਼ਿੰਗਟਨ, (ਰਾਜ ਗੋਗਨਾ) : ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ, ਜੋ ਇਸ ਸਮੇਂ ਅਮਰੀਕਾ ਵਿੱਚ ਇੱਕ ਸਰਬ-ਪਾਰਟੀ ਭਾਰਤੀ ਸੰਸਦੀ ਵਫ਼ਦ ਦੀ ਅਗਵਾਈ ਕਰ ਰਹੇ ਹਨ, ਨੇ ਕਿਹਾ ਕਿ ÷ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹਾਲ ਹੀ ਵਿੱਚ ਹੋਏ 22 ਅਪ੍ਰੈਲ ਵਰਗੇ ਅੱਤਵਾਦੀ ਹਮਲੇ ਕਰਨ ਦੀ ਕੀਮਤ ਚੁਕਾਉਣੀ ਪਵੇਗੀ÷, ਅਤੇ ਇਹ ਵੀ ਕਿਹਾ ਕਿ ਭਾਰਤ ਸਰਹੱਦ ਪਾਰ ਤੋਂ ਲੋਕਾਂ ਨੂੰ ਭਾਰਤੀ ਨਾਗਰਿਕਾਂ ਨੂੰ ਬਿਨਾਂ ਸਜ਼ਾ ਦੇ ਮਾਰਨ ਦੀ ਇਜਾਜ਼ਤ ਨਹੀਂ ਦੇਵੇਗਾ। ਥਰੂਰ ਦੀ ਅਗਵਾਈ ਵਾਲੇ ਭਾਰਤੀ ਵਫ਼ਦ ਨੇ ਵਾਸ਼ਿੰਗਟਨ ਡੀਸੀ ਅਮਰੀਕੀ ਦੂਤਾਵਾਸ ਵਿਖੇ ਵੱਖ-ਵੱਖ ਥਿੰਕ-ਟੈਂਕਾਂ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ, ਜਿਸ ਵਿੱਚ ਅੱਤਵਾਦ ਵਿਰੁੱਧ ਭਾਰਤ ਦੀ ਲੜਾਈ ਅਤੇ ਬਹੁ-ਪੱਖੀ ਭਾਰਤ-ਅਮਰੀਕਾ ਭਾਈਵਾਲੀ 'ਤੇ ਜ਼ੋਰ ਦਿੱਤਾ ਗਿਆ, ਅਮਰੀਕਾ ਵਿੱਚ ਭਾਰਤੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕੀਤਾ। ਸ਼ਸ਼ੀ ਥਰੂਰ ਸਰਬ-ਪਾਰਟੀ ਵਫ਼ਦ ਦੀ ਅਗਵਾਈ ਕਰ ਰਹੇ ਹਨ ਜਿਸ ਵਿੱਚ ਸ਼ੰਭਵੀ ਚੌਧਰੀ (ਲੋਕ ਜਨਸ਼ਕਤੀ ਪਾਰਟੀ), ਸਰਫਰਾਜ਼ ਅਹਿਮਦ (ਝਾਰਖੰਡ ਮੁਕਤੀ ਮੋਰਚਾ), ਜੀਐਮ ਹਰੀਸ਼ ਬਾਲਯੋਗੀ (ਤੇਲੁਗੂ ਦੇਸ਼ਮ ਪਾਰਟੀ), ਸ਼ਸ਼ਾਂਕ ਮਨੀ ਤ੍ਰਿਪਾਠੀ, ਤੇਜਸਵੀ ਸੂਰਿਆ, ਅਤੇ ਭੁਵਨੇਸ਼ਵਰ ਕਲਿਤਾ (ਸਾਰੇ ਭਾਜਪਾ ਤੋਂ), ਅਮਰੀਕਾ ਵਿੱਚ ਸਾਬਕਾ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ, ਅਤੇ ਸ਼ਿਵ ਸੈਨਾ ਸੰਸਦ ਮੈਂਬਰ ਮਿਲਿੰਦ ਦਿਓੜਾ ਸ਼ਾਮਲ ਹਨ। ਥਿੰਕ ਟੈਂਕਾਂ ਅਤੇ ਨੌਜਵਾਨ ਪੇਸ਼ੇਵਰਾਂ ਨਾਲ ਗੱਲਬਾਤ ਦੌਰਾਨ, ਥਰੂਰ ਨੇ ਕਿਹਾ ਕਿ ਵਫ਼ਦ ਨੂੰ ਜਿੱਥੇ ਵੀ ਉਹ ਗਏ, ਉੱਥੇ ਏਕਤਾ ਦੀ ਸਮਝ ਮਿਲੀ ਹੈ। ਉਨ੍ਹਾਂ ਕਿਹਾ, ਅਤੇ ਮੈਨੂੰ ਇਹ ਕਹਿੰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਅਸੀਂ ਜਿੱਥੇ ਵੀ ਗਏ ਅਤੇ ਮੈਂ ਇਹ ਬਿਨਾਂ ਕਿਸੇ ਅਪਵਾਦ ਦੇ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ, ਸਾਨੂੰ ਉਹ ਦੋਵੇਂ ਮਿਲੇ ਹਨ ਜੋ ਅਸੀਂ ਚਾਹੁੰਦੇ ਸੀ। ਸਾਨੂੰ ਸਮਝ ਮਿਲੀ ਹੈ ਅਤੇ ਸਾਨੂੰ ਏਕਤਾ ਮਿਲੀ ਹੈ। ਅਤੇ ਇਹ ਦੋ ਚੀਜ਼ਾਂ ਅਸਲ ਵਿੱਚ ਉਹ ਹਨ ਜਿਸ ਲਈ ਅਸੀਂ ਆਏ ਸੀ। ਅਸੀਂ ਅੱਜ ਅਤੇ ਕੱਲ੍ਹ ਬਾਕੀ ਸਮੇਂ ਦੌਰਾਨ ਦੂਜਿਆਂ ਨੂੰ ਮਿਲਦੇ ਰਹਾਂਗੇ। ਮੈਂ ਇੱਕ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ, ਅਤੇ ਫਿਰ ਮੈਂ ਇਸਨੂੰ ਚਰਚਾ ਲਈ ਖੋਲ੍ਹਣ ਵਿੱਚ ਬਹੁਤ ਖੁਸ਼ ਹੋਵਾਂਗਾ, ਅਤੇ ਉਹ ਗੱਲ ਬਿਲਕੁਲ ਸਿੱਧੀ ਹੈ ਕਿ ਇਹ ਅਜਿਹੀ ਚੀਜ਼ ਨਹੀਂ ਹੈ ਜਿਸ 'ਤੇ ਅਸੀਂ ਸੱਚਮੁੱਚ ਆਪਣਾ ਸਮਾਂ ਬਿਤਾਉਣਾ ਚਾਹੁੰਦੇ ਸੀ। ÷ਅਸੀਂ ਵਿਕਾਸ ਅਤੇ ਵਿਕਾਸ 'ਤੇ ਕੇਂਦ੍ਰਿਤ ਭਾਰਤ ਦੇਸ਼ ਹੈ। ਸਾਡਾ ਧਿਆਨ ਪੂਰੀ ਤਰ੍ਹਾਂ ਆਰਥਿਕ ਤਰੱਕੀ 'ਤੇ ਰਿਹਾ ਹੈ ਜੋ ਸਾਡੇ ਦੇਸ਼ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਕੁਝ ਲੋਕਾਂ ਨੂੰ ਇਸ ਤੋਂ ਹੇਠਾਂ ਕੱਢਣ ਅਤੇ ਬਾਕੀਆਂ ਨੂੰ ਸਾਡੇ ਸੁਪਨਿਆਂ ਦੇ ਵਿਕਸਤ ਭਾਰਤ ਵਿੱਚ ਲਿਜਾਣ ਲਈ ਬਹੁਤ ਜ਼ਰੂਰੀ ਹੈ। ਪਰ, ਦੁੱਖ ਦੀ ਗੱਲ ਹੈ ਕਿ ਲੋਕਾਂ ਨੂੰ ਸਰਹੱਦ ਪਾਰ ਕਰਨ ਅਤੇ ਆਪਣੇ ਨਾਗਰਿਕਾਂ ਨੂੰ ਸਜ਼ਾ ਤੋਂ ਬਿਨਾਂ ਮਾਰਨ ਦੀ ਇਜਾਜ਼ਤ ਨਹੀਂ ਦੇਵਾਂਗੇ। ਇਸ ਤਰ੍ਹਾਂ ਦੇ ਅੱਤਵਾਦੀ ਹਮਲਿਆਂ ਲਈ, ਜੋ ਕਿ ਸਾਵਧਾਨੀਪੂਰਵਕ ਯੋਜਨਾਬੰਦੀ ਅਤੇ ਫੌਜੀ ਸ਼ੈਲੀ ਦੇ ਅਮਲ ਦੇ ਸਾਰੇ ਲੱਛਣਾਂ ਨੂੰ ਦਰਸਾਉਂਦੇ ਹਨ, ਜਿਸ ਦੀ ਕੀਮਤ ਚੁਕਾਉਣੀ ਪਵੇਗੀ। ਇਸ ਤੋਂ ਪਹਿਲਾਂ, ਥਰੂਰ ਦੀ ਅਗਵਾਈ ਵਾਲੇ ਭਾਰਤੀ ਵਫ਼ਦ ਨੇ ਅਮਰੀਕਾ ਵਿੱਚ ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨਾਲ ਮੁਲਾਕਾਤ ਕੀਤੀ ਅਤੇ ਅੱਤਵਾਦ ਵਿਰੋਧੀ ਯਤਨਾਂ ਤੋਂ ਲੈ ਕੇ ਤਕਨੀਕੀ ਸਹਿਯੋਗ ਵਧਾਉਣ ਤੱਕ, ਨਾਜ਼ੁਕ ਮੁੱਦਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਕਵਰ ਕਰਦੇ ਹੋਏ ਵਿਆਪਕ ਚਰਚਾ ਕੀਤੀ। ÷ਅੱਜ ਵਾਸ਼ਿੰਗਟਨ ਡੀਸੀ ਵਿੱਚ ਸਾਡੇ ਵਫ਼ਦ ਨਾਲ ਉਪ-ਰਾਸ਼ਟਰਪਤੀ ਜੇਡੀ ਵੈਂਸ ਨਾਲ ਸ਼ਾਨਦਾਰ ਮੁਲਾਕਾਤ ਕੀਤੀ ਅਤੇ ਕਿਹਾ ਕਿ ਅਸੀਂ ਅੱਤਵਾਦ ਵਿਰੋਧੀ ਯਤਨਾਂ ਤੋਂ ਲੈ ਕੇ ਤਕਨੀਕੀ ਸਹਿਯੋਗ ਵਧਾਉਣ ਤੱਕ, ਕਈ ਮਹੱਤਵਪੂਰਨ ਮੁੱਦਿਆਂ ਨੂੰ ਕਵਰ ਕਰਦੇ ਹੋਏ ਵਿਆਪਕ ਚਰਚਾ ਕੀਤੀ। ਅਮਰੀਕਾ ਦੇ ਸਰਬ-ਪਾਰਟੀ ਵਫ਼ਦ ਦੇ ਮੈਂਬਰਾਂ ਦੇ ਨਾਲ ਵਾਸ਼ਿੰਗਟਨ ਡੀਸੀ ਵਿੱਚ ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨਾਲ ਇੱਕ ਮੀਟਿੰਗ ਕੀਤੀ। ਭਾਰਤ ਦੀ ਆਪਣੀ ਹਾਲੀਆ ਫੇਰੀ ਦੌਰਾਨ, ਵੀਪੀ ਵੈਂਸ ਨੇ ਨਿਰਦੋਸ਼ ਨਾਗਰਿਕਾਂ 'ਤੇ ਪਾਕਿਸਤਾਨ-ਸਮਰਥਿਤ ਹਮਲਿਆਂ ਦੀ ਬੇਰਹਿਮੀ ਨੂੰ ਵੀ ਦੇਖਿਆ, ਜਿਸ ਨਾਲ ਪਾਕਿਸਤਾਨੀ ਅੱਤਵਾਦ ਨੂੰ ਰੋਕਣ ਲਈ ਵਿਸ਼ਵਵਿਆਪੀ ਯਤਨਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧੀਨ ਭਾਰਤ ਦੇ ਮਜ਼ਬੂਤ ਅੱਤਵਾਦ ਵਿਰੋਧੀ ਯਤਨਾਂ ਤੋਂ ਲੈ ਕੇ ਭਾਰਤ ਅਤੇ ਅਮਰੀਕਾ ਵਿਚਕਾਰ ਤਕਨੀਕੀ ਸਹਿਯੋਗ ਵਧਾਉਣ ਤੱਕ ਦੇ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਵਿੱਚ ਰੁੱਝੇ ਹੋਏ, ਭਾਜਪਾ ਸੰਸਦ ਮੈਂਬਰ ਤੇਜਸਵੀ ਸੂਰਿਆ ਅਤੇ ਇੰਡੀਆ ਕਾਕਸ (ਰਿਪਬਲਿਕਨ) ਦੇ ਸਹਿ-ਚੇਅਰਪਰਸਨ, ਇੰਡੀਆ ਕਾਂਗਰਸ ਸੰਸਦ ਮੈਂਬਰ ਥਰੂਰ ਨੇ ਵੀਰਵਾਰ ਨੂੰ ਐਕਸ 'ਤੇ ਕਿਹਾ ਕਿ ਵਿਲਾਰਡ ਹੋਟਲ ਵਿੱਚ ਸਾਡੀ ਜਨਤਕ ਸ਼ਮੂਲੀਅਤ ਇੱਕ ਸ਼ਾਨਦਾਰ ਸਫਲਤਾ ਸੀ। ਇਸ ਸਮਾਗਮ ਵਿੱਚ 350 ਤੋਂ ਵੱਧ ਲੋਕਾਂ ਦੇ ਆਉਣ ਨਾਲ, ਸਾਨੂੰ ਭਾਰਤੀ ਪ੍ਰਵਾਸੀਆਂ ਨਾਲ ਗੱਲ ਕਰਨ ਦਾ ਮੌਕਾ ਦਿੱਤਾ, ਜੋ ਅੱਜ ਸਵੇਰੇ ਕੈਪੀਟਲ ਹਿੱਲ 'ਤੇ ਹਰ ਮੀਟਿੰਗ ਵਿੱਚ ਸ਼ਾਮਲ ਹੋਏ ਸਨ। ਜਿਵੇਂ ਕਿ ਦੂਜਿਆਂ ਨੇ ਆਪ੍ਰੇਸ਼ਨ ਸਿੰਦੂਰ ਨੂੰ ਕੁਝ ਵਿਸਥਾਰ ਵਿੱਚ ਸੰਬੋਧਨ ਕੀਤਾ ਸੀ, ਮੈਂ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਅਤੇ ਭੂ-ਰਾਜਨੀਤਿਕ ਗੱਠਜੋੜ ਦੇ ਮੌਕੇ 'ਤੇ ਧਿਆਨ ਕੇਂਦਰਿਤ ਕੀਤਾ ਜਿਸ ਵਿੱਚ ਡਾਇਸਪੋਰਾ ਉਤਪ੍ਰੇਰਕ ਵਜੋਂ ਸੀ। ਮੈਂ ਡਾਇਸਪੋਰਾ ਨੂੰ ਵਿਕਾਸ ਭਾਰਤ ਵਿੱਚ ਹਿੱਸਾ ਲੈਣ ਲਈ ਵੀ ਕਿਹਾ ਜੋ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਭਾਰਤ ਨਾਲ ਇੱਕ ਸੰਪਰਕ ਦੇਵੇਗਾ, ਜੋ ਸਾਡੇ ਸਬੰਧਾਂ ਲਈ ਬਹੁਤ ਜ਼ਰੂਰੀ ਹੈ, ਭਾਜਪਾ ਸੰਸਦ ਮੈਂਬਰ ਸ਼ਸ਼ਾਂਕ ਮਣੀ ਤ੍ਰਿਪਾਠੀ ਨੇ ਐਕਸ 'ਤੇ ਪੋਸਟ ਕੀਤਾ। ਇਸ ਮੌਕੇ ਭਾਰੀ ਗਿਣਤੀ ਚ' ਸਿੱਖ ਸਮਾਜ ਦੇ ਆਗੂਆਂ ਸਮੇਤ ਸਿੱਖਸ ਫਾਰ ਅਮਰੀਕਾ ਦੇ ਭਾਰੀ ਗਿਣਤੀ ਚ' ਕਾਰਕੁੰਨ ਹਾਜ਼ਰ ਸਨ।



# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

# ਬਰੈਂਪਟਨ ਵਿਚ ਸਿੱਖ ਸ਼ਹੀਦਾਂ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ










ਟੋਰਾਂਟੋ : ਬਰੈਂਪਟਨ ਵਿਚ ਬੀਤੇ ਕੱਲ੍ਹ ਗੁਰੂਦੁਆਰਾ ਗੁਰੂ ਨਾਨਕ ਮਿਸ਼ਨ ਤੋਂ ਬਰੈਂਪਟਨ ਦੇ ਗੁਰੂਦੁਆਰਾ ਜੋਤ ਪ੍ਰਕਾਸ਼ ਤੱਕ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਸਮੂਹ ਸਿੱਖ ਸ਼ਹੀਦਾਂ ਨੂੰ ਸਮਰਪਿਤ ਸਾਲਾਨਾਂ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਸਜਾਇਆ ਗਿਆ। ਇਸ ਮੌਕੇ ਜਿੱਥੇ ਸੰਗਤਾਂ ਦਾ ਠਾਠਾਂ ਮਾਰਦਾ ਇੱਕਠ ਦੂਰ-ਦੂਰ ਤੱਕ ਨਜ਼ਰ ਆ ਰਿਹਾ ਸੀ ਉੱਥੇ ਹੀ ਸੇਵਾਦਾਰਾਂ ਵਲੋਂ ਨਾਲ ਦੀ ਨਾਲ ਹੀ ਸਾਫ ਸਫਾਈ ਦਾ ਵੀ ਪੂਰਾ ਧਿਆਨ ਰੱਖਿਆ ਜਾ ਰਿਹਾ ਸੀ ਤੇ ਥਾਂ-ਥਾਂ ਗੁਰੂ ਕੇ ਲੰਗਰਾਂ ਦਾ ਵੀ ਪੂਰਾ ਪ੍ਰਬੰਧ ਸੀ ਜਦੋਂਕਿ ਸਾਰਾ ਦਿਨ ਗਰਮੀ ਦਾ ਮੌਸਮ ਰਹਿਣ ਕਾਰਨ ਤੇ ਇਸ ਦਿਹਾੜੇ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਵੀ ਲੱਗੀਆਂ ਨਜ਼ਰ ਆ ਰਹੀਆਂ ਸਨ ਜਿੱਥੇ ਹਰ ਪਾਸੇ ਰਾਹਗੀਰਾਂ ਨੂੰ ਰੋਕ-ਰੋਕ ਕੇ ਵੀ ਲੰਗਰ ਤੇ ਜਲ ਛਕਾਇਆ ਜਾ ਰਿਹਾ ਸੀ। ਪੀਲ ਡਿਸਟ੍ਰਿਟ ਬੋਰਡ ਦੇ ਡਿਪਟੀ ਚੇਅਰਮੈਨ ਸਤਪਾਲ ਸਿੰਘ ਜੌਹਲ ਨੇ ਨਗਰ ਕੀਰਤਨ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਸਾਲਾਨਾਂ ਨਗਰ ਕੀਰਤਨ ਸਿੱਖ ਕੌਮ ਦੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਵਾਉਂਦਾ ਹੈ ਜਿਸ ਤੋਂ ਨਵੀਂ ਪੀੜ੍ਹੀ ਨੂੰ ਸਿੱਖੀ ਤੇ ਸਿੱਖਾਂ ਦੀਆਂ ਕੁਰਬਾਨੀਆਂ ਭਰੇ ਇਤਿਹਾਸ ਬਾਰੇ ਜਾਨਣ ਵਿਚ ਸਹਾਇਤਾ ਮਿਲਦੀ ਹੈ। ਨਗਰ ਕੀਰਤਨ ਦੌਰਾਨ ਗੱਡੀਆਂ ਤੇ ਟਰੱਕਾਂ 'ਤੇ ਸਜਾਏ ਗਏ ਫਲੋਟਾਂ 'ਤੇ ਨਜ਼ਰ ਆ ਰਹੀਆਂ ਝਾਕੀਆਂ ਵਿਚ ਜੂਨ 1984 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨੁਕਸਾਨੀ ਗਈ ਇਮਾਰਤ ਤੇ ਭਾਰਤ ਸਰਕਾਰ ਦੀ ਵਧੀਕੀ ਨੂੰ ਵੀ ਰੂਪਮਾਨ ਕੀਤਾ ਗਿਆ ਸੀ। ਨਗਰ ਕਿਰਤਨ ਦੌਰਾਨ ਜਿੱਥੇ ਵੱਖ-ਵੱਖ ਗਤਕਾ ਟੀਮਾਂ ਵਲੋਂ ਗਤਕੇ ਦੇ ਜੌਹਰ ਦਿਖਾਏ ਜਾ ਰਹੇ ਸਨ ਉੱਥੇ ਹੀ ਕੁਝ ਸ਼ਿੰਗਾਰੇ ਹੋਏ ਘੋੜੇ ਵੀ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਸਨ।

## ਸਿੱਖ ਨਸਲਕੁਸ਼ੀ 'ਚ ਯੂਕੇ ਦੀ ਭੂਮਿਕਾ: ਬਰਤਾਨਵੀ ਸਿੱਖ ਸੰਸਦ ਮੈਂਬਰਾਂ ਵੱਲੋਂ ਨਿਰਪੱਖ ਜਾਂਚ ਦੀ ਮੰਗ

### ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਰਿੰਦਰ ਜੱਸ ਅਤੇ ਜਸ ਅਠਵਾਲ ਨੇ ਬਰਤਾਨਵੀ ਸੰਸਦ 'ਚ ਮਸਲਾ ਰੱਖਿਆ

ਲੰਡਨ : ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਰਿੰਦਰ ਜੱਸ ਅਤੇ ਜਸ ਅਠਵਾਲ ਨੇ ਬਰਤਾਨਵੀ ਸੰਸਦ ਵਿੱਚ ਜੂਨ 1984 'ਚ ਭਾਰਤ ਦੇ Operation Blue Star ਵਿੱਚ ਤਤਕਾਲੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਦੀ ਸ਼ਮੂਲੀਅਤ ਦੀ ਨਿਰਪੱਖ ਜਾਂਚ ਦੀ ਮੰਗ ਦੁਹਰਾਈ ਹੈ।



ਜੱਸ, ਜੋ ਉੱਤਰੀ ਇੰਗਲੈਂਡ ਦੇ ਵੁਲਵਰਹੈਂਪਟਨ ਵੈਸਟ ਵਿੱਚ ਲੇਬਰ ਪਾਰਟੀ ਦਾ ਪ੍ਰਤੀਨਿਧ ਹੈ, ਅਤੇ ਅਠਵਾਲ, ਜੋ ਦੇਸ਼ ਦੇ ਪੂਰਬ ਵਿੱਚ ਇਲਫੋਰਡ ਸਾਊਥ ਤੋਂ ਲੇਬਰ ਐੱਮਪੀ ਹੈ, ਨੇ ਸੈਸ਼ਨ ਦੌਰਾਨ ਹਾਊਸ ਆਫ਼ ਕਾਮਨਜ਼ ਦੀ ਆਗੂ ਲੂਸੀ ਪਾਵੇਲ ਕੋਲ ਇਹ ਮਾਮਲਾ ਚੁੱਕਿਆ। ਉਨ੍ਹਾਂ ਨੇ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ (Golden Temple) ਵਿਖੇ Operation Blue Star ਤਹਿਤ ਕੀਤੀ ਕਾਰਵਾਈ ਦੀ 41ਵੀਂ ਬਰਸੀ 'ਤੇ ਚਾਨਣਾ ਪਾਇਆ ਅਤੇ ਇਸ ਸਾਲ ਦੇ ਸ਼ੁਰੂ ਵਿੱਚ ਪਾਵੇਲ ਵੱਲੋਂ ਆਪਣੇ ਸਾਥੀ ਸਿੱਖ ਲੇਬਰ ਸੰਸਦ ਮੈਂਬਰ, ਤਨਮਨਜੀਤ ਸਿੰਘ ਢੇਸੀ (ਟੈਨ ਢੇਸੀ) ਨੂੰ ਦਿੱਤੇ ਗਏ ਭਰੋਸੇ ਵੱਲ ਇਸ਼ਾਰਾ ਕੀਤਾ। ਪਾਵੇਲ ਨੇ ਉਦੋਂ ਕਿਹਾ ਸੀ ਕਿ 'ਜੋ ਕੁਝ ਹੋਇਆ ਉਸ ਦੀ ਤਹਿ ਤੱਕ ਜਾਣ ਦੀ ਲੋੜ ਹੈ।'

ਜੱਸ ਨੇ ਕਿਹਾ, "2014 ਵਿੱਚ ਸਾਹਮਣੇ ਆਏ ਦਸਤਾਵੇਜ਼ਾਂ ਤੋਂ ਪਤਾ ਚੱਲਿਆ ਕਿ ਥੈਚਰ ਸਰਕਾਰ ਨੇ ਆਪ੍ਰੇਸ਼ਨ ਬਲੂ ਸਟਾਰ ਲਈ ਸਲਾਹ ਦੇ ਕੇ ਆਪਣੇ ਭਾਰਤੀ ਹਮਰੁਤਬਾ ਦੀ ਮਦਦ ਕੀਤੀ ਸੀ।" ਸਿੱਖ ਐੱਮਪੀ ਨੇ ਪੁੱਛਿਆ, "2014 ਤੋਂ ਹੀ ਬ੍ਰਿਟਿਸ਼ ਸਰਕਾਰ ਦੀ ਸ਼ਮੂਲੀਅਤ ਦੀ ਹੱਦ ਨਿਰਧਾਰਿਤ ਕਰਨ ਲਈ ਕਈ ਵਾਰ ਆਵਾਜ਼ ਚੁੱਕੀ ਗਈ ਤੇ ਕਈ ਭਰੋਸੇ ਵੀ ਦਿੱਤੇ ਗਏ। ਕੀ ਸਦਨ ਦੀ ਆਗੂ ਵੱਲੋਂ ਜੱਜ ਦੀ ਅਗਵਾਈ ਵਿਚ ਨਿਰਪੱਖ ਜਨਤਕ ਜਾਂਚ ਦਾ ਐਲਾਨ ਕੀਤਾ ਜਾਵੇਗਾ, ਤਾਂ ਕਿ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, ਜੋ ਕੁਝ ਹੋਇਆ, ਉਸ ਦੀ ਤਹਿ ਤੱਕ ਪਹੁੰਚਿਆ ਜਾ ਸਕੇ।" ਪਾਵੇਲ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੀਆਂ ਚਿੰਤਾਵਾਂ ਨੂੰ ਸਵੀਕਾਰ ਕਰਦੇ ਹੋਏ ਜਵਾਬ ਦਿੱਤਾ ਕਿ ਇਹ ਮਸਲਾ ਆਖਰੀ ਵਾਰ ਜਨਵਰੀ ਦੇ ਸ਼ੁਰੂ ਵਿੱਚ ਉਠਾਏ ਜਾਣ ਤੋਂ ਬਾਅਦ ਉਨ੍ਹਾਂ ਕੋਲ ਇਸ ਬਾਰੇ ਕੋਈ ਹੋਰ ਅਪਡੇਟ ਨਹੀਂ ਹੈ। ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਦੀ ਪਹਿਲੀ ਮੰਗ ਕੁਝ ਸਾਲ ਪਹਿਲਾਂ ਉਦੋਂ ਉੱਠੀ ਸੀ ਜਦੋਂ ਇਹ ਤੱਥ ਸਾਹਮਣੇ ਆਇਆ ਸੀ ਕਿ Operation Blue Star ਤੋਂ ਪਹਿਲਾਂ ਭਾਰਤੀ ਫੌਜਾਂ ਨੂੰ ਬਰਤਾਨੀਆ ਵੱਲੋਂ ਫੌਜੀ ਕਾਰਵਾਈ ਸਬੰਧੀ ਸਲਾਹ ਮਸ਼ਵਰਾ ਦਿੱਤਾ ਗਿਆ ਸੀ।

ਤਤਕਾਲੀ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਇਸ ਤੱਥ ਦੀ ਅੰਦਰੂਨੀ ਸਮੀਖਿਆ ਦੇ ਹੁਕਮ ਦਿੱਤੇ ਸਨ। ਇਸ ਮਗਰੋਂ ਬਰਤਾਨਵੀ ਸੰਸਦ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਸੀ ਕਿ ਬ੍ਰਿਟੇਨ ਦੀ ਭੂਮਿਕਾ ਪੂਰੀ ਤਰ੍ਹਾਂ 'ਸਲਾਹਕਾਰੀ' ਸੀ ਅਤੇ ਵਿਸ਼ੇਸ਼ ਹਵਾਈ ਸੇਵਾ (SAS) ਦੀ ਸਲਾਹ ਦਾ ਜੂਨ 1984 ਵਿੱਚ Operation Blue Star 'ਤੇ 'ਸੀਮਤ ਅਸਰ' ਸੀ।

## ਗਾਜ਼ਾ 'ਚ ਰਾਹਤ ਸਮੱਗਰੀ ਵੰਡਣ ਵੇਲੇ ਗੋਲੀਬਾਰੀ, ਪੰਜ ਮੌਤਾਂ

### ਇਜ਼ਰਾਇਲੀ ਫੌਜ ਨੇ ਚਲਾਈਆਂ ਗੋਲੀਆਂ; ਲੋਕਾਂ ਦੇ ਜਵਾਨਾਂ ਵੱਲ ਵਧਣ ਦਾ ਦੋਸ਼ ਲਾਇਆ


ਦੀਰ ਅਲ-ਬਲਾਹ : ਗਾਜ਼ਾ ਪੱਟੀ 'ਚ ਇਜ਼ਰਾਈਲ ਅਤੇ ਅਮਰੀਕਾ ਪੱਖੀ ਗਰੁੱਪ ਵੱਲੋਂ ਚਲਾਏ ਜਾ ਰਹੇ ਰਾਹਤ ਸਹਾਇਤਾ ਵੰਡ ਕੇਂਦਰ ਤੋਂ ਕਰੀਬ ਇਕ ਕਿਲੋਮੀਟਰ ਦੂਰ ਇਜ਼ਰਾਇਲੀ ਗੋਲੀਬਾਰੀ 'ਚ ਪੰਜ ਵਿਅਕਤੀ ਮਾਰੇ ਗਏ ਅਤੇ ਕੁਝ ਹੋਰ ਜ਼ਖ਼ਮੀ ਹੋ ਗਏ ਹਨ। ਫਲਸਤੀਨੀ ਸਿਹਤ ਅਧਿਕਾਰੀਆਂ ਅਤੇ ਚਸ਼ਮਦੀਦਾਂ ਨੇ ਇਹ ਜਾਣਕਾਰੀ ਦਿੱਤੀ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਸ ਨੇ ਆਪਣੇ ਜਵਾਨਾਂ ਦੇ ਨੇੜੇ ਆਉਣ ਵਾਲੇ ਲੋਕਾਂ 'ਤੇ ਚਿਤਾਵਨੀ ਵਜੋਂ ਗੋਲੀਆਂ ਚਲਾਈਆਂ ਸਨ। ਗਾਜ਼ਾ ਦੇ ਦੱਖਣੀ ਸ਼ਹਿਰ ਖ਼ਾਨ ਯੂਨਿਸ ਦੇ ਨਾਸਿਰ ਹਸਪਤਾਲ 'ਚ ਚਾਰ ਲਾਸ਼ਾਂ ਲਿਆਂਦੀਆਂ ਗਈਆਂ। ਉਥੇ ਮੌਜੂਦ ਫਲਸਤੀਨੀ ਚਸ਼ਮਦੀਦਾਂ ਨੇ ਦੱਸਿਆ ਕਿ



ਇਜ਼ਰਾਇਲੀ ਫੌਜ ਨੇ ਉਨ੍ਹਾਂ 'ਤੇ ਗੋਲੀਬਾਰੀ ਕੀਤੀ ਸੀ ਜੋ ਰਾਫ਼ਾਹ 'ਚ ਗਾਜ਼ਾ ਮਾਨਵੀ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਰਾਹਤ ਸਹਾਇਤਾ ਕੇਂਦਰ ਤੋਂ ਕਰੀਬ ਇਕ ਕਿਲੋਮੀਟਰ ਦੂਰ ਹੈ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਸ ਨੇ ਉਨ੍ਹਾਂ ਲੋਕਾਂ 'ਤੇ ਚਿਤਾਵਨੀ ਵਜੋਂ ਗੋਲੀਆਂ ਚਲਾਈਆਂ ਜੋ ਸ਼ੱਕੀ ਸਨ। ਉਨ੍ਹਾਂ ਕਿਹਾ ਕਿ ਲੋਕ ਜਵਾਨਾਂ ਵੱਲ ਅੱਗੇ ਵੱਧ ਰਹੇ ਸਨ ਅਤੇ ਉਨ੍ਹਾਂ ਪਿੱਛੇ ਹਟਣ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ। ਇਸ ਦੌਰਾਨ ਅਲ-ਅਵਦਾ ਹਸਪਤਾਲ ਨੇ ਇਕ ਬਿਆਨ 'ਚ ਕਿਹਾ ਕਿ ਉਥੇ 42 ਵਰ੍ਹਿਆਂ ਦੇ ਵਿਅਕਤੀ ਦੀ ਲਾਸ਼ ਲਿਆਂਦੀ ਗਈ ਹੈ। ਇਸ ਦੇ ਨਾਲ ਹੀ 29 ਜ਼ਖ਼ਮੀਆਂ ਨੂੰ ਲਿਆਂਦਾ ਗਿਆ ਹੈ ਜੋ ਗਾਜ਼ਾ 'ਚ ਇਕ ਹੋਰ ਰਾਹਤ ਸਹਾਇਤਾ ਕੇਂਦਰ ਕੋਲ ਜ਼ਖ਼ਮੀ ਹੋਏ ਸਨ।

## ਮੋਦੀ ਨੂੰ ਜੀ-7 ਸੰਮੇਲਨ ਦਾ ਸੱਦਾ ਦੇਣ 'ਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਕੀਤੀ ਨਿੰਦਾ

ਅਲਬਰਟਾ : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐਸਓ) ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਲਬਰਟਾ ਦੇ ਕਨਾਨਾਸਕਿਸ ਵਿੱਚ ਹੋਣ ਵਾਲੇ ਜੀ7 ਸੰਮੇਲਨ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਣ ਦੀ ਨਿੰਦਾ ਕੀਤੀ ਹੈ। ਇਸ ਐਲਾਨ ਨੇ ਕੈਨੇਡਾ ਭਰ ਦੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕਰ ਦਿਤਾ ਹੈ। 21 ਮਈ ਨੂੰ, ਡਬਲਯੂਐਸਓ ਨੇ ਪ੍ਰਧਾਨ ਮੰਤਰੀ ਕਾਰਨੀ ਨੂੰ ਇੱਕ ਰਸਮੀ ਪੱਤਰ ਭੇਜਿਆ ਜਿਸ ਵਿੱਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੋਦੀ ਨੂੰ ਸੱਦਾ ਨਾ ਦੇਣ ਦੀ ਅਪੀਲ ਕੀਤੀ ਗਈ ਸੀ। ਇਸ ਪੱਤਰ ਵਿੱਚ ਕੈਨੇਡਾ 'ਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅੰਤਰਰਾਸ਼ਟਰੀ ਦਮਨ ਦੀ ਭਾਰਤ ਦੀਆਂ ਕਾਰਵਾਈਆਂ ਬਾਰੇ ਦਸਿਆ ਗਿਆ ਹੈ। ਜਿਸ ਵਿੱਚ 2023 'ਚ ਕੈਨੇਡੀਅਨ ਸਿੱਖ ਨੇਤਾ ਹਰਦੀਪ ਸਿੰਘ ਨਿੱਝਰ ਦਾ ਕਤਲ ਅਤੇ ਆਰਸੀਐਮਪੀ ਵੱਲੋਂ ਕੈਨੇਡੀਅਨ ਧਰਤੀ 'ਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਭਾਰਤੀ ਸਰਕਾਰੀ ਏਜੰਟਾਂ ਦੇ 'ਸਪਸ਼ਟ ਅਤੇ ਠੋਸ ਸਬੂਤ' ਦੀ ਪੁਸ਼ਟੀ ਸ਼ਾਮਲ ਹੈ।



ਕੈਨੇਡੀਅਨ ਅਧਿਕਾਰੀਆਂ ਨਾਲ ਸਹਿਯੋਗ ਕਰਨ ਤੋਂ ਲਗਾਤਾਰ ਇਨਕਾਰ ਕਰਨ ਦੇ ਬਾਵਜੂਦ ਪ੍ਰਧਾਨ ਮੰਤਰੀ ਮੋਦੀ ਨੂੰ ਸੱਦਾ ਭੇਜਿਆ ਗਿਆ ਹੈ। ਕੁਝ ਹਫ਼ਤੇ ਪਹਿਲਾਂ ਹੀ, ਭਾਰਤੀ ਖੁਫੀਆ ਕਾਰਵਾਈਆਂ ਨਾਲ ਜੁੜੇ ਇੱਕ ਬਿਸ਼ਨੋਈ ਗਿਰੋਹ ਨੇ 14 ਮਈ ਨੂੰ ਮਿਸੀਸਾਗਾ ਵਿੱਚ ਇੱਕ ਸਿੱਖ ਵਪਾਰੀ ਦੀ ਹੱਤਿਆ ਦੀ ਜ਼ਿੰਮੇਵਾਰੀ ਲਈ ਸੀ। ਮੋਦੀ ਨੇ ਖੁੱਲ੍ਹ ਕੇ ਕਿਹਾ ਹੈ ਕਿ ਭਾਰਤ ਹੁਣ ਦੂਜੇ ਦੇਸ਼ਾਂ ਵਿੱਚ ਜਾਵੇਗਾ ਅਤੇ ਉਨ੍ਹਾਂ ਨੂੰ ਮਾਰ ਦੇਵੇਗਾ ਜਿਨ੍ਹਾਂ ਨੂੰ ਉਹ ਆਪਣਾ ਦੁਸ਼ਮਣ ਸਮਝਦਾ ਹੈ। ਜੀ7 ਸੰਮੇਲਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਦੂਜੀ ਵਰ੍ਹੇਗੰਢ ਤੋਂ ਕੁਝ ਦਿਨ ਪਹਿਲਾਂ 18 ਜੂਨ, 2025 ਨੂੰ ਹੋਣ ਵਾਲਾ ਹੈ।

ਸੰਸਥਾ ਦੇ ਪ੍ਰਧਾਨ ਦਾਨਿਸ਼ ਸਿੰਘ ਨੇ ਕਿਹਾ, "ਪ੍ਰਧਾਨ ਮੰਤਰੀ ਕਾਰਨੀ ਦਾ ਨਰਿੰਦਰ ਮੋਦੀ ਨੂੰ ਸੱਦਾ ਦੇਣ ਦਾ ਫ਼ੈਸਲਾ ਕੈਨੇਡਾ ਵਿੱਚ ਸਿੱਖਾਂ ਲਈ, ਸਗੋਂ ਮੂਲ ਕੈਨੇਡੀਅਨ ਕਦਰਾਂ-ਕੀਮਤਾਂ ਨਾਲ ਵੀ ਵਿਸ਼ਵਾਸਘਾਤ ਹੈ। ਜਦੋਂ ਕਿ ਭਾਰਤ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਕਿਸੇ ਵੀ ਭੂਮਿਕਾ ਤੋਂ ਇਨਕਾਰ ਕਰਦਾ ਰਹਿੰਦਾ ਹੈ ਅਤੇ ਕੈਨੇਡੀਅਨ ਅਧਿਕਾਰੀਆਂ ਨਾਲ ਸਹਿਯੋਗ ਕਰਨ ਤੋਂ ਇਨਕਾਰ ਕਰਦਾ ਹੈ, ਸ਼ਰਮਨਾਕ ਅਤੇ ਖ਼ਤਰਨਾਕ ਦੋਵੇਂ ਹੈ।"

# ਗੁਰੂ ਗ੍ਰੰਥ ਸਾਹਿਬ ਭਵਨ ਹਾਲ ਦੇ ਨਵੀਨੀਕਰਨ, ਪਬਲੀਕੇਸ਼ਨ ਦਫ਼ਤਰ, ਗੁਰਮਤਿ ਸਾਹਿਤ ਘਰ ਤੇ ਪਾਵਨ ਸਰੂਪਾਂ ਦੀ ਆਧੁਨਿਕ ਛਪਾਈ ਮਸ਼ੀਨ ਦਾ ਉਦਘਾਟਨ



ਅੰਮ੍ਰਿਤਸਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਅਸਥਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਨਵੀਨੀਕਰਨ ਕੀਤੇ ਹਾਲ, ਪਬਲੀਕੇਸ਼ਨ ਵਿਭਾਗ ਦੇ ਦਫ਼ਤਰ ਤੇ ਗੁਰਮਤਿ ਲਿਟਰੇਚਰ ਹਾਊਸ ਦੇ ਨਾਲ-ਨਾਲ ਪਾਵਨ ਸਰੂਪਾਂ ਦੀ ਛਪਾਈ ਲਈ ਆਧੁਨਿਕ ਮਸ਼ੀਨ ਦਾ ਉਦਘਾਟਨ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਵਲੋਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਕੀਤਾ ਗਿਆ। ਇਸ ਮੌਕੇ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਭੂਰੀਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਸੁੱਚਾ ਸਿੰਘ ਤੇ ਬਾਬਾ ਸਤਿਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਹਰਜਾਪ ਸਿੰਘ ਸੁਲਤਾਨਵਿੰਡ, ਬਾਵਾ ਸਿੰਘ ਗੁਮਾਨਪੁਰਾ, ਗੁਰਮੀਤ ਸਿੰਘ ਬੂਹ, ਸਕੱਤਰ ਪ੍ਰਤਾਪ ਸਿੰਘ, ਓ. ਐੱਸ. ਡੀ. ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਇਥੇ ਦੱਸਣਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਚਾਰ ਨੰਬਰ ਹਾਲ ਨੂੰ ਆਧੁਨਿਕ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ, ਜਿਸ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵਲੋਂ ਕਰਵਾਈ ਗਈ ਹੈ। ਇਸੇ ਤਰ੍ਹਾਂ ਪਬਲੀਕੇਸ਼ਨ ਵਿਭਾਗ ਦੇ ਦਫ਼ਤਰ ਅਤੇ ਗੁਰਮਤਿ ਲਿਟਰੇਚਰ ਹਾਊਸ ਨੂੰ ਵੀ ਨਵੇਂ ਸਿਰਿਓਂ ਤਿਆਰ ਕੀਤਾ ਗਿਆ ਹੈ। ਇਸ ਇਮਾਰਤ ਦੀ ਸੇਵਾ ਬਾਬਾ ਸੁੱਚਾ ਸਿੰਘ ਤੇ ਬਾਬਾ ਸਤਿਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆਂ ਨੂੰ ਸੌਂਪੀ ਗਈ ਸੀ। ਉਦਘਾਟਨੀ ਰਸਮ ਉਪਰੰਤ ਗੱਲਬਾਤ ਕਰਦਿਆਂ ਪ੍ਰਧਾਨ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਨੂੰ ਕਾਇਮ ਰੱਖਣਾ ਸਿੱਖ ਸੰਸਥਾ ਦੀ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪਾਵਨ ਸਰੂਪਾਂ ਦਾ ਪ੍ਰਕਾਸ਼ਨ ਕੇਵਲ ਸ਼੍ਰੋਮਣੀ ਕਮੇਟੀ ਹੀ ਕਰਦੀ ਹੈ, ਜਿਥੋਂ ਇਹ ਪਾਵਨ ਸਰੂਪ ਮਰਯਾਦਾ ਅਨੁਸਾਰ ਸੰਗਤਾਂ ਤੱਕ ਪਹੁੰਚਾਏ ਜਾਂਦੇ ਹਨ। ਇਸ ਮੌਕੇ ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮਨਜੀਤ ਸਿੰਘ, ਐਕਸੀਅਨ ਜਤਿੰਦਰਪਾਲ ਸਿੰਘ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ ਵੀ ਮੌਜੂਦ ਸਨ।

# ਦਮਦਮੀ ਟਕਸਾਲ ਵੱਲੋਂ ਸੁਖਬੀਰ ਬਾਦਲ ਦੀ ਰਿਹਾਇਸ਼ 'ਤੇ ਦਿੱਤੇ ਜਾਣ ਵਾਲਾ ਧਰਨਾ ਮੁਲਤਵੀ

## ਦਮਦਮੀ ਟਕਸਾਲ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਮੀਟਿੰਗ ਮਗਰੋਂ ਬਣੀ ਸਹਿਮਤੀ; ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰਾਂ ਦੇ ਮਸਲੇ ਦਾ ਸਰਵ ਪ੍ਰਵਾਨਤ ਹੱਲ ਕੱਢਣ ਦਾ ਭਰੋਸਾ



ਅੰਮ੍ਰਿਤਸਰ : ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਚਾਲੇ ਅੱਜ ਮੁੜ ਹੋਈ ਮੀਟਿੰਗ ਤੋਂ ਬਾਅਦ ਦਮਦਮੀ ਟਕਸਾਲ ਨੇ 11 ਜੂਨ ਨੂੰ ਪਿੰਡ ਬਾਦਲ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ ਦੇ ਬਾਹਰ ਦਿੱਤਾ ਜਾਣ ਵਾਲਾ ਧਰਨਾ ਫਿਲਹਾਲ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਇਹ ਮੀਟਿੰਗ ਬਾਅਦ ਦੁਪਹਿਰ ਹੋਈ ਅਤੇ ਸ਼ਾਮ ਤੱਕ ਚੱਲੀ ਹੈ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਦੋਂਕਿ ਦੂਜੇ ਪਾਸੇ ਦਮਦਮੀ ਟਕਸਾਲ ਦੇ ਮੁਖੀ ਤੇ ਉਨ੍ਹਾਂ ਦੇ ਹੋਰ ਸਮਰਥਕ ਸ਼ਾਮਲ ਸਨ। ਮੀਟਿੰਗ ਉਪਰੰਤ ਟਕਸਾਲ ਦੇ ਬੁਲਾਰੇ ਨੇ ਬਾਬਾ ਹਰਨਾਮ ਸਿੰਘ ਖਾਲਸਾ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਹੈ ਕਿ 11 ਜੂਨ ਨੂੰ ਪਿੰਡ ਬਾਦਲ ਵਿਖੇ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ ਦੇ ਬਾਹਰ ਦਿੱਤੇ ਜਾਣ ਵਾਲਾ ਧਰਨਾ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਵਿਚਾਲੇ ਹੋਈ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਦਮਦਮੀ ਟਕਸਾਲ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਹਟਾਏ ਗਏ ਜਥੇਦਾਰਾਂ ਨੂੰ ਬਹਾਲ ਕਰਨ ਦੀ ਦਮਦਮੀ ਟਕਸਾਲ ਦੀ ਮੰਗ ਦੇ ਮਾਮਲੇ ਬਾਰੇ ਜਲਦੀ ਹੀ ਫੈਸਲਾ ਕੀਤਾ ਜਾਵੇਗਾ।

ਟਕਸਾਲ ਦੇ ਮੁਖੀ ਨੇ ਦੱਸਿਆ ਕਿ ਅੱਜ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੀਆਂ ਕਈ ਪ੍ਰਮੁੱਖ ਹਸਤੀਆਂ ਮਿਲਣ ਵਾਸਤੇ ਮਹਿਤਾ ਸਥਿਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਪੁੱਜੀਆਂ ਸਨ। ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਨੇ ਭਰੋਸਾ ਦਿੱਤਾ ਹੈ ਕਿ ਜਥੇਦਾਰਾਂ ਦੇ ਮਸਲੇ ਦਾ ਸਰਵ ਪ੍ਰਵਾਨਤ ਹੱਲ ਕੱਢ ਕੇ ਕੌਮ ਵਿੱਚ ਪਈ ਦੁਬਿਧਾ ਨੂੰ ਜਲਦੀ ਖਤਮ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਵੱਲੋਂ ਦਿੱਤੇ ਗਏ ਭਰੋਸੇ ਤੋਂ ਬਾਅਦ ਇਹ ਧਰਨਾ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਸਮੁੱਚੀਆਂ ਸਿੱਖ ਸੰਗਤਾਂ, ਸੰਤਾਂ ਮਹਾਂਪੁਰਸ਼ਾਂ, ਨਿਹੰਗ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ 11 ਜੂਨ ਦਾ ਰੋਸ ਧਰਨਾ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ।

ਦੱਸਣਯੋਗ ਹੈ ਕਿ ਦਮਦਮੀ ਟਕਸਾਲ ਵੱਲੋਂ ਸ਼੍ਰੋਮਣੀ ਕਮੇਟੀ ਦੇ ਜਥੇਦਾਰਾਂ ਨੂੰ ਹਟਾਉਣ ਅਤੇ ਨਿਯੁਕਤੀ ਦੇ ਫੈਸਲੇ ਦਾ ਵਿਰੋਧ ਕੀਤਾ ਗਿਆ ਸੀ। ਹਟਾਏ ਗਏ ਜਥੇਦਾਰਾਂ ਦੀ ਬਹਾਲੀ ਦੀ ਮੰਗ ਨੂੰ ਲੈ ਕੇ ਦਮਦਮੀ ਟਕਸਾਲ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਬਾਹਰ ਰੋਸ ਧਰਨਾ ਵੀ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਭਰੋਸੇ ਤੋਂ ਬਾਅਦ ਵੀ ਕੋਈ ਕਾਰਵਾਈ ਨਾ ਹੋਣ ਕਾਰਨ ਦਮਦਮੀ ਟਕਸਾਲ ਵੱਲੋਂ 11 ਜੂਨ ਨੂੰ ਸੁਖਬੀਰ ਬਾਦਲ ਦੀ ਪਿੰਡ ਬਾਦਲ ਸਥਿਤ ਰਿਹਾਇਸ਼ ਦੇ ਬਾਹਰ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਸੀ। ਦਮਦਮੀ ਟਕਸਾਲ ਦੇ ਮੁਖੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਿਚਾਲੇ ਇਸ ਤੋਂ ਪਹਿਲਾਂ ਵੀ ਦੋ ਮੀਟਿੰਗਾਂ ਹੋ ਚੁੱਕੀਆਂ ਹਨ।


# ਪੁਲਿਸ ਨੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੂੰ ਹਿਰਾਸਤ 'ਚ ਲਿਆ

## 'ਆਪ' ਆਗੂ 'ਤੇ ਲੋਕਾਂ ਨੂੰ ਭੂਮੀਹੀਣ ਕੈਂਪ ਵਿੱਚ ਘਰ ਖਾਲੀ ਨਾ ਕਰਨ ਲਈ ਕਹਿਣ ਦਾ ਦੋਸ਼



ਨਵੀਂ ਦਿੱਲੀ : ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੂੰ ਦਿੱਲੀ ਪੁਲੀਸ ਵੱਲੋਂ ਮੰਗਲਵਾਰ ਨੂੰ ਕਾਲਕਾਜੀ ਖੇਤਰ ਵਿੱਚ ਝੁੱਗੀਆਂ ਝੌਂਪੜੀਆਂ ਦੀ ਕਲੋਨੀ ਢਾਹੁਣ ਵਿਰੋਧੀ ਪ੍ਰਦਰਸ਼ਨ ਵਾਲੀ ਥਾਂ ਤੋਂ ਹਿਰਾਸਤ ਵਿੱਚ ਲਿਆ ਗਿਆ। ਪੁਲੀਸ ਨੇ ਦਾਅਵਾ ਕੀਤਾ ਕਿ ਉਹ ਲੋਕਾਂ ਨੂੰ ਭੂਮੀਹੀਣ ਕੈਂਪ ਵਿੱਚ ਘਰ ਖਾਲੀ ਨਾ ਕਰਨ ਲਈ ਕਹਿ ਰਹੀ ਸੀ। ਦਿੱਲੀ ਹਾਈ ਕੋਰਟ ਨੇ ਪਹਿਲਾਂ ਝੁੱਗੀ-ਝੌਂਪੜੀ ਵਾਲਿਆਂ ਦੀਆਂ ਆਉਣ ਵਾਲੀਆਂ ਬੇਦਖ਼ਲੀ ਅਤੇ ਉਸਾਰੀਆਂ ਢਾਹੁਣ ਵਿਰੁੱਧ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਸੀ। ਪੁਲੀਸ ਅਨੁਸਾਰ ਆਤਿਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜਦੋਂ ਕਿ ਆਤਿਸ਼ੀ ਨੇ ਕਿਹਾ ਕਿ ਉਨ੍ਹਾਂ ਨੂੰ ਕਾਲਕਾਜੀ ਤੋਂ 43 ਕਿਲੋਮੀਟਰ ਦੂਰ ਬਾਬਾ ਹਰੀਦਾਸ ਨਗਰ ਥਾਣਾ (ਝੜੌਦਾ ਕਲਾਂ) ਵਿਖੇ ਨਜ਼ਰਬੰਦ ਕੀਤਾ ਗਿਆ। ਆਤਿਸ਼ੀ ਨੂੰ ਮੰਗਲਵਾਰ ਨੂੰ ਉਦੋਂ ਦਿੱਲੀ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਜਦੋਂ ਉਹ ਕਾਲਕਾਜੀ ਵਿੱਚ ਭੂਮੀਹੀਣ ਕੈਂਪ ਵਿੱਚ ਤੋੜ ਫੋੜ ਦੇ ਵਿਰੋਧ ਵਿੱਚ ਹਿੱਸਾ ਲੈ ਰਹੀ ਸੀ। ਇਹ ਪ੍ਰਦਰਸ਼ਨ ਦਿੱਲੀ ਸਰਕਾਰ ਸਣੇ ਹੋਰ ਸਰਕਾਰੀ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਤੋੜਫੋੜ ਦਾ ਵਿਰੋਧ ਵਿੱਚ ਕੀਤਾ ਗਿਆ ਸੀ। ਭਾਰਤੀ ਜਨਤਾ ਪਾਰਟੀ 'ਤੇ ਭੂਮੀਹੀਣ ਕੈਂਪ 'ਤੇ ਬੁਲਡੋਜ਼ਰ ਚਲਾਉਣ ਦਾ ਦੋਸ਼ ਲਗਾਉਂਦੇ ਹੋਏ ਆਤਿਸ਼ੀ ਨੇ ਦਾਅਵਾ ਕੀਤਾ ਕਿ ਭੂਮੀਹੀਣ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਸਨ। ਝੁੱਗੀ-ਝੌਂਪੜੀ ਬਸਤੀ ਵਿੱਚ ਰਿਹਾਇਸ਼ੀ ਖੇਤਰ 'ਤੇ ਦਿੱਲੀ ਵਿਕਾਸ ਅਥਾਰਟੀ ਵੱਲੋਂ ਬੇਦਖ਼ਲੀ ਲਈ ਨੋਟਿਸ ਲਗਾਏ ਗਏ ਹਨ, ਜਿਸ ਨਾਲ 'ਕਬਜ਼ਿਆਂ ਵਾਲਿਆਂ' ਨੂੰ ਥਾਂ ਖਾਲੀ ਕਰਨ ਜਾਂ ਨਤੀਜੇ ਭੁਗਤਣ ਲਈ ਤਿੰਨ ਦਿਨਾਂ ਦਾ ਅਲਟੀਮੇਟਮ ਦਿੱਤਾ ਗਿਆ ਹੈ। ਐਕਸ 'ਤੇ ਇੱਕ ਪੋਸਟ ਵਿੱਚ ਆਤਿਸ਼ੀ ਨੇ ਕਿਹਾ ਕਿ ਭਾਜਪਾ ਕਾਲਕਾਜੀ ਵਿੱਚ ਬੇਜ਼ਮੀਨੇ ਕੈਂਪ ਨੂੰ ਬੁਲਡੋਜ਼ਰ ਨਾਲ ਢਾਹੁਣ ਜਾ ਰਹੀ ਹੈ। ਜਦੋਂ ਉਨ੍ਹਾਂ ਲੋਕਾਂ ਨੇ ਆਪਣੀ ਆਵਾਜ਼ ਉਠਾਈ, ਤਾਂ ਪੁਲੀਸ ਉਨ੍ਹਾਂ ਨੂੰ ਚੁੱਕ ਕੇ ਲੈ ਗਈ। ਜਦੋਂ ਉਹ ਸਥਾਨਕ ਵਾਸੀਆਂ ਨੂੰ ਮਿਲਣ ਲਈ ਉੱਥੇ ਗਈ ਤਾਂ ਉਸ ਨੂੰ ਵੀ ਭਾਜਪਾ ਦੀ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਇੱਕ ਹੋਰ ਪੋਸਟ ਵਿੱਚ ਉਨ੍ਹਾਂ ਕਿਹਾ ਕਿ ਕੱਲ੍ਹ ਭਾਜਪਾ ਬੇਜ਼ਮੀਨੇ ਕੈਂਪ 'ਤੇ ਬੁਲਡੋਜ਼ਰ ਚਲਾਉਣ ਜਾ ਰਹੀ ਹੈ।

# ਰਵਨੀਤ ਸਿੱਧੂ ਨੇ ਕਨੇਡਾ ਵਿੱਚ ਰਚਿਆ ਇਤਿਹਾਸ



ਟਰਾਂਟੋ (ਕਨੇਡਾ) (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਪਿੰਡ ਮਾਛੀਕੇ, ਜਿਲ੍ਹਾ ਮੋਗਾ ਨਾਲ ਸਬੰਧਤ, ਟਰਾਂਟੋ (ਕੈਨੇਡਾ) ਵਿੱਚ ਵੱਸਦੀ ਡਾ. ਰਵਨੀਤ ਕੌਰ ਸਿੱਧੂ , ਜੋ ਸ. ਤਰਸੇਮ ਸਿੰਘ ਸਿੱਧੂ ਦੀ ਬੇਟੀ ਹੈ, ਨੇ ਵਿਗਿਆਨਕ ਖੋਜ ਦੇ ਖੇਤਰ ਵਿੱਚ ਆਪਣੇ ਮਾਪਿਆਂ ਅਤੇ ਸਾਡੇ ਸਾਰੇ ਭਾਰਤੀ ਸਮਾਜ ਦਾ ਸਿਰ ਉੱਚਾ ਕਰ ਦਿੱਤਾ ਹੈ। Yersinia pestis (ਪਲੇਗ) ਬੈਕਟੀਰੀਆ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਘਾਤਕਤਾ ਦੇ ਪਿੱਛੇ ਲੁਕੇ ਜੀਨ-ਵਿਕਾਸ ਦੀ ਗੁੱਥੀ ਨੂੰ ਸੁਲਝਾਉਣ ਵਾਲੀ ਟੀਮ ਵਿੱਚ ਉਹ ਸਾਂਝੀ ਲੇਖਕ ਵਜੋਂ ਸ਼ਾਮਲ ਹੈ। ਅਧਿਐਨ ਦੌਰਾਨ, ਰਵਨੀਤ ਸਿੱਧੂ ਨੇ ਡੈਨਮਾਰਕ ਤੋਂ ਮਿਲੇ ਪੁਰਾਤਨ ਡੀਐਨਏ ਸੈਂਪਲਜ਼ ਵਿੱਚ ਇਹ ਨੋਟ ਕੀਤਾ ਕਿ ਮਹਾਂਮਾਰੀ ਦੇ ਇੱਕ ਸੌ ਸਾਲ ਬਾਅਦ, Y. pestis ਦੇ ਜਨੋਮ ਵਿੱਚੋਂ pla ਨਾਂ ਦਾ ਇੱਕ ਜੀਨ ਅਚਾਨਕ ਗਾਇਬ ਹੋ ਗਿਆ। ਇਹ ਖੋਜ ਇੱਕ ਲੰਬੇ ਅਧਿਐਨ ਦੀ ਸ਼ੁਰੂਆਤ ਸੀ। ਉਹਨਾਂ ਨੇ ਹਜ਼ਾਰਾਂ ਸਾਲ ਪੁਰਾਣੀ ਡੀਐਨਏ ਦੀ ਕੜੀ-ਕੜੀ ਜੋੜ ਕੇ ਸਮਝਣ ਦੀ ਕੋਸ਼ਿਸ਼ ਕੀਤੀ ਕਿ ਇਹ ਜੀਨ ਕਿਵੇਂ ਅਤੇ ਕਿਉਂ ਗਾਇਬ ਹੋਇਆ। ਇਹ ਖੋਜ journal Science ਵਰਗੇ ਅੰਤਰਰਾਸ਼ਟਰੀ ਪੱਧਰ ਦੇ ਵਿਗਿਆਨਕ ਜਰਨਲ ਵਿੱਚ ਪ੍ਰਕਾਸ਼ਿਤ ਹੋਈ ਅਤੇ ਦੁਨੀਆ ਭਰ ਦੇ ਅਖ਼ਬਾਰਾਂ ਨੇ ਇਸ ਨੂੰ ਆਪਣੇ ਪੰਨਿਆਂ 'ਤੇ ਮਾਣ ਨਾਲ ਸਥਾਨ ਦਿੱਤਾ। ਜਦੋਂ ਆਮ ਘਰਾਂ ਦੇ ਬੱਚੇ ਵਿਗਿਆਨ ਅਤੇ ਗਲੋਬਲ ਰਿਸਰਚ ਦੀਆਂ ਨਵੀਆਂ ਉਚਾਈਆਂ ਨੂੰ ਛੂਹਦੇ ਹਨ, ਤਾਂ ਉਹ ਸਿਰਫ ਆਪਣੇ ਪਰਿਵਾਰ ਨਹੀਂ, ਸਾਰੀ ਕੌਮ ਲਈ ਮਾਣ ਬਣਦੇ ਹਨ।

ਇਸ ਸ਼ਾਨਦਾਰ ਪ੍ਰਾਪਤੀ ਲਈ ਸਿੱਧੂ ਪਰਿਵਾਰ ਨੂੰ ਪੂਰੇ ਪੰਜਾਬੀ ਭਾਈਚਾਰੇ ਵੱਲ ਮੁਬਾਰਕਾਂ ਅਤੇ ਹੋਰ ਵਧੇਰੇ ਸਫਲਤਾਵਾਂ ਲਈ ਸ਼ੁਭਕਾਮਨਾਵਾਂ ਮਿਲ ਰਹੀਆਂ ਹਨ।

# ਆਸਟਰੀਆ ਦੇ ਸਕੂਲ 'ਚ ਗੋਲੀਬਾਰੀ-9 ਮੌਤਾਂ

## ਹਮਲਾਵਰ ਨੇ ਖ਼ੁਦ ਨੂੰ ਮਾਰੀ ਗੋਲੀ

ਵਿਆਨਾ : ਆਸਟਰੀਆ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਗ੍ਰਾਜ਼ ਦੇ ਸਕੂਲ 'ਚ ਇਕ ਸਾਬਕਾ ਵਿਦਿਆਰਥੀ ਵਲੋਂ ਕੀਤੀ ਗੋਲੀਬਾਰੀ 'ਚ 7 ਵਿਦਿਆਰਥੀਆਂ ਸਮੇਤ 9 ਲੋਕਾਂ ਦੀ ਮੌਤ ਹੋ ਗਈ ਹੈ ਜਦਕਿ 12 ਜਣੇ ਜ਼ਖ਼ਮੀ ਹੋਏ ਹਨ। ਹਮਲਾਵਰ ਨੇ ਬਾਅਦ 'ਚ ਖੁਦ ਨੂੰ ਗੋਲੀ ਮਾਰ ਲਈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਕੋਲ ਹਮਲਾਵਰ ਦੇ ਇਰਾਦੇ ਬਾਰੇ ਤੁਰੰਤ ਜਾਣਕਾਰੀ ਨਹੀਂ, ਪਰ ਕਿਹਾ ਕਿ ਉਸ ਨੇ 9 ਲੋਕਾਂ ਨੂੰ ਗੋਲੀ ਮਾਰਨ ਤੋਂ ਬਾਅਦ ਇਕ ਟਾਇਲਟ 'ਚ ਖੁਦਕੁਸ਼ੀ ਕਰ ਲਈ। ਆਸਟਰੀਆ ਦੇ ਗ੍ਰਹਿ ਮੰਤਰੀ ਗੇਰਹਾਰਡ ਕਾਰਨਰ ਨੇ ਗ੍ਰਾਜ਼ 'ਚ ਇਕ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਗੋਲੀਬਾਰੀ ਕਰਨ ਵਾਲਾ ਸਕੂਲ ਦਾ ਇਕ ਸਾਬਕਾ ਵਿਦਿਆਰਥੀ ਸੀ, ਜਿਸ ਨੇ ਆਪਣੀ ਪੜ੍ਹਾਈ ਪੂਰੀ ਨਹੀਂ ਕੀਤੀ ਸੀ। ਆਸਟਰੀਆ ਦੇ ਚਾਂਸਲਰ ਕ੍ਰਿਸ਼ਚੀਅਨ ਸਟਾਕਰ ਨੇ ਕਿਹਾ ਕਿ ਤਿੰਨ ਦਿਨਾਂ ਦਾ ਰਾਸ਼ਟਰੀ ਸੋਗ ਹੋਵੇਗਾ, ਜਿਸ ਵਿੱਚ ਆਸਟਰੀਆ ਦਾ ਝੰਡਾ ਅੱਧਾ ਝੁਕਿਆ ਰਹੇਗਾ। ਆਸਟਰੀਆ ਪ੍ਰੈਸ ਏਜੰਸੀ ਦੀ ਰਿਪੋਰਟ ਅਨੁਸਾਰ ਮੇਅਰ ਐਲਕੇ ਕਾਹਰ ਨੇ ਘਟਨਾਵਾਂ ਨੂੰ ਭਿਆਨਕ ਦੁਖਾਂਤ ਦੱਸਿਆ ਹੈ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਮਰਨ ਵਾਲਿਆਂ 'ਚ 8 ਵਿਦਿਆਰਥੀ ਤੇ 1 ਬਾਲਗ ਸ਼ਾਮਿਲ ਹੈ। ਕਾਹਰ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਨੂੰ ਜ਼ਖ਼ਮੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ। ਇਸ ਸਬੰਧੀ ਪੁਲਿਸ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਹਮਲਾਵਰ ਨੇ ਇਕੱਲੇ ਹੀ ਇਹ ਕੰਮ ਕੀਤਾ ਹੈ। ਆਸਟਰੀਆ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਗ੍ਰਾਜ਼, ਦੇਸ਼ ਦੇ ਦੱਖਣ-ਪੂਰਬ 'ਚ ਸਥਿਤ ਹੈ ਤੇ ਇਸ 'ਚ ਲਗਭਗ 300,000 ਵਸਨੀਕ ਹਨ।




ਗੋਲੀਬਾਰੀ ਤੋਂ ਬਾਅਦ ਆਸਟਰੀਆ ਦੇ ਸਕੂਲ ਵਿਖੇ ਤਾਇਨਾਤ ਪੁਲਿਸ ਕਰਮੀ

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ

ਰਾਜ ਯੋਗੀ, ਵਿਦਿਆ ਦਾਨੀ, ਸਮਾਜ ਸੁਧਾਰਕ, ਬ੍ਰਹਮਗਿਆਨੀ,
ਸੇਵਾ ਦੇ ਪੁੰਜ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ
ਦੀ ਨਿੱਘੀ ਯਾਦ 'ਚ 75ਵੀਂ ਬਰਸੀ ਮੌਕੇ

# ਮਹਾਨ ਗੁਰਮਤਿ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ

**2356, Walsh Ave, Santa Clara, CA - 95051**

## ਵਿਖੇ ਮਨਾਇਆ ਜਾ ਰਿਹਾ ਹੈ।



ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖ਼ਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿੱਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ **ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ)** ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

**ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ**

13 ਜੂਨ, 2025, ਸ਼ੁੱਕਰਵਾਰ ਅਰੰਭ ਸ੍ਰੀ ਅਖੰਡ ਪਾਠ : ਸਵੇਰੇ 11.00 ਵਜੇ
15 ਜੂਨ, 2025, ਐਤਵਾਰ ਭੋਗ ਸ੍ਰੀ ਅਖੰਡ ਪਾਠ : ਸਵੇਰੇ 10.00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ ਜਿਨ੍ਹਾਂ ਵਿਚ



ਭਾਈ ਕੁਲਵਿੰਦਰ ਸਿੰਘ ਜੀ
ਅਰਦਾਸੀਆ ਸ੍ਰੀ ਦਰਬਾਰ ਸਾਹਿਬ



ਭਾਈ ਜੀਵਨਜੋਤ ਸਿੰਘ, ਭਾਈ ਦੇਵਿੰਦਰ ਸਿੰਘ
ਭਾਈ ਗੁਰਜੀਤ ਸਿੰਘ

**ਲੰਗਰਾਂ ਦੀ ਸੇਵਾ : ਸੁਰਿੰਦਰ ਸਿੰਘ ਬੌਬੀ ਦੇ ਪਰਿਵਾਰ ਵਲੋਂ**

**ਸਨੈਕਸ ਮਿਠਾਈ ਦੀ ਸੇਵਾ : ਸਰਨਦੀਪ ਸਿੰਘ ਘੋਤੜਾ ਵਲੋਂ**

ਜ਼ਰੂਰੀ ਬੇਨਤੀ
SVG ਦੀ ਨਵੀਂ ਇਮਾਰਤ (building) ਦੀ ਚੱਲ ਰਹੀ ਕਾਰ ਸੇਵਾ ਲਈ ਮਾਇਆ ਦੀ ਅਤਿਅੰਤ ਲੋੜ ਹੈ, ਸੇਵਾ ਲਈ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।

ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

## ਸਮੂਹ ਸੰਗਤ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਾਹਿਤ ਬੇਨਤੀ ਹੈ ਜੀ

**ਬੇਨਤੀ ਕਰਤਾ : ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣ**

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ**

ਸ੍ਰ. ਅਮਰਜੀਤ ਸਿੰਘ ਮੁਲਤਾਨੀ - (408)-497-2888, ਸ੍ਰ. ਗੁਰਦਿਆਲ ਸਿੰਘ ਘੋਤੜਾ - (408)-849-1593, ਸ੍ਰ. ਹਰਜਿੰਦਰ ਸਿੰਘ (408)-498-2860,
ਸ੍ਰ. ਸ਼ਰਨਦੀਪ ਸਿੰਘ ਘੋਤੜਾ (408)-469-1787, ਸ੍ਰ. ਅਮਨਪ੍ਰੀਤ ਸਿੰਘ ਬਬਲੂ (408)-469-6494, ਸ੍ਰ. ਲਵਪ੍ਰੀਤ ਸਿੰਘ ਸ਼ਾਹ (669)-260-6251,
ਸ੍ਰ. ਬਲਕਾਰ ਸਿੰਘ ਬੌਬੀ (408)-595-6281, ਸ੍ਰ. ਮਨਜੀਤ ਸਿੰਘ ਮਿਆਣੀ (510)-328-5580, ਸ੍ਰ. ਹਰਜੀਤ ਸਿੰਘ (707)-334-7514,
ਸ੍ਰ. ਸੁਰਿੰਦਰ ਸਿੰਘ ਬੌਬੀ ਡਰਾਇਵਿੰਗ ਸਕੂਲ ਵਾਲੇ (510)-472-3571, ਸ੍ਰ. ਮਨਪ੍ਰੀਤ ਸਿੰਘ ਗਾੜ੍ਹਾ Law Firm (510)-841-4582
ਸ੍ਰ. ਜਤਿੰਦਰ ਸਿੰਘ (916) 260-7938, ਸ੍ਰ. ਸੁਰਮਿੰਦਰਜੀਤ ਸਿੰਘ (408) 210-5394



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਟ੍ਰਾਵਨਕੋਰ ਦੀ ਸਰਕਾਰ ਨੇ ਪਿਛੇ ਜਿਹੇ ਵਰਜੂ ਹੁਕਮ ਜਾਰੀ ਕਰ ਦਿੱਤਾ। ਜਦ ਪੰਜਾਬ ਦੇ ਮੁਸਲਿਮ ਆਗੂਆਂ ਨੂੰ ਇਹ ਖ਼ਬਰ ਪੁੱਜੀ ਤਾਂ ਉਨ੍ਹਾਂ ਨੇ ਅਸੈਂਬਲੀ ਵਿਚ ਸਵਾਲ ਪੁੱਛਣੇ ਸ਼ੁਰੂ ਕੀਤੇ। ਪ੍ਰੈਸ ਵਿਚ ਇਹ ਖ਼ਬਰ ਪ੍ਰਕਾਸ਼ਿਤ ਹੋਈ ਹੈ ਕਿ ਇਕ ਮੁਸਲਮਾਨ ਐਮ.ਐਲ.ਏ. ਡਾਕਟਰ ਥੈਲ ਨੂੰ ਹਾਲਾਤ ਦੀ ਪੁੱਛਗਿੱਛ ਲਈ ਮਿਲੇਗਾ।

ਜੇ ਇਕ ਸਿੱਖ ਵੀ ਮੇਰੀ ਕਠਨ ਹਾਲਤ ਨੂੰ ਅਨੁਭਵ ਕਰਦਾ ਤਾਂ ਉਹ ਮੇਰੇ ਲਈ ਬੜੀ ਤਸੱਲੀ ਦਾ ਕਾਰਨਹੁੰਦਾ। ਕੀ ਕੋਈ ਸਿੱਖ ਆਪਣੀ ਕੌਮ 'ਤੇ ਮਾਣ ਕਰ ਸਕਦਾ ਹੈ ਜੋ ਇਸ ਵੇਲ ਬਿਲਕੁਲ ਵਿੱਢੀ ਤੇ ਬੇਹਿਸ ਹੈ ਹਾਲਾਂਕਿ ਉਸ ਦਾ ਭੂਤ ਬੜਾ ਸ਼ਾਨਦਾਰ ਹੈ।

ਇਹ ਖ਼ਿਆਲ ਕਦੀ ਨਾ ਕਰੋ ਕਿ 'ਕੇਰਲਾ ਸਦਾ ਪੰਜਾਬੀ ਸਿੱਖਾਂ ਦੇ ਆਸਰੇ ਰਹੇਗਾ ਪ੍ਰੰਤੂ ਆਰੰਭ ਵਿਚ ਬਾਹਰ ਦੀ ਸਹਾਇਤਾ ਬੜੀ ਜ਼ਰੂਰੀ ਹੈ ਜਿਸ ਤੋਂ ਬਿਨਾਂ ਅਸੀਂ ਅਗਾਂਹ ਤੁਰ ਹੀ ਨਹੀਂ ਸਕਦੇ। ਸਰਬ-ਹਿੰਦ ਸਿੱਖ ਮਿਸ਼ਨ ਪ੍ਰਚਾਰ ਕਾਨਫਰੰਸ ਅੰਮ੍ਰਿਤਸਰ ਵਿਖੇ ਮੈਂ ਇਹ ਕਿਹਾ ਸੀ ਕਿ ਸਾਨੂੰ ਨੈਰਾਂ ਤੇ ਹੋਰ ਕੌਮਾਂ ਦੇ ਹੱਥੋਂ ਕਾਫ਼ੀ ਦੁੱਖ ਸਹਾਰਨੇ ਪੈਣਗੇ। ਰਾਏ ਬਹਾਦਰ ਵਿਸਾਖਾ ਸਿੰਘ ਜੀ ਨੇ ਕਾਨਫਰੰਸ ਦੇ ਪ੍ਰਧਾਨ ਤੇ ਆਪਣੀ ਜਾਤੀ ਹੈਸੀਅਤ ਵਿਚ ਐਲਾਨ ਕੀਤਾ ਸੀ ਕਿ ਬਿਨਾਂ ਕਿਸੇ ਸੰਕੋਚ ਤੇ ਡਰ ਦੇ ਉਹ ਕੇਰਲਾ ਵਿਖੇ ਜਾਣਗੇ, ਉਨ੍ਹਾਂ ਇਹ ਭਰੋਸਾ ਵੀ ਦਿਵਾਇਆ ਸੀ ਕਿ ਪੰਜਾਬ ਦੇ ਸਿੱਖ ਸਦਾ ਸਾਡੇ ਨਾਲ ਹੋਣਗੇ, ਪ੍ਰਸਿੱਧ ਆਗੂ ਦੇ ਇਹ ਲਫ਼ਜ਼ ਅਜੇ ਤਾਈਂ ਮੇਰੇ ਕੰਨਾਂ ਵਿਚ ਵੱਜ ਰਹੇ ਹਨ। ਮੇਰੀ ਸਨਿਮਰ ਬੇਨਤੀ ਹੈ ਕਿ ਤੁਸੀਂ ਥੀਆ ਕੌਮ ਵਿਚੋਂ ਸਜੇ ਸਿੱਖਾਂ ਨੂੰ ਇਹ ਸਿੱਖਿਆ ਨਾ ਦਿਓ ਕਿ ਤੁਹਾਡੀਆਂ ਤਕਲੀਫ਼ਾਂ ਤੇ ਔਕੜਾਂ ਉਨ੍ਹਾਂ ਨੂੰ ਇਸ ਗੱਲ ਦੀ ਸਜ਼ਾ ਦੇ ਰਹੀਆਂ ਹਨ ਕਿਉਂਕਿ ਉਨ੍ਹਾਂ ਇਸਲਾਮ ਜਾਂ ਈਸਾਈ ਧਰਮ ਨੂੰ ਕਬੂਲ ਨਹੀਂ ਕੀਤਾ। ਭਾਵੇਂ ਮੈਨੂੰ ਹੋਰ ਤਕਲੀਫ਼ਾਂ ਹੋਣ ਤਾਂ ਵੀ ਮੈਨੂੰ ਯਕੀਨੀ ਹੈ ਕਿ ਮੈਂ ਸਤਿਗੁਰੂ ਦਾ ਮੁਰੀਦ ਰਹਾਂਗਾ। ਪਰ ਕਿਸੇ ਦੇ ਸਬਰ ਨੂੰ ਅਜਮਾਉਣਾ ਬੜਾ ਖਤਰਨਾਕ ਹੈ। ਸਰਬ ਦੀ ਵੀ ਆਖਿਰ ਹੱਦ ਹੈ, ਸਤਿਗੁਰੂ ਕਰੇ ਕਿ ਪੰਜਾਬ ਦੇ ਸਿੱਖ ਜ਼ਰੂਰੀ ਕਦਮ ਉਠਾਉਣ ਤੇ ਕੇਰਲਾ ਵਿਚ ਆ ਕੇ ਅਜ਼ਾਦੀ ਸਮਾਨਤਾ ਤੇ ਸਹੋਦਰਤਾ ਦਾ ਰਾਹ ਵਿਖਾਉਣ। ਪ੍ਰਮਾਤਮਾ ਕਰੇ ਕਿ ਦਲਿਤ ਜਾਤੀਆਂ ਖ਼ਾਲਸਾ ਪੰਥ ਵਿਚ ਸ਼ਾਮਲ ਹੋ ਕੇ ਖੁਸ਼ੀਆਂ ਪ੍ਰਾਪਤ ਕਰਨ।




ਬੜੀ ਚਿੰਤਾ ਤੇ ਫ਼ਿਕਰ ਨਾਲ ਇਹ ਗੱਲ ਮਾਲੂਮ ਕਰਨ ਲਈ ਕਿ ਪੰਜਾਬ ਦੇ ਸਿੱਖ ਇਸ ਮਾਮਲੇ ਨੂੰ ਕਿਸ ਤਰ੍ਹਾਂ ਵੇਖਣਗੇ, ਮੈਂ ਆਪਣੇ ਹਿਰਦੇਵੇਧਕ ਖ਼ਿਆਲ ਅਕਾਲੀ ਪੱਤ੍ਰਿਕਾ ਦੇ ਕਾਲਮਾਂ ਰਾਹੀਂ ਪ੍ਰਕਾਸ਼ਿਤ ਕਰਦਾ ਹਾਂ।

ਖ਼ਾਲਸਾ ਸਮਾਚਾਰ, 14 ਅਗਸਤ 1936, ਅੰਕ 40, ਜਿਲਦ 37, ਪੰਨੇ 1-2

ਖ਼ਾਲਸਾ ਸਮਾਚਾਰ 13 ਅਗਸਤ 1936, ਜਿਲਦ 37, ਅੰਕ 40, ਪੰਨਾ-7

ਅਖੌਤੀ ਅਛੂਤ, ਸਿੱਖ ਤੇ ਹਿੰਦੂ ਲੀਡਰ

ਸ਼ਿਮਲਾ 6 ਅਗਸਤ-'ਦਲਿਤ ਜਾਤੀਆਂ ਨੂੰ ਕਿਸੇ ਇਕ ਧਰਮ ਦੇ ਧਾਰਨ ਕਰਨ ਸਬੰਧੀ ਉਨ੍ਹਾਂ ਨੂੰ ਕੀ ਲਾਭ ਹੋਣਗੇ ਅਤੇ ਉਨ੍ਹਾਂ ਨੂੰ ਕੀ ਕਦਮ ਉਠਾਉਣਾ ਚਾਹੀਦਾ ਹੈ' ਇਸ ਸਬੰਧੀ ਡਾ. ਅੰਬੇਡਕਰ ਤੇ ਡਾ. ਮੂੰਜੇ ਵਿਚਕਾਰ ਜੋ ਫੈਸਲਾ ਹੋਇਆ ਮਿ. ਐਮ. ਸੀ. ਰਾਜਾ ਨੇ ਵਿਰੋਧਤਾ ਪ੍ਰਗਟ ਕੀਤੀ ਤੇ ਮਹਾਤਮਾ ਗਾਂਧੀ, ਪੰਡਤ ਮਦਨ ਮੋਹਨ ਜੀ ਮਾਲਵੀਆ ਅਤੇ ਮਿ. ਸੀ. ਰਾਜ ਗੋਪਾਲ ਆਚਾਰੀਆ ਨੇ ਜੋ ਤਸਦੀਕ ਕੀਤੀ ਹੈ ਉਹ ਪ੍ਰੈਸ ਵਿਚ ਪ੍ਰਕਾਸ਼ਿਤ ਹੋਣ ਲਈ ਦਿੱਤੀ ਗਈ ਹੈ -

ਡਾਕਟਰ ਮੂੰਜੇ ਨੇ 30 ਜੂਨ 1936 ਨੂੰ ਰਾਓ ਬਹਾਦਰ ਮਿ. ਐਮ.ਸੀ. ਰਾਜਾ ਨੂੰ ਹੇਠ ਲਿਖੀ ਚਿੱਠੀ ਲਿਖੀ

ਡਾਕਟਰ ਮੂੰਜੇ ਦੀ ਚਿੱਠੀ :

ਸ੍ਰੀਮਾਨ ਜੀਓ! ਬੰਬਈ ਦੇ ਕੁਝ ਦੋਸਤਾਂ ਤੇ ਸ੍ਰੀਮਾਨ ਸੇਠ ਜੁਗਲ ਕਿਸ਼ੋਰ ਬਿਰਲਾ ਦੇ ਸੱਦੇ ਪੁਰ ਡਾ. ਅੰਬੇਡਕਰ ਨਾਲ ਮੈਨੂੰ 18 ਜੂਨ ਨੂੰ ਬੰਬਈ ਜਾਣ ਦਾ ਅਵਸਰ ਮਿਲਿਆ। ਉਥੇ ਡਾਕਟਰ ਅੰਬੇਡਕਰ ਨਾਲ ਮੇਰੀ ਤਿੰਨ ਦਿਨ ਲਗਾਤਾਰ ਗੱਲਬਾਤ ਹੁੰਦੀ ਰਹੀ। ਅੰਤ ਵਿਚ ਹਿੰਦੂ ਮਤ ਤੋਂ ਉਸ ਦੀ ਬਗਾਵਤ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਫੈਸਲੇ ਲਈ ਇਕ ਵਿਉਂਤ ਵਿਉਂਤੀ। ਡਾ. ਅੰਬੇਡਕਰ ਨੇ ਇਸ ਨੂੰ ਪ੍ਰਵਾਨ ਕਰ ਲਿਆ ਹੈ। ਉਹ ਵਿਉਂਤ ਇਸ ਪ੍ਰਕਾਰ ਹੈ:

"ਜੇ ਡਾਕਟਰ ਅੰਬੇਡਕਰ ਇਹ ਐਲਾਨ ਕਰ ਦੇਵੇ ਕਿ ਉਹ ਤੇ ਉਸ ਦੇ ਸਾਥੀ ਇਸਲਾਮ ਤੇ ਈਸਾਈ ਮਤ ਨਾਲੋਂ ਸਿੱਖ ਧਰਮ ਨੂੰ ਵਿਸ਼ੇਸ਼ ਸਮਝ ਕੇ ਧਾਰਨ ਕਰਨਗੇ ਅਤੇ ਉਹ ਦਿਲੋਂ ਹਿੰਦੂਆਂ ਤੇ ਸਿੱਖਾਂ ਨਾਲ ਉਨ੍ਹਾਂ ਦੀ ਸਭਿਅਤਾ ਤੇ ਸਭਿਆਚਾਰ ਦਾ ਪ੍ਰਚਾਰ ਅਤੇ ਦਲਿਤ ਜਾਤੀਆਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣ ਲਈ ਮੁਸਲਮਾਨੀ ਲਹਿਰਾਂ ਦੀ ਵਿਰੋਧਤਾ ਵਿਚ ਉਨ੍ਹਾਂ ਦਾ ਸਾਥ ਦੇਣਗੇ। ਹਿੰਦੂ ਸਭਾ ਇਸ ਖਿਆਲ ਨਾਲ ਕਿ ਉਹ ਹਿੰਦੂ ਸਭਿਆਚਾਰ ਵਿਚ ਹੀ ਰਹਿਣਗੇ, ਐਲਾਨ ਕਰਦੀ ਹੈ ਕਿ ਉਹ ਇਸ ਗੱਲ ਦਾ ਇਤਰਾਜ਼ ਨਹੀਂ ਕਰੇਗੀ।

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

2. ਉੱਪਰ ਲਿਖੇ ਤਰੀਕੇ ਨਾਲ ਸਾਹ ਹੌਲੀ ਹੌਲੀ ਲਵੋ, ਜਦੋਂ ਤੁਸੀਂ ਸਾਹ ਲੈਂਦੇ ਹੋ ਤਾਂ ਛੇ ਤੱਕ ਗਿਣੋ, ਅਤੇ ਜਦੋਂ ਸਾਹ ਛੱਡਦੇ ਹੋ ਤਾਂ ਛੇ ਤੱਕ ਗਿਣੋ, ਇਹ ਹੈ ਡੂੰਘਾ ਸਾਹ ਲੈਣ ਦਾ ਸਹੀ ਤਰੀਕਾ।
3. ਦਿਨ ਵਿੱਚ ਵਾਰ ਵਾਰ ਇਸ ਤਰੀਕੇ ਨਾਲ ਡੂੰਘਾ ਸਾਹ ਲੈਣ ਦੀ ਕੋਸ਼ਿਸ਼ ਕਰੋ।

**ਮਾਸ ਪੇਸ਼ੀਆਂ ਨੂੰ ਤਣਾਓ-ਰਹਿਤ ਕਰਨ ਦੀ ਵਿਧੀ :**

ਮਾਸ ਪੇਸ਼ੀਆਂ ਦੇ ਤਣਾਓ ਨੂੰ ਦੂਰ ਕਰ ਕੇ ਤੁਸੀਂ ਹੋਰ ਵੀ ਜ਼ਿਆਦਾ ਆਰਾਮ ਮਹਿਸੂਸ ਕਰ ਸਕਦੇ ਹੋ :
1. ਇੱਕ ਸਮੇਂ ਇੱਕ ਅੰਗ ਦੀਆਂ ਮਾਸ ਪੇਸ਼ੀਆਂ ਨੂੰ ਹੌਲੀ ਹੌਲੀ ਆਰਾਮ ਦੀ ਹਾਲਤ ਵਿੱਚ ਲਿਆਓ।
2. ਆਪਣੇ ਪੈਰਾਂ ਤੋਂ ਸ਼ੁਰੂ ਕਰੋ ਅਤੇ ਹੌਲੀ ਹੌਲੀ ਸਿਰ ਤੱਕ ਪਹੁੰਚੋ।

**ਮਨ ਨੂੰ ਤਣਾਓ-ਰਹਿਤ ਕਰਨ ਦੀ ਵਿਧੀ :**

1. ਜਦੋਂ ਆਰਾਮ ਕਰ ਰਹੇ ਹੋਵੋ ਤਾਂ ਉਸ ਸਥਾਨ ਜਾਂ ਕੰਮ ਬਾਰੇ ਸੋਚੋ ਜੋ ਤੁਹਾਨੂੰ ਬਹੁਤ ਜ਼ਿਆਦਾ ਵਧੀਆ ਲੱਗਦਾ ਹੈ। ਇਸਦੀ ਤਸਵੀਰ ਆਪਣੇ ਦਿਮਾਗ਼ ਵਿੱਚ ਬਣਾਓ। ਉਸ ਬਾਰੇ ਸੋਚੋ ਜੋ ਤੁਹਾਨੂੰ ਦੇਖਣ, ਸੁਣਨ ਜਾਂ ਮਹਿਸੂਸ ਕਰਨਾ ਚੰਗਾ ਲੱਗਦਾ।
2. ਜਦੋਂ ਵੀ ਤੁਸੀਂ ਤਣਾਓ ਮਹਿਸੂਸ ਕਰਦੇ ਹੋ ਤਾਂ ਉੱਪਰ ਲਿਖੇ ਅਨੁਸਾਰ ਆਪਣੇ ਮਨ ਨੂੰ ਆਰਾਮ ਦੀ ਸਥਿਤੀ ਵਿੱਚ ਲਿਆਓ।

**ਉਨੀਂਦਰਾ**

**(ਨੀਂਦ ਨਾ ਆਉਣਾ)**

ਹਰ ਵਿਅਕਤੀ ਦੀ ਸੌਣ ਦੇ ਸਮੇਂ ਦੀ ਜ਼ਰੂਰਤ ਅਲੱਗ ਅਲੱਗ ਹੈ, ਇੱਕ ਆਮ ਵਿਅਕਤੀ ਨੂੰ 6-8 ਘੰਟੇ ਦੀ ਨੀਂਦ ਦੀ ਜ਼ਰੂਰਤ ਹੈ, ਪਰ ਕੁਝ ਲੋਕਾਂ ਨੂੰ ਚੰਗਾ ਮਹਿਸੂਸ ਕਰਨ ਲਈ ਸਿਰਫ਼ 3-4 ਘੰਟੇ ਨੀਂਦ ਦੀ ਹੀ ਜ਼ਰੂਰਤ ਹੁੰਦੀ ਹੈ। ਜਿਵੇਂ ਜਿਵੇਂ ਸਾਡੀ ਉਮਰ ਵਧਦੀ ਹੈ, ਸੌਣ ਦਾ ਸਮਾਂ ਘਟਦਾ ਜਾਂਦਾ ਹੈ। ਬੱਚੇ ਜ਼ਿਆਦਾ ਸੌਂਦੇ ਹਨ ਅਤੇ ਬਜ਼ੁਰਗ ਘੱਟ ਸੌਂਦੇ ਹਨ। ਘੱਟ ਸੌਣਾ ਉਦੋਂ ਸਮੱਸਿਆ ਬਣਦੀ ਹੈ ਜਦੋਂ ਤੁਸੀਂ ਦਿਨ ਸਮੇਂ ਜ਼ਿਆਦਾ ਥਕਾਵਟ ਮਹਿਸੂਸ ਕਰਦੇ ਹੋ।




**ਕਿਸਮਾਂ :**

1. ਸੌਣ ਦੇ ਸ਼ੁਰੂ ਵਿੱਚ ਮੁਸ਼ਕਲ ਨਾਲ ਨੀਂਦ ਆਉਣੀ (ਸੌਣ ਲਈ 45 ਮਿੰਟਾਂ ਤੋਂ ਵੱਧ ਦਾ ਸਮਾਂ ਲੈਣਾ)।
2. ਸਵੇਰ ਸਮੇਂ ਬਹੁਤ ਜਲਦੀ ਜਾਗ ਆ ਜਾਣੀ।
3. ਵਾਰ ਵਾਰ ਜਾਗਣਾ ਅਤੇ ਦੁਬਾਰਾ ਸੌਣ ਲਈ ਮੁਸ਼ਕਲ ਆਉਣੀ।

**ਕਾਰਨ :**

1. ਚਿੰਤਾ, ਸਟ੍ਰੈੱਸ ਅਤੇ ਨਿਰਾਸ਼ਾ।
2. ਸਰੀਰ ਵਿੱਚ ਲਗਾਤਾਰ ਦਰਦ।
3. ਕੁਝ ਦਵਾਈਆਂ।
4. ਸੌਣ ਸਮੇਂ ਸਾਹ ਦੇ ਰੁਕਣ ਦੀ ਤਕਲੀਫ਼ (ਸਲੀਪ ਐਪਨੀਆ)।
5. ਕਿਸੇ ਕਿਸਮ ਦਾ ਸੋਗ।

**ਘਰੇਲੂ ਇਲਾਜ :**

1. ਨੀਂਦ ਦੀਆਂ ਗੋਲੀਆਂ ਤੋਂ ਪਰਹੇਜ਼ ਕਰੋ ਕਿਉਂਕਿ ਤੁਸੀਂ ਇਸਦੇ ਆਦੀ ਹੋ ਸਕਦੇ ਹੋ ਅਤੇ ਇਨ੍ਹਾਂ ਦਾ ਅਸਰ ਵੀ ਹੌਲੀ ਹੌਲੀ ਘੱਟ ਜਾਂਦਾ ਹੈ।
2. ਸੌਣ ਤੋਂ ਦੋ ਘੰਟੇ ਪਹਿਲਾਂ ਹਲਕੀ ਕਸਰਤ ਕਰੋ।
3. ਰਾਤ ਦਾ ਖਾਣਾ ਸੌਣ ਤੋਂ ਲਗਭਗ ਦੋ ਘੰਟੇ ਪਹਿਲਾਂ ਖਾਓ।
4. ਸ਼ਰਾਬ ਨਾ ਪੀਓ।
5. ਆਪਣਾ ਬਿਸਤਰਾ ਸਿਰਫ਼ ਸੌਣ ਲਈ ਵਰਤੋ। ਆਪਣੇ ਬਿਸਤਰੇ ਵਿੱਚ ਖਾਣਾ ਨਾ ਖਾਓ ਅਤੇ ਟੀ.ਵੀ. ਨਾ ਦੇਖੋ।
6. ਦਿਨ ਸਮੇਂ ਸੌਣ ਤੋਂ ਬਚੋ।
7. ਤਕਰੀਬਨ ਇੱਕ ਹੀ ਨਿਯਮਤ ਸਮੇਂ 'ਤੇ ਸੌਂਵੋ ਅਤੇ ਇੱਕ ਹੀ ਸਮੇਂ 'ਤੇ ਉੱਠੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਕੋਈ ਦਵਾਈ ਸੌਣ ਵਿੱਚ ਸਮੱਸਿਆ ਪੈਦਾ ਕਰਦੀ ਹੈ।
2. ਜੇਕਰ ਨੀਂਦ ਨਾ ਆਉਣ ਦਾ ਕਾਰਨ ਚਿੰਤਾ ਜਾਂ ਸਟ੍ਰੈੱਸ ਹੈ।
3. ਜੇਕਰ ਸੌਣ ਸਮੇਂ ਤੁਹਾਡਾ ਸਾਹ ਰੁਕਦਾ ਹੈ (ਸਲੀਪ ਐਪਨੀਆ)।

**ਚਿੰਤਾ ਰੋਗ**

ਜ਼ਿਆਦਾ ਸੋਚਣਾ ਜਾਂ ਫ਼ਿਕਰ ਕਰਨਾ, ਕਿਸੇ ਦੇ ਵਿਅਕਤੀਤੱਵ ਦਾ ਹਿੱਸਾ ਵੀ ਹੋ ਸਕਦਾ ਹੈ ਅਤੇ ਇਸ ਨਾਲ ਰੋਜ਼ਾਨਾ ਦੇ ਕੰਮਾਂ-ਕਾਰਾਂ ਵਿੱਚ ਕੋਈ ਰੁਕਾਵਟ ਨਹੀਂ ਹੁੰਦੀ। ਚਿੰਤਾ ਉਦੋਂ ਇੱਕ ਬਿਮਾਰੀ ਬਣ ਜਾਂਦੀ ਹੈ ਜਦੋਂ ਇਸ ਨਾਲ ਰੋਜ਼ਾਨਾ ਦੀ ਜ਼ਿੰਦਗੀ 'ਤੇ ਅਸਰ ਪਵੇ ਜਾਂ ਕੰਮਾਂ-ਕਾਰਾਂ ਵਿੱਚ ਰੁਕਾਵਟ ਪਵੇ। ਕਿਸੇ ਵਿਸ਼ੇਸ਼ ਕਾਰਨ ਕਰਕੇ ਕੋਈ ਚਿੰਤਾ ਕੁਝ ਸਮੇਂ ਲਈ ਹੁੰਦੀ ਹੈ ਅਤੇ ਜਿਵੇਂ ਜਿਵੇਂ ਇਹ ਹਾਲਾਤ ਠੀਕ ਹੁੰਦੇ ਹਨ, ਉਵੇਂ ਉਵੇਂ ਇਹ ਚਿੰਤਾ ਘਟਦੀ ਜਾਂਦੀ ਹੈ। ਪਰ ਚਿੰਤਾ ਜਦੋਂ ਬਿਨਾਂ ਕਿਸੇ ਵਿਸ਼ੇਸ਼ ਕਾਰਨ ਦੇ ਹੋਵੇ ਤਾਂ ਇਹ ਇੱਕ ਬਿਮਾਰੀ ਦੀ ਹਾਲਤ ਹੈ। ਚਿੰਤਾ ਨੂੰ ਠੀਕ ਜਾਂ ਕਾਬੂ ਕੀਤਾ ਜਾ ਸਕਦਾ ਹੈ, ਜੇਕਰ ਤੁਸੀਂ ਇਸ ਮੁਸ਼ਕਲ ਨੂੰ ਸਮਝਦੇ ਹੋ ਅਤੇ ਇਸਨੂੰ ਠੀਕ ਕਰਨ ਲਈ ਲੋੜੀਂਦੀ ਸਹਾਇਤਾ ਲੈਂਦੇ ਹੋ।

**ਲੱਛਣ :**

1. ਨੀਂਦ ਨਾ ਆਉਣਾ।
2. ਦਿਲ ਦੀ ਧੜਕਣ ਦਾ ਤੇਜ਼ ਹੋਣਾ।
3. ਹੱਥ ਪੈਰ ਕੰਬਣੇ।
4. ਥਕਾਵਟ।
5. ਪਸੀਨਾ ਆਉਣਾ ਜਾਂ ਹੱਥ ਠੰਡੇ ਹੋਣੇ।
6. ਕੁਝ ਬੁਰਾ ਹੋਣ ਬਾਰੇ ਵਿਚਾਰ ਆਉਂਦੇ ਰਹਿਣਾ।
7. ਕਿਸੇ ਵੀ ਕੰਮ ਵਿੱਚ ਮਨ ਦਾ ਨਾ ਲੱਗਣਾ।
8. ਖਿਝਣਾ ਅਤੇ ਗ਼ੁੱਸਾ ਆਉਣਾ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਅਤਿਵਾਦੀਆਂ ਖ਼ਿਲਾਫ਼ ਫੌਜੀ ਕਾਰਵਾਈ ਤੋਂ ਗੁਰੇਜ਼ ਨਹੀਂ ਕਰੇਗਾ ਭਾਰਤ: ਕਟਾਰੀਆ

## ਰਾਜਪਾਲ ਵੱਲੋਂ ਅਪਰੇਸ਼ਨ ਸਿੰਧੂਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ; ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੀ ਸ਼ਲਾਘਾ



ਫਗਵਾੜਾ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਅਪਰੇਸ਼ਨ ਸਿੰਧੂਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪਾਕਿਸਤਾਨ ਨੂੰ ਪਹਿਲਗਾਮ ਦੀ ਕਾਇਰਾਨਾ ਹਰਕਤ ਤੋਂ ਬਾਅਦ ਜਿਸ ਤਰ੍ਹਾਂ ਭਾਰਤੀ ਫੌਜ ਨੇ ਮੂੰਹ ਤੋੜ ਜਵਾਬ ਦਿੱਤਾ, ਉਹ ਦੇਸ਼ ਦੇ ਇਤਿਹਾਸ 'ਚ ਲਾਸਾਨੀ ਹੈ। ਇੱਥੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ 'ਅਪਰੇਸ਼ਨ ਸਿੰਧੂਰ ਵਿਜੈ ਯਾਤਰਾ' ਦਾ ਆਗਾਜ਼ ਕਰਦਿਆਂ ਰਾਜਪਾਲ ਨੇ ਕਿਹਾ ਕਿ ਭਾਰਤੀ ਫੌਜ ਵੱਲੋਂ ਅਤਿਵਾਦੀ ਟਿਕਾਣਿਆਂ 'ਤੇ ਕੀਤੀ ਗਈ ਕਾਰਵਾਈ ਨੇ ਵਿਸ਼ਵ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਦੇਸ਼ ਦੇ ਕਿਸੇ ਨਾਗਰਿਕ ਨੂੰ ਜੇ ਅਤਿਵਾਦ ਦਾ ਨਿਸ਼ਾਨਾ ਬਣਾਇਆ ਜਾਵੇਗਾ ਤਾਂ ਭਾਰਤ ਸਖ਼ਤ ਤੋਂ ਸਖ਼ਤ ਫੌਜੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਮਹਾਨ ਗੁਰੂਆਂ ਤੇ ਸ਼ਹੀਦਾਂ ਦੀ ਧਰਤੀ ਹੈ ਤੇ ਇਸ ਅਪਰੇਸ਼ਨ ਦੌਰਾਨ ਸੂਬੇ ਦਾ ਹਰ ਨਾਗਰਿਕ ਭਾਰਤੀ ਫੌਜ ਨਾਲ ਖੜ੍ਹਾ ਰਿਹਾ, ਜਿਸ ਨਾਲ ਫ਼ੌਜ ਦਾ ਮਨੋਬਲ ਵੀ ਉੱਚਾ ਹੋਇਆ। ਉਨ੍ਹਾਂ ਕਿਹਾ, 'ਸਾਡੇ ਜਵਾਨ ਜਿਥੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਡਟੇ ਹੋਏ ਹਨ ਉਥੇ ਸਾਡਾ ਵੀ ਫਰਜ਼ ਬਣਦਾ ਹੈ ਕਿ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਇਸ ਬੁਰਾਈ ਖ਼ਿਲਾਫ਼ ਵਿੱਢੀ ਲੜਾਈ ਵਿੱਚ ਯੋਗਦਾਨ ਪਾਈਏ।' ਉਨ੍ਹਾਂ ਕਿਹਾ ਕਿ ਹਰ ਪੰਜਾਬੀ ਨਸ਼ਿਆਂ ਖ਼ਿਲਾਫ਼ ਜੰਗ ਦਾ ਸਿਪਾਹੀ ਬਣੇ ਤਾਂ ਜੋ ਇਸ ਬੁਰਾਈ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖਾਤਮੇ ਲਈ ਬਹੁਤ ਸਰਗਰਮੀ ਨਾਲ ਕੰਮ ਕਰ ਰਹੀ ਹੈ ਪਰ ਨਸ਼ੇ ਖ਼ ?ਲਾਫ਼ ਜੰਗ ਨੂੰ ਸਿਰਫ਼ ਸਰਕਾਰਾਂ ਦੀਆਂ ਕੋਸ਼ਿਸ਼ਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ ਸਗੋਂ ਸਮਾਜ ਦੇ ਹਰੇਕ ਵਰਗ ਨੂੰ ਅੱਗੇ ਆਉਂਦਿਆਂ ਇਸ ਲੜਾਈ ਨੂੰ ਜਨ ਅੰਦੋਲਨ ਬਣਾਉਣ 'ਚ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਨਸ਼ਾ ਮੁਕਤ ਭਵਿੱਖ ਸਿਰਜਣ ਲਈ ਸਭ ਨੂੰ ਨਸ਼ਿਆਂ ਖ਼ਿਲਾਫ਼ ਲਹਿਰ ਦਾ ਹਿੱਸਾ ਬਣਨਾ ਚਾਹੀਦਾ ਹੈ।

# ਕੈਨੇਡੀਅਨ ਸਿੱਖਾਂ ਵਲੋਂ ਜੂਨ 84 ਦੇ ਘੱਲੂਘਾਰੇ ਦੇ ਵਿਰੋਧ 'ਚ ਭਾਰਤੀ ਅੰਬੈਸੀ ਮੂਹਰੇ ਭਾਰੀ ਵਿਰੋਧ ਪ੍ਰਦਰਸ਼ਨ

## ਵੈਨਕੂਵਰ ਦੇ ਆਰਟ ਗੈਲਰੀ ਵਿਖੇ ਸ਼ਹੀਦਾਂ ਦੀ ਯਾਦ ਵਿਚ ਹੋਇਆ ਯਾਦਗਾਰੀ ਸ਼ਹੀਦੀ ਸਮਾਗਮ

ਵੈਨਕੂਵਰ : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੈਨਕੂਵਰ ਦੀ ਆਰਟ ਗੈਲਰੀ ਵਿੱਚ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਅਤੇ ਨਾਲ-ਨਾਲ ਮੌਜੂਦਾ ਸਮੇਂ ਦੇ ਸ਼ਹੀਦਾਂ ਦੀ ਯਾਦ ਦੇ ਵਿਚ ਉਚੇਚੇ ਤੌਰ 'ਤੇ ਸਮਾਗਮ ਉਲੀਕੇ ਗਏ ਸਨ। ਉਲੀਕੇ ਗਏ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਯੂਨੀਵਰਸਿਟੀ ਦੇ ਬੱਚਿਆਂ ਦੇ ਨਾਲ ਸੈਂਕੜਿਆਂ ਦੀ ਗਿਣਤੀ ਅੰਦਰ ਸੰਗਤਾਂ ਨੇ ਸ਼ਮੂਲੀਅਤ ਕਰਦਿਆਂ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ ਸਨ। ਇਸ ਮੌਕੇ ਪ੍ਰਬੰਧਕਾਂ ਵਲੋਂ ਵਿਸ਼ੇਸ਼ ਤੌਰ ਫੌਜ ਵਲੋਂ ਕੀਤੇ ਗਏ ਹਮਲੇ ਦੀਆਂ ਫੋਟੋਆਂ ਦਾ ਪ੍ਰਦਰਸ਼ਨ ਕਰਕੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ ਸੀ। ਪ੍ਰੋਗਰਾਮ ਦੌਰਾਨ ਬੁਲਾਰਿਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦੇ ਨਾਲ ਚੱਲ ਰਹੇ ਆਜ਼ਾਦੀ ਦੇ ਮੌਜੂਦਾ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਨੂੰ ਕਿਹਾ। ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਗੁਰਮੀਤ ਸਿੰਘ ਜੀ ਤੂਰ ਨੇ ਸੰਗਤਾਂ ਨੂੰ ਤੱਤਕਾਲੀ ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ, ਅਕਾਲ ਤਖਤ ਸਾਹਿਬ ਅਤੇ 37 ਹੋਰ ਗੁਰਦੁਆਰਿਆ ਉਪਰ ਚੜ੍ਹਾਈ ਗਈ ਹਿੰਦੁਸਤਾਨੀ ਫੌਜ ਨਾਲ ਟਾਕਰਾ ਕਰਦੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆ ਦੀ ਅਗਵਾਈ ਹੇਠ ਮੁੱਠੀ ਭਰ ਸਿੰਘਾਂ ਦੇ ਫਖਰ ਭਰੇ ਇਤਿਹਾਸ ਦਾ ਜਿਕਰ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਅਸੀਂ ਪੰਥ ਕੌਮ ਦੇ ਰਸਤੇ ਤੇ ਤੁਰਕੇ ਅਜ਼ਾਦੀ ਦੀ ਲੜਾਈ ਵਿਚ ਆਪਣਾ ਯੋਗਦਾਨ ਪਾਈਏ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੀ ਨੀਹ ਰੱਖੀ ਗਈ ਹੈ ਅਸੀਂ ਉਹਨਾਂ ਨੀਹਾਂ ਤੇ ਖਾਲਸਾ ਰਾਜ ਦੀ ਉਸਾਰੀ ਕਰਨੀ ਹੈ ਅਤੇ ਸ਼ਹੀਦਾਂ ਨੂੰ ਸਮਰਪਿਤ ਹੁੰਦਿਆਂ ਉਨ੍ਹਾਂ ਦਾ ਸੁਫਨਾ ਸਾਕਾਰ ਕਰਣਾ ਹੈ। ਐਸਐਫਜੇ ਦੇ ਭਾਈ ਮਨਜਿੰਦਰ ਸਿੰਘ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਰਲਕੇ, ਇਕੱਠੇ ਹੋਕੇ ਪੰਥ ਦੀ ਏਕਤਾ ਵਧਾਈਏ। ਉਨ੍ਹਾਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਕਿ ਕੈਲਗਰੀ ਆ ਰਹੇ ਹਨ ਉਨ੍ਹਾਂ ਦਾ ਵੱਧ ਤੋਂ ਵੱਧ ਵਿਰੋਧ ਅਤੇ ਘਿਰਾਓ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਸਰਪ੍ਰਸਤੀ ਹੇਠ ਵਿਦੇਸ਼ਾਂ ਅੰਦਰ ਸਿੱਖਾਂ ਨੂੰ ਕਤਲ ਅਤੇ ਕਤਲ ਕਰਨ ਦੀ ਸਾਜ਼ਿਸ਼ ਖੇਡੀ ਗਈ ਹੈ। ਉਹਨਾਂ ਨੇ ਸਮੂਹ ਸਿੱਖ ਜਥੇਬੰਦੀਆਂ ਅਤੇ ਗੁਰੂ ਘਰ ਦੀਆਂ ਕਮੇਟੀਆਂ ਨੂੰ ਬੇਨਤੀ ਕੀਤੀ ਕਿ ਆਪਸੀ ਮੱਤਭੇਦ ਭੁਲਾ ਕੇ ਸਾਨੂੰ ਆਪਣੇ ਦੁਸ਼ਮਣ ਦਾ ਇਕੱਠੇ ਹੋਕੇ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਆਰਟ ਗੈਲਰੀ ਤੋਂ ਬਾਅਦ ਸੰਗਤਾਂ ਨੇ ਭਾਰਤੀ ਐਂਬੈਸੀ ਦਾ ਘਿਰਾਓ ਕਰਦਿਆਂ ਖਾਲਸਾਈ ਜੈਕਾਰਿਆ ਨਾਲ ਗੂੰਜਾਂ ਪਾ ਦਿੱਤੀਆਂ ਤੇ ਭਾਰਤੀ ਝੰਡੇ ਦੀ ਬੇਹੁਰਮਤੀ ਕਰਦਿਆਂ ਉਸਨੂੰ ਲੀਰੋ-ਲੀਰ ਕਰ ਦਿੱਤਾ। ਇਸ ਰੋਸ ਪ੍ਰਦਰਸ਼ਨ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਗੁਰਮੀਤ ਸਿੰਘ ਗਿੱਲ, ਭਾਈ ਅਜੈਪਾਲ ਸਿੰਘ ਅਤੇ ਭਾਈ ਜੈਗ ਸਿੰਘ ਦੇ ਨਾਲ ਵਡੀ ਗਿਣਤੀ ਅੰਦਰ ਸੰਗਤਾਂ ਹਾਜਿਰ ਸਨ।



# ਅਕਾਲੀ ਧੜੇ 'ਹਉਮੈ' ਛੱਡ ਕੇ ਮਜ਼ਬੂਤ 'ਪੰਥਕ' ਪਾਰਟੀ ਲਈ ਇਕਜੁੱਟ ਹੋਣ: ਜਾਖੜ

## ਪੰਜਾਬ ਭਾਜਪਾ ਪ੍ਰਧਾਨ ਨੇ ਸੁਖਦੇਵ ਢੀਂਡਸਾ ਦੇ ਭੋਗ ਸਮਾਗਮ ਮੌਕੇ ਕੀਤੀ ਅਪੀਲ; ਸੁਖਬੀਰ ਬਾਦਲ ਨੇ ਢੀਂਡਸਾ ਨਾਲ ਆਖਰੀ ਮੁਲਾਕਾਤ ਨੂੰ ਯਾਦ ਕੀਤਾ





ਚੰਡੀਗੜ੍ਹ : ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਕਿਹਾ ਕਿ ਸਾਰੇ ਅਕਾਲੀ ਧੜਿਆਂ ਨੂੰ ਆਪਣੀ 'ਹਉਮੈ' ਤੇ ਵੱਖਰੇਵੇਂ ਪਾਸੇ ਰੱਖ ਕੇ ਇਕਜੁੱਟ ਹੋਣਾ ਚਾਹੀਦਾ ਹੈ। ਜਾਖੜ ਨੇ ਕਿਹਾ ਕਿ ਮਜ਼ਬੂਤ ਪੰਥਕ ਪਾਰਟੀ ਦੀ ਲੋੜ ਨਾ ਸਿਰਫ਼ ਪੰਜਾਬ ਬਲਕਿ ਦੇਸ਼ ਨੂੰ ਵੀ ਹੈ। ਜਾਖੜ ਨੇ ਜ਼ੋਰ ਦੇ ਕੇ ਆਖਿਆ ਕਿ ਇਹ ਬਜ਼ੁਰਗ ਅਕਾਲੀ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੂੰ 'ਸੱਚੀ ਸ਼ਰਧਾਂਜਲੀ' ਹੋਵੇਗੀ। ਢੀਂਡਸਾ, ਜੋ ਪਿਛਲੇ ਕੁਝ ਸਮੇਂ ਤੋਂ ਵਡੇਰੀ ਉਮਰ ਨਾਲ ਜੁੜੇ ਸਿਹਤ ਵਿਗਾੜਾਂ ਨਾਲ ਜੂਝ ਰਹੇ ਸਨ, ਦੀ 28 ਮਈ ਨੂੰ ਮੁਹਾਲੀ ਦੇ ਨਿੱਜੀ ਹਸਪਤਾਲ ਵਿਚ ਮੌਤ ਹੋ ਗਈ ਸੀ। ਉਹ 89 ਸਾਲਾਂ ਦੇ ਸਨ।

ਜਾਖੜ ਇਥੇ ਸੰਗਰੂਰ ਜ਼ਿਲ੍ਹੇ ਵਿਚ ਢੀਂਡਸਾ ਦੀ ਅੰਤਿਮ ਅਰਦਾਸ ਮੌਕੇ ਬੋਲ ਰਹੇ ਸਨ। ਇਸ ਮੌਕੇ ਵੱਖ ਵੱਖ ਸਿੱਖ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਦੇ ਆਗੂ ਪਾਰਟੀ ਸਫ਼ਾਂ ਤੋਂ ਉਪਰ ਉਠ ਕੇ ਅਕਾਲੀ ਆਗੂ ਦੇ ਭੋਗ ਸਮਾਗਮ ਵਿਚ ਸ਼ਾਮਲ ਹੋਏ। ਇਨ੍ਹਾਂ ਵਿਚ ਜਾਖੜ ਤੋਂ ਇਲਾਵਾ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੈਬਨਿਟ ਮੰਤਰੀ ਅਮਨ ਅਰੋੜਾ, ਪੰਜਾਬ ਅਸੈਂਬਲੀ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਪੰਜਾਬ ਅਸੈਂਬਲੀ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਸ਼ ?ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਬੋਲਦਿਆਂ ਪੰਜਾਬ ਭਾਜਪਾ ਦੇ ਪ੍ਰਧਾਨ ਜਾਖੜ ਨੇ ਕਿਹਾ ਕਿ ਢੀਂਡਸਾ ਨੇ ਆਪਣਾ ਜੀਵਨ ਲੋਕਾਂ ਦੀ ਸੇਵਾ ਲਈ ਸਮਰਪਿਤ ਕੀਤਾ। ਉਨ੍ਹਾਂ ਇੱਕ ਮਜ਼ਬੂਤ ਪੰਥਕ ਪਾਰਟੀ ਦੀ ਅਪੀਲ ਕੀਤੀ, ਜਿਸ ਦੀ ਨਾ ਸਿਰਫ਼ ਪੰਜਾਬ ਲਈ ਸਗੋਂ ਦੇਸ਼ ਲਈ ਵੀ ਲੋੜ ਹੈ। ਉਨ੍ਹਾਂ ਕਿਹਾ, "ਸਾਰੇ ਅਕਾਲੀ ਧੜਿਆਂ ਨੂੰ ਆਪਣੇ ਹੰਕਾਰ ਨੂੰ ਪਾਸੇ ਰੱਖ ਕੇ ਭਾਈਚਾਰੇ ਦੇ ਹਿੱਤਾਂ ਲਈ ਇਕਜੁੱਟ ਹੋਣਾ ਚਾਹੀਦਾ ਹੈ। 'ਪੰਥ' ਅਤੇ ਪੰਜਾਬ ਲਈ ਅੱਗੇ ਵਧਣਾ ਚਾਹੀਦਾ ਹੈ। ਇਹ ਸੁਖਦੇਵ ਸਿੰਘ ਢੀਂਡਸਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।"

ਸੁਖਬੀਰ ਬਾਦਲ ਨੇ ਢੀਂਡਸਾ ਦੀ ਆਪਣੀ ਪੂਰੀ ਜ਼ਿੰਦਗੀ ਲੋਕਾਂ ਦੀ ਸੇਵਾ ਲਈ ਸਮਰਪਿਤ ਕਰਨ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਭਾਈਚਾਰੇ ਅਤੇ ਪੰਜਾਬ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਮੌਜੂਦਾ ਪਾਰਟੀ ਆਗੂਆਂ ਨੂੰ ਢੀਂਡਸਾ ਵਰਗੇ ਆਗੂਆਂ ਦੀਆਂ ਕੁਰਬਾਨੀਆਂ ਅਤੇ ਜੀਵਨ ਤੋਂ ਸਿੱਖਣ ਦੀ ਅਪੀਲ ਕੀਤੀ।

ਸੁਖਬੀਰ ਬਾਦਲ ਨੇ ਢੀਂਡਸਾ ਨਾਲ ਆਪਣੀ ਆਖਰੀ ਮੁਲਾਕਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਜ਼ੁਰਗ ਅਕਾਲੀ ਆਗੂ ਨੇ 'ਪੰਥਕ' ਏਕਤਾ ਬਾਰੇ ਗੱਲ ਕੀਤੀ ਸੀ। ਅਕਾਲੀ ਦਲ ਦੇ ਮੁਖੀ ਨੇ ਸਾਰਿਆਂ ਨੂੰ 'ਪੰਥ' ਅਤੇ ਪੰਜਾਬ ਦੀ ਭਲਾਈ ਲਈ ਇਕੱਠੇ ਹੋਣ ਦੀ ਅਪੀਲ ਕੀਤੀ। ਬਾਦਲ ਨੇ ਕਿਹਾ ਕਿ 'ਇਹ ਢੀਂਡਸਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।'

ਸ੍ਰੀ ਢੀਂਡਸਾ ਦੇ ਪੁੱਤਰ ਅਤੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਆਪਣੇ ਪਿਤਾ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਅਕਾਲੀ ਦਲ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸਬੰਧਾਂ ਨੂੰ ਯਾਦ ਕੀਤਾ। ਪਰਮਿੰਦਰ ਢੀਂਡਸਾ ਨੇ ਕਿਹਾ ਕਿ ਢੀਂਡਸਾ ਬਾਦਲ ਅਤੇ ਲੌਂਗੋਵਾਲ ਦੇ ਬਹੁਤ ਨੇੜੇ ਸਨ।

# ਭਾਜਪਾ ਅਤੇ ਲੋਕ ਇਨਸਾਫ਼ ਪਾਰਟੀ ਦੇ ਮੈਂਬਰ ਬਹੁਜਨ ਸਮਾਜ ਪਾਰਟੀ ਵਿੱਚ ਹੋਏ ਸ਼ਾਮਲ




ਜਲੰਧਰ : ਪੰਜਾਬ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਜਲੰਧਰ ਵਿਖੇ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਲੋਕ ਇਨਸਾਫ਼ ਪਾਰਟੀ ਦੇ ਸਾਬਕਾ ਮੈਂਬਰਾਂ ਨੂੰ ਬਸਪਾ ਪਾਰਟੀ ਵਿੱਚ ਸ਼ਾਮਲ ਕਰਨ ਮੌਕੇ ਮੀਡੀਆ ਨੂੰ ਸੰਬੋਧਨ ਕੀਤਾ।

# ਡੇਰਾ ਬਿਆਸ ਮੁਖੀ ਨੇ ਬੰਦੀ ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਕੀਤਾ ਬੁਲੰਦ

ਅੰਮ੍ਰਿਤਸਰ : ਬਿਆਸ ਵਿਖੇ ਸਥਿਤ ਰਾਧਾ ਸੁਆਮੀ ਸਤਿਸੰਗ ਬਿਆਸ ਮੁਖੀ ਬਾਬਾ ਗੁਰਿੰਦਰ



ਸਿੰਘ ਢਿਲੋਂ ਨੇ ਅੱਜ ਬੰਦੀ ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਬੁਲੰਦ ਕੀਤਾ ਹੈ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਬਾਬਾ ਢਿਲੋਂ ਨੇ ਚੋਣਵੇ ਪੱਤਰਕਾਰਾਂ ਨਾਲ ਗਲ ਕਰਦਿਆਂ ਕਿਹਾ ਕਿ ਉਨਾਂ ਪਾਸ ਡੇਰਾ ਬਿਆਸ ਵਿਖੇ ਆਉਣ ਵਾਲੇ ਕੇਂਦਰੀ ਤੇ ਸੂਬਾ ਸਰਕਾਰਾਂ ਦੇ ਮੰਤਰੀਆਂ ਨਾਲ ਅਕਸਰ ਉਹ ਬੰਦੀ ਸਿੱਖਾਂ ਬਾਰੇ ਵਿਚਾਰ ਚਰਚਾ ਕਰਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਸਿਆਸੀ ਸਿੱਖ ਕੈਦੀ ਅਦਾਲਤਾਂ ਵਲੋਂ ਦਿੱਤੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ ਉਨਾਂ ਨੂੰ ਮਨੁੱਖਤਾ ਦੇ ਅਧਾਰ ਤੇ ਹੁਣ ਰਿਹਾਅ ਕਰ ਦੇਣਾ ਚਾਹੀਦਾ ਹੈ। ਬਾਬਾ ਢਿਲੋਂ ਨੇ ਕਿਹਾ ਕਿ ਕੇਂਦਰੀ ਮੰਤਰੀਆਂ ਨਾਲ ਗਲਬਾਤ ਦਾ ਸਿੱਟਾ ਸੀ ਕਿ ਭਾਈ ਗੁਰਦੀਪ ਸਿੰਘ ਖੈੜਾ ਦੀ ਛੁੱਟੀ ਪ੍ਰਵਾਨ ਹੋਈ ਤੇ ਹੁਣ ਉਨਾਂ ਦੀ ਹਾਰਦਿਕ ਇੱਛਾ ਹੈ ਕਿ ਬਾਕੀ ਬੰਦੀ ਸਿੱਖ ਵੀ ਜਲਦ ਰਿਹਾਅ ਹੋਣ ਤੇ ਇਸ ਲਈ ਉਹ ਡੇਰੇ ਆਉਣ ਵਾਲੇ ਹਰ ਸਿਆਸੀ ਆਗੂ ਤੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਮੰਤਰੀਆਂ ਨਾਲ ਗੱਲਬਾਤ ਕਰਦੇ ਰਹਿਣਗੇ। ਇਸ ਤੋ ਪਹਿਲਾਂ ਬਾਬਾ ਢਿਲੋਂ ਨੇ ਪੂਰੀ ਸ਼ਰਧਾ ਤੇ ਭਾਵਨਾ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਉਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਸ਼ਰਧਾ ਨਾਲ ਮੱਥਾ ਟੇਕਿਆ। ਕਰੀਬ 30 ਮਿੰਟ ਤਕ ਉਹ ਸ੍ਰੀ ਦਰਬਾਰ ਸਾਹਿਬ ਸਮੂੰਹ ਵਿਖੇ ਰਹੇ।

# ਸਟੇਟ ਅਵਾਰਡੀ ਭਾਈ ਮਸੀਤੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਕੀਤਾ ਜਾਗਰੂਕ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਅੱਜ ਤਹਿਸੀਲ ਕੰਪਲੈਕਸ ਟਾਂਡਾ ਵਿੱਖੇ ਪਹੁੰਚ ਕੇ ਸਟੇਟ ਅਵਾਰਡੀ ਭਾਈ ਵਰਿੰਦਰ ਸਿੰਘ ਮਸੀਤੀ ਆਈ ਡੋਨਰ ਇੰਚਾਰਜ ਟਾਂਡਾ ਨੇ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕੀਤਾ। ਇਸ ਮੌਕੇ ਭਾਈ ਮਸੀਤੀ ਨੇ ਨਸ਼ਿਆਂ ਦੇ ਇਨਸਾਨੀ ਸਰੀਰ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੀ ਜਾਣਕਾਰੀ ਲੋਕਾਂ ਨੂੰ ਦਿੱਤੀ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਇਨਸਾਨ ਹੌਲੀ ਹੌਲੀ ਨਸ਼ਿਆਂ ਦੀ ਦਲ ਦਲ ਵਿੱਚ ਫਸ ਕੇ ਆਪਣਾ ਤੇ ਆਪਣੇ ਪੂਰੇ ਪਰਿਵਾਰ ਦਾ ਜਾਨੀ ਤੇ ਮਾਲੀ ਨੁਕਸਾਨ ਕਰ ਲੈਂਦਾ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਟਾਂਡਾ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕਾ ਹੈ ਤਾਂ ਇਸ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦਿੱਤੀ ਜਾਵੇ ਤਾਂ ਜੋ ਉਸ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀ ਦਾ ਇਲਾਜ ਸਹੀ ਸਮੇਂ ਤੇ ਕਰਵਾਇਆ ਜਾ ਸਕੇ। ਉਹਨਾਂ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਨਸ਼ਿਆਂ ਦਾ ਇਲਾਜ ਬਿਲਕੁਲ ਮੁਫਤ ਹੁੰਦਾ ਹੈ। ਇਸ ਮੌਕੇ ਭਾਈ ਮਸੀਤੀ ਤੇ ਨਾਇਬ ਤਹਸੀਲਦਾਰ ਮਨਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਏ ਜਾ ਰਹੇ ਅਭਿਆਨ ਦੀ ਜੰਮ ਕੇ ਤਾਰੀਫ ਕੀਤੀ, ਤੇ ਲੋਕਾਂ ਨੂੰ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ। ਇਸ ਮੌਕੇ ਭਾਈ ਮਸੀਤੀ ਨੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਜਿਉਂਦੇ ਜੀ ਰਕਤ ਦਾਨ ਤੇ ਮਰਨ ਉਪਰੰਤ ਅੱਖਾਂ ਦਾਨ, ਅਤੇ ਅੰਗ ਦਾਨ ਕਰਨ ਦੀ ਜਾਣਕਾਰੀ ਵੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮਲਦੀਪ ਕੁਮਾਰ ਰੀਡਰ ਨਾਇਬ ਤਹਸੀਲਦਾਰ ਟਾਂਡਾ, ਜਤਿੰਦਰ ਪਾਲ ਸਿੰਘ ਦਫਤਰ ਕਨਗੋ ਤੇ ਸਮੂਹ ਸਟਾਫ ਮੈਂਬਰ ਹਾਜਰ ਸਨ।

# ਐਮਵੀ ਵਾਨ ਹਾਈ 503 ਦੇ ਅੰਦਰੂਨੀ ਕੰਟੇਨਰ 'ਚ ਧਮਾਕਾ

ਕੋਚੀ : ਸਿੰਗਾਪੁਰ ਦੇ ਝੰਡੇ ਵਾਲੇ ਕੰਟੇਨਰ ਜਹਾਜ਼ ਐਮਵੀ ਵਾਨ ਹਾਈ 503 ਵਿੱਚ ਮੰਗਲਵਾਰ ਨੂੰ ਕੋਚੀ ਵਿੱਚ ਅੰਦਰੂਨੀ ਕੰਟੇਨਰ ਵਿੱਚ ਧਮਾਕੇ ਅਤੇ ਨਤੀਜੇ ਵਜੋਂ ਵੱਡੀ ਅੱਗ ਲੱਗਣ ਦੀ ਰਿਪੋਰਟ ਆਉਣ ਤੋਂ ਬਾਅਦ ਭਾਰਤੀ ਤੱਟ ਰੱਖਿਅਕ ਜਹਾਜ਼ ਸਮੁੰਦਰ ਪ੍ਰਹਾਰੀ ਅਤੇ ਸਚੇਤ ਨੇ ਅੱਗ ਬੁਝਾਉਣ ਦੇ ਕੰਮ ਅਤੇ ਸੀਮਾ ਕੂਲਿੰਗ ਦਾ ਕੰਮ ਕੀਤਾ।



# ਸ਼ਹੀਦਾਂ ਦੇ ਸਿਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 41ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਪਾਤਸ਼ਾਹੀ ਰੈਲੀ 'ਚ ਭਾਰੀ ਇਕੱਠ




















ਸੈਨ ਫਰਾਂਸਿਸਕੋ/ਕੈਲੀਫੋਰਨੀਆ : ਅਮਰੀਕਾ ਦੇ ਸਮੂਹ ਗੁਰਦੁਆਰਾ ਸਾਹਿਬਾਨ ਵਲੋਂ ਜੂਨ 'ਚ ਸਿੱਖਾਂ ਉਪਰ ਵਰਤੇ ਘੱਲੂਘਾਰੇ ਪਵਿੱਤਰ ਸਿੱਖ ਗੁਰਧਾਮਾਂ ਉਪਰ ਭਾਰਤੀ ਫੌਜ ਵਲੋਂ ਕੀਤੇ ਹਮਲੇ ਅਤੇ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਦੀ ਦੇ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 41ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਪਾਤਸ਼ਾਹੀ ਰੈਲੀ 'ਚ ਸੰਗਤਾਂ ਦਾ ਠਾਠਾਂ ਮਾਰਦਾ ਭਾਰੀ ਇਕੱਠ ਹੋਇਆ ਜਿਸ ਵਿੱਚ ਅਮਰੀਕਾ ਦੇ ਨਾਲ ਨਾਲ ਵੱਖ-ਵੱਖ ਦੇਸ਼ਾ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ। ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ 1984 ਵਿਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਹਮਲੇ ਦੀ 41ਵੀਂ ਵਰ੍ਹੇਗੰਢ ਸੈਨ ਫਰਾਂਸਿਸਕੋ ਵਿਖੇ ਨਗਰ ਕੀਰਤਨ ਦੇ ਰੂਪ 'ਚ ਸਮੂਹਕ ਤੌਰ 'ਤੇ ਮਨਾਈ ਗਈ। ਇਸ ਮੌਕੇ ਜਿਨ੍ਹਾਂ ਦੀ ਕੁਰਬਾਨੀ ਨੇ ਕੌਮ ਨੂੰ ਜ਼ਿੰਦਗੀ ਦਿੱਤੀ ਅਤੇ ਗੁਰਧਾਮਾਂ ਦੀ ਰੱਖਿਆ ਲਈ ਲੜਦੇ-ਲੜਦੇ ਸ਼ਹੀਦੀ ਦਾ ਜਾਮ ਪੀ ਗਏ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ ਜੀ, ਸ਼ਹੀਦ ਭਾਈ ਜਨਰਲ ਸੁਬੇਗ ਸਿੰਘ ਅਤੇ ਸਮੂਹ ਸ਼ਹੀਦਾ ਨੂੰ ਯਾਦ ਕੀਤਾ ਗਿਆ। ਵਿਸ਼ਾਲ ਸਮਾਗਮ ਵਿਚ ਬੇਅ ਏਰੀਆ, ਸੈਕਰਾਮੈਂਟੋ ਅਤੇ ਪੂਰੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕੱਢੀ ਗਈ ਪਰੇਡ ਵਿਚ ਇਸ ਗੱਲ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਕਿ 41 ਸਾਲ ਬੀਤ ਜਾਣ ਦੇ ਬਾਅਦ ਵੀ ਘੱਟ ਗਿਣਤੀ ਸਿੱਖਾਂ ਦੀਆਂ ਧਾਰਮਿਕ ਅਤੇ ਆਰਥਿਕ ਮੰਗਾਂ ਅਜੇ ਵੀ ਅਣਸੁਲਝੀਆਂ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਬਿਨਾਂ ਕਿਸੇ ਦੋਸ਼ ਅਤੇ ਅਪਰਾਧ ਦੇ ਜੇਲਾਂ ਵਿਚ ਬੰਦ ਹਨ। ਭਾਰਤ ਵਿਚ ਸਿੱਖਾਂ ਨੂੰ ਜਬਰ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਦਿੱਲੀ ਅਤੇ ਹੋਰਨਾਂ ਭਾਰਤੀ ਸ਼ਹਿਰਾਂ ਵਿਚ ਵਾਪਰੀ ਸਿੱਖ ਨਸਲਕੁਸ਼ੀ ਦੇ ਪੀੜਤ ਅਜੇ ਵੀ ਇਨਸਾਫ ਦੀ ਉਡੀਕ ਵਿਚ ਹਨ।

ਇਸ ਮਹਾਨ ਪਾਤਸ਼ਾਹੀ ਰੈਲੀ 'ਚ ਸੰਗਤਾਂ ਨੂੰ ਸੰਬੋਧਨ ਕਰਨ ਵਾਲਿਆਂ 'ਚ ਡਾ. ਜਸਮੀਤ ਕੌਰ








# ਸ਼ਹੀਦਾਂ ਦੇ ਸਿਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 41ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਪਾਤਸ਼ਾਹੀ ਰੈਲੀ 'ਚ ਭਾਰੀ ਇਕੱਠ

















ਬੈਂਸ, ਬੀਬੀ ਹਰਮਨ ਕੌਰ, ਭਾਈ ਤਰਲੋਚਨ ਸਿੰਘ, ਸ੍ਰ. ਇਕਤਿਦਾਰ ਚੀਮਾ, ਭਾਈ ਹਰਵਿੰਦਰ ਸਿੰਘ, ਡਾ. ਅਮਰਜੀਤ ਸਿੰਘ, ਭਾਈ ਸੁਰਿੰਦਰ ਸਿੰਘ ਪਾਤਰ, ਸ੍ਰ. ਜੁਝਾਰ ਸਿੰਘ, ਸ੍ਰ. ਤੇਜਪਾਲ ਸਿੰਘ ਬੈਨੀਵਾਲ, ਭਾਈ ਤਰਸੇਮ ਸਿੰਘ ਖਾਲਸਾ ਸ਼ਾਮਲ ਸਨ।

ਇਸ ਮੌਕੇ ਧਾਰਮਿਕ ਸਟੇਜ ਤੋਂ ਸਾਰੀ ਕਾਰਵਾਈ ਸ. ਦਵਿੰਦਰ ਸਿੰਘ ਸਕੱਤਰ ਗੁਰਦੁਆਰਾ ਸਾਹਿਬ ਫਰੀਮਾਂਟ ਨੇ ਨਿਭਾਈ। ਸੈਨ ਫਰਾਂਸਿਸਕੋ ਦੇ ਸਵਿਕ ਸੈਂਟਰ ਦੀ ਖੁੱਲ੍ਹੀ ਪਾਰਕ 'ਚ ਸਿੱਖ ਸੰਗਤ ਸਮਾਗਮ ਦੇ ਅਖੀਰ ਤੱਕ ਬੁਲਾਰਿਆਂ ਨੂੰ ਸੁਣਦੀ ਰਹੀ ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਦੇ ਰਿਸ਼ਤੇਦਾਰਾਂ ਨੂੰ ਵੀ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

ਨਗਰ ਕੀਰਤਨ ਦੌਰਾਨ ਬੱਸਾਂ ਦਾ ਖਾਸ ਪ੍ਰਬੰਧ ਕੀਤਾ ਗਿਆ। ਜਿਨ੍ਹਾਂ ਸੱਜਣਾਂ ਨੇ ਬੱਸਾਂ ਰਾਹੀਂ ਇਸ ਨਗਰ ਕੀਰਤਨ ਦੇ ਦਰਸ਼ਨ ਕਰਵਾਏ ਉਨ੍ਹਾਂ ਵਿਚ ਸ੍ਰ. ਜਸਦੇਵ ਸਿੰਘ ਗੁਰਦੁਆਰਾ ਸਾਹਿਬ ਫਰੀਮਾਂਟ, ਸ੍ਰ. ਬਲਕਾਰ ਸਿੰਘ ਗੁਰਦੁਆਰਾ ਸਾਹਿਬ ਸੈਂਟਾ ਕਲਾਰਾ, ਸ੍ਰ. ਮਨਜੀਤ ਸਿੰਘ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਜਗਰਾਜ ਸਿੰਘ ਗੁਰਦੁਆਰਾ ਸਾਹਿਬ ਮੌਂਡਸਟੋ, ਸ੍ਰ. ਗੁਰਦੀਪ ਸਿੰਘ ਗੁਰਦੁਆਰਾ ਸਾਹਿਬ ਨਾਨਕਸਰ ਚੈਰੀ ਏਵ ਫਰਿਜ਼ਨੋ, ਸ੍ਰ. ਰਾਜਵਿੰਦਰ ਸਿੰਘ ਗੁਰਦੁਆਰਾ ਮਾਤਾ ਸਾਹਿਬ ਕੌਰ ਫਰਿਜ਼ਨੋ, ਸ੍ਰ. ਜਰਨੈਲ ਸਿੰਘ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਕਾਸ਼ ਮੋਨਟੀਕਾ, ਸ੍ਰ. ਜਸਪਾਲ ਸਿੰਘ ਗੁਰਦੁਆਰਾ ਸਾਹਿਬ ਬਰੈਂਡਸਾ, ਸ੍ਰ. ਅਜਾਇਬ ਸਿੰਘ ਗੁਰਦੁਆਰਾ ਸਾਹਿਬ ਟੈਰਾ ਬੂਏਨਾ ਯੂਬਾ ਸਿਟੀ, ਸ੍ਰ. ਨਰਿੰਦਰ ਸਿੰਘ ਥਾਂਦੀ ਵੈਸਟ ਸੈਕਰਾਮੈਂਟੋ, ਸ੍ਰ. ਪਿੰਦਰਪਾਲ ਸਿੰਘ ਗੁਰਦੁਆਰਾ ਸਾਹਿਬ ਫਰੈਂਚ ਕੈਂਪ ਆਦਿ ਸ਼ਾਮਲ ਹਨ।

ਸੈਨ ਫਰਾਂਸਿਸਕੋ ਦੇ ਸਵਿਕ ਸੈਂਟਰ ਦੀ ਖੁੱਲ੍ਹੀ ਪਾਰਕ 'ਚ ਸਿੱਖ ਸੰਗਤ ਸਮਾਗਮ ਦੇ ਅਖੀਰ ਤੱਕ ਬੁਲਾਰਿਆਂ ਨੂੰ ਸੁਣਦੀ ਰਹੀ ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਦੇ ਰਿਸ਼ਤੇਦਾਰਾਂ ਨੂੰ ਵੀ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਹ ਪਾਤਸ਼ਾਹੀ ਰੈਲੀ ਸਿੱਖਾਂ ਦੀ ਅਜ਼ਾਦੀ ਲਈ ਇੱਕ ਹੋਰ ਕਦਮ ਸਾਬਿਤ ਹੋਈ।







# ਇਹ ਲੋਕ ਕਿਹੜੇ ਪਾਸੇ ਤੁਰ ਪਏ

## 480 ਕਿੱਲੋ ਕੋਕੀਨ ਦੀ ਤਸਕਰੀ 'ਚ 6 ਪੰਜਾਬੀ ਗ੍ਰਿਫ਼ਤਾਰ



ਹਾਓ ਟੌਮੀ, ਅਰਵਿੰਦਰ ਪਵਾਰ, ਗੁਰਤੇਜ ਸਿੰਘ, ਕਰਮਜੀਤ ਸਿੰਘ, ਮਨਪ੍ਰੀਤ ਸਿੰਘ।



ਸਰਤਾਜ ਸਿੰਘ, ਸ਼ਿਵ ਉਂਕਾਰ ਸਿੰਘ, ਫਿਲਿਪ ਤੇਪ, ਸਜਗਿੱਥ ਯੋਗਿੰਦਰਾਰਾਜਾ

ਟੋਰਾਂਟੋ : ਅਮਰੀਕਾ ਤੋਂ ਕੈਨੇਡਾ ਵਿਚ ਵੱਡੇ ਪੱਧਰ 'ਤੇ ਨਸ਼ੇ ਲੰਘਾਉਣ ਦੇ ਕੇਸ ਦੀ ਬੀਤੇ ਸਾਲ ਕੁ ਤੋਂ ਜਾਂਚ ਕਰ ਰਹੇ ਪੀਲ ਪੁਲਿਸ ਦੇ ਅਧਿਕਾਰੀਆਂ ਨੇ ਤਕਰੀਬਨ 480 ਕਿੱਲੋ ਕੋਕੀਨ ਜ਼ਬਤ ਕਰਕੇ 9 ਸ਼ੱਕੀ ਫੜਨ ਦਾ ਦਾਅਵਾ ਕੀਤਾ ਹੈ। ਸ਼ੱਕੀਆਂ ਦੇ ਦੱਸੇ ਗਏ ਨਾਵਾਂ ਵਿਚ ਬਹੁਗਿਣਤੀ, 6 ਪੰਜਾਬੀ ਹਨ। 50 ਮਿਲੀਅਨ ਡਾਲਰਾਂ ਦੇ ਮੁੱਲ ਦੇ ਨਸ਼ਾ ਤਸਕਰੀ ਦੇ ਕੇਸ ਵਿਚ ਪੁਲਿਸ ਦੀ ਛਾਪੇਮਾਰੀ ਦੌਰਾਨ ਦੋਸ਼ੀਆਂ ਤੋਂ ਨਕਦੀ ਤੇ ਹਥਿਆਰ ਫੜ ਹੋਣ ਬਾਰੇ ਵੀ ਪਤਾ ਲੱਗਾ ਹੈ। ਦੋਸ਼ੀਆਂ ਵਿਚ ਬਰੈਂਪਟਨ, ਕੈਲੇਡਨ, ਟੋਰਾਂਟੋ, ਹੈਮਿਲਟਨ, ਜਿਓਰਜਟਾਊਨ ਤੇ ਮਿਸੀਸਾਗਾ ਵਾਸੀ ਮਨਪ੍ਰੀਤ ਸਿੰਘ, ਕਰਮਜੀਤ ਸਿੰਘ, ਅਰਵਿੰਦਰ ਪਵਾਰ, ਗੁਰਤਾਜ ਸਿੰਘ, ਸਰਤਾਜ ਸਿੰਘ, ਸ਼ਿਵ ਉਂਕਾਰ ਸਿੰਘ, ਹੇਓ ਟੋਮੀ, ਫਿਲਿਪ ਟੀਪ, ਅਤੇ ਸਾਜਗੀਥ ਯੋਗੇਂਦਰ ਰਾਜਾ ਹਨ। ਮਿਸੀਸਾਗਾ ਵਿਖੇ ਪੁਲਿਸ ਮੁਖੀ ਨਿਸ਼ਾਨ ਦੁਰੀਆਪਾ ਨੇ ਦੱਸਿਆ ਕਿ ਵੱਡੀ ਮਾਤਰਾ ਵਿਚ ਨਸ਼ਾ ਫੜਿਆ ਗਿਆ ਹੈ ਜਿਸ ਨਾਲ ਅਸੀਂ ਬਹੁਤ ਸਾਰੀਆਂ ਜ਼ਿੰਦਗੀਆਂ ਬਚਾਉਣ ਵਿਚ ਕਾਮਯਾਬ ਹੋਏ ਹਾਂ। ਉਨ੍ਹਾਂ ਆਖਿਆ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ, ਅਮਰੀਕੀ ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ ਦੇ ਅਧਿਕਾਰੀਆਂ ਨੇ ਇਸ ਕੇਸ ਦੀ ਰਲ ਕੇ ਜਾਂਚ ਕੀਤੀ। ਉਨ੍ਹਾਂ ਦੱਸਿਆ ਕਿ ਅਮਰੀਕਾ ਤੋਂ ਟਰੱਕਾਂ ਵਿਚ ਨਸ਼ੇ ਲੁਕੋ ਕੇ ਕੈਨੇਡਾ ਵਿਚ ਲੰਘਾਉਣ ਦੇ ਮਾਮਲੇ ਵਿਚ ਸਰਹੱਦੀ ਲਾਂਘਿਆਂ ਤੋਂ ਬੀਤੇ ਦਿਨੀਂ ਦੋ ਡਰਾਇਵਰ ਗ੍ਰਿਫਤਾਰ ਕੀਤੇ ਗਏ ਸਨ ਜਿਸ ਤੋਂ ਬਾਅਦ ਹੋਰ ਗ੍ਰਿਫ਼ਤਾਰੀਆਂ ਅਮਲ ਵਿਚ ਆਈਆਂ। ਇਹ ਵੀ ਕਿ ਜੋ ਉਪਰੋਕਤ 9 ਸ਼ੱਕੀ ਪੁਲਿਸਾਂ ਨੇ 1 ਸਾਲ ਦੀ ਜਾਂਚ ਮਗਰੋਂ ਗ੍ਰਿਫਤਾਰ ਕੀਤੇ ਉਨ੍ਹਾਂ ਵਿਚੋਂ 6 ਨੂੰ ਗ੍ਰਿਫ਼ਤਾਰੀਆਂ ਬਾਰੇ ਪੁਲਿਸ ਦੀ ਮੀਡੀਆ ਕਾਨਫਰੰਸ ਤੋਂ ਪਹਿਲਾਂ ਬਰੈਂਪਟਨ ਅਦਾਲਤ ਵਲੋਂ ਜਮਾਨਤ ਉੱਪਰ ਛੱਡਿਆ ਵੀ ਜਾ ਚੁੱਕਾ ਸੀ ਤੇ 3 ਦੀ ਜ਼ਮਾਨਤ ਦੀ ਅਰਜੀ ਅਦਾਲਤ ਦੇ ਵਿਚਾਰ ਅਧੀਨ ਹੈ।

# ਬੀ.ਬੀ.ਸੀ. ਨੇ ਡਾਕੂਮੈਂਟਰੀ 'The Killing Call' ਨੂੰ ਕੀਤਾ ਰਿਲੀਜ਼

## BBC ਨੇ ਇਹ ਡਾਕੂਮੈਂਟਰੀ ਯੂਟਿਊਬ ਚੈਨਲ 'ਤੇ ਰਿਲੀਜ਼ ਕੀਤੀ

ਮਾਨਸਾ : ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਬਾਰੇ ਡਾਕੂਮੈਂਟਰੀ ਦੀ ਸਕਰੀਨਿੰਗ ਨੂੰ ਲੈ ਕੇ ਜਾਰੀ ਵਿਵਾਦ ਦਰਮਿਆਨ ਬੀਬੀਸੀ ਵਰਲਡ ਸਰਵਿਸ ਨੇ ਦਸਤਾਵੇਜ਼ੀ ਨੂੰ ਨਿਰਧਾਰਿਤ ਸਮੇਂ ਤੋਂ ਪਹਿਲਾਂ ਹੀ ਅੱਜ ਯੂਟਿਊਬ 'ਤੇ ਰਿਲੀਜ਼ ਕਰ ਦਿੱਤਾ ਹੈ। ਉਂਝ ਦਸਤਾਵੇਜ਼ੀ ਮਿੱਥੇ ਮੁਤਾਬਕ ਅੱਜ ਦੁਪਹਿਰੇ ਮੁੰਬਈ ਵਿਚ ਰਿਲੀਜ਼ ਕੀਤੀ ਜਾਣੀ ਸੀ।

ਦਸਤਾਵੇਜ਼ੀ ਮੂਸੇਵਾਲਾ ਦੇ ਜਨਮ ਦਿਨ ਮੌਕੇ ਰਿਲੀਜ਼ ਕੀਤੀ ਗਈ ਹੈ ਹਾਲਾਂਕਿ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਦਸਤਾਵੇਜ਼ੀ ਦੀ ਸਕਰੀਨਿੰਗ 'ਤੇ ਰੋਕ ਲਾਉਣ ਦੀ ਮੰਗ ਕਰਦੀ ਇਕ ਪਟੀਸ਼ਨ ਲੰਘੇ ਦਿਨ ਮਾਨਸਾ ਕੋਰਟ ਵਿਚ ਦਾਖ਼ਲ ਕੀਤੀ ਸੀ। ਮੂਸੇਵਾਲਾ ਦੇ ਪਰਿਵਾਰ ਵੱਲੋਂ ਉਸ ਦੇ ਗੀਤਾਂ ਦਾ ਇਕ ਈਪੀ (ਅਕਸਟੈਂਡਿਡ ਪਲੇਅ) ਰਿਲੀਜ਼ ਕੀਤਾ ਜਾ ਸਕਦਾ ਹੈ। ਮੂਸੇਵਾਲਾ ਦਾ ਜਨਮ 11 ਜੂਨ 1993 ਨੂੰ ਹੋਇਆ ਸੀ।

ਇਸ ਦੌਰਾਨ ਬੀਬੀਸੀ ਨੇ ਦਸਤਾਵੇਜ਼ੀ ਦੇ ਦੋ ਐਪੀਸੋਡ ਜਾਰੀ ਕੀਤੇ ਹਨ, ਜਿਸ ਵਿੱਚ ਮੂਸੇਵਾਲਾ ਦੇ ਕੁਝ ਪੁਰਾਣੇ ਦੋਸਤ, ਕੁਝ ਪੱਤਰਕਾਰ ਅਤੇ ਪੰਜਾਬ ਅਤੇ ਦਿੱਲੀ ਦੇ ਦੋ ਸੀਨੀਅਰ ਪੁਲੀਸ ਅਧਿਕਾਰੀ ਸ਼ਾਮਲ ਹਨ। ਵੀਡੀਓ ਵਿੱਚ ਗੈਂਗਸਟਰ ਗੋਲਡੀ ਬਰਾੜ ਨਾਲ ਇੱਕ ਆਡੀਓ ਇੰਟਰਵਿਊ ਵੀ ਸ਼ਾਮਲ ਹੈ, ਜਿਸ 'ਤੇ 29 ਮਈ, 2022 ਨੂੰ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ ਵਿੱਚ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਦੋਸ਼ ਹੈ, ਅਤੇ ਉਸ ਨੂੰ ਮਾਸਟਰਮਾਈਂਡ ਦੱਸਿਆ ਜਾ ਰਿਹਾ ਹੈ।

ਦਸਤਾਵੇਜ਼ੀ ਦਾ ਪਹਿਲਾ ਐਪੀਸੋਡ, ਜਿਸ ਦਾ ਸਿਰਲੇਖ 'ਦ ਕਿਲਿੰਗ ਕਾਲ' ਹੈ, ਮੂਸੇਵਾਲਾ



ਦੀ ਮੁੱਢਲੀ ਜ਼ਿੰਦਗੀ, ਮਕਬੂਲੀਅਤ ਵਿੱਚ ਵਾਧਾ ਅਤੇ ਉਸ ਦੇ ਕਰੀਅਰ ਦੇ ਆਲੇ ਦੁਆਲੇ ਵਿਵਾਦਾਂ 'ਤੇ ਕੇਂਦਰਿਤ ਹੈ, ਜਦੋਂ ਕਿ ਦੂਜਾ ਭਾਗ ਉਸ ਦੇ ਕਤਲ ਨੂੰ ਕਵਰ ਕਰਦਾ ਹੈ।

ਬੀਬੀਸੀ ਵਰਲਡ ਸਰਵਿਸ ਨੇ ਆਪਣੇ ਯੂਟਿਊਬ ਵੀਡੀਓ ਵੇਰਵੇ ਵਿੱਚ ਲਿਖਿਆ: "29 ਮਈ 2022 ਨੂੰ, ਪੰਜਾਬੀ ਗਾਇਕ ਸਿੱਧੂਮੂਸੇ ਵਾਲਾ ਦਾ ਕਤਲ ਭਾੜੇ ਦੇ ਕਾਤਲਾਂ ਵੱਲੋਂ ਕੀਤਾ ਗਿਆ ਸੀ ਜੋ ਉਸ ਦੀ ਕਾਰ ਦਾ ਪਿੱਛਾ ਕਰਦੇ ਸਨ, ਉਸ ਨੂੰ ਵਿੰਡਸ਼ੀਲਡ ਵਿੱਚੋਂ ਗੋਲੀ ਮਾਰ ਦਿੱਤੀ ਅਤੇ ਉਸ ਨੂੰ ਮਰਨ ਲਈ ਛੱਡ ਦਿੱਤਾ। ਜਿਵੇਂ ਹੀ ਕਤਲ ਦੀ ਖ਼ਬਰ ਪੂਰੇ ਭਾਰਤ ਅਤੇ ਦੁਨੀਆ ਭਰ ਵਿੱਚ ਫੈਲੀ, ਗੋਲਡੀ ਬਰਾੜ ਨਾਮ ਦੇ ਇੱਕ ਗੈਂਗਸਟਰ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ। ਪਰ ਤਿੰਨ ਸਾਲ ਬਾਅਦ, ਇਸ ਕਤਲ ਲਈ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ, ਇਰਾਦੇ ਧੁੰਦਲੇ ਹਨ, ਅਤੇ ਗੋਲਡੀ ਬਰਾੜ ਅਜੇ ਵੀ ਫ਼ਰਾਰ ਹੈ। BBC Eye Investigations ਸਿੱਧੂ ਮੂਸੇਵਾਲਾ ਦੇ ਕੁਝ ਸਭ ਤੋਂ ਨਜ਼ਦੀਕੀ ਲੋਕਾਂ ਨਾਲ ਗੱਲ ਕਰ ਰਿਹਾ ਹੈ, ਉਸ ਦੀ ਹਨੇਰੇ ਤੋਂ ਸਟਾਰਡਮ ਤੱਕ ਦੇ ਉਭਾਰ ਦਾ ਪਤਾ ਲਗਾ ਰਿਹਾ ਹੈ, ਇਹ ਪਤਾ ਲਗਾ ਰਿਹਾ ਹੈ ਕਿ ਉਸ ਨੇ ਭਾਰਤ ਦੇ ਸਭ ਤੋਂ ਡਰਾਉਣੇ ਗੈਂਗ ਦੇ ਦੁਸ਼ਮਣ ਕਿਵੇਂ ਬਣਾਏ ਅਤੇ ਪੁੱਛਿਆ ਕਿ ਉਹ ਉਸ ਨੂੰ ਕਿਉਂ ਮਰਨਾ ਚਾਹੁੰਦੇ ਸਨ।"

ਇਸ ਵਿੱਚ ਅੱਗੇ ਕਿਹਾ ਗਿਆ ਹੈ, "ਇਹ ਇੱਕ ਅਜਿਹੀ ਕਹਾਣੀ ਹੈ ਜੋ ਸਾਨੂੰ ਪੇਂਡੂ ਭਾਰਤ ਦੇ ਪਿੰਡਾਂ ਤੋਂ ਪੂਰਬੀ ਕੈਨੇਡਾ ਦੇ ਹਿੱਪ-ਹੌਪ ਦ੍ਰਿਸ਼ ਤੱਕ, ਪੰਜਾਬ ਦੇ ਅਸ਼ਾਂਤ ਇਤਿਹਾਸ ਤੋਂ ਲੈ ਕੇ ਆਧੁਨਿਕ ਭਾਰਤ ਦੀ ਵਿਵਾਦਿਤ ਸਿਆਸਤ ਤੱਕ ਅਤੇ ਸੰਗਠਿਤ ਅਪਰਾਧ ਦੀ ਪਰਛਾਵੀਂ ਦੁਨੀਆ ਤੋਂ ਭਗੌੜੇ ਗੈਂਗਸਟਰ ਨਾਲ ਖੌਫਨਾਕ ਫੋਨ ਕਾਲ ਤੱਕ ਲੈ ਜਾਂਦੀ ਹੈ, ਜੋ ਕਹਿੰਦਾ ਹੈ ਕਿ ਉਸ ਨੇ ਸਿੱਧੂ ਮੂਸੇਵਾਲਾ ਨੂੰ ਮਾਰਨ ਦਾ ਹੁਕਮ ਦਿੱਤਾ ਸੀ। ਸਿੱਧੂ ਦੇ ਦੋਸਤਾਂ ਅਤੇ ਸੰਗੀਤਕ ਸਹਿਯੋਗੀਆਂ ਤੱਕ ਵਿਸ਼ੇਸ਼ ਪਹੁੰਚ ਦੇ ਆਧਾਰ 'ਤੇ, ਫਿਲਮ ਵਿੱਚ ਕੁਝ ਅਜਿਹੀਆਂ ਆਵਾਜ਼ਾਂ ਨੂੰ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਨੇ ਪਹਿਲਾਂ ਕਦੇ ਮੀਡੀਆ ਨਾਲ ਗੱਲ ਨਹੀਂ ਕੀਤੀ।"

ਜ਼ਿਕਰਯੋਗ ਹੈ ਕਿ ਮਾਨਸਾ ਦੀ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਦੀ ਕੋਰਟ ਨੇ ਮੰਗਲਵਾਰ ਨੂੰ ਮਾਮਲੇ ਨੂੰ ਵਿਚਾਰ ਲਈ 12 ਜੂਨ ਤੱਕ ਮੁਲਤਵੀ ਕਰ ਦਿੱਤਾ ਸੀ।

ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਵਕੀਲ ਐਡਵੋਕੇਟ ਸਤਿੰਦਰ ਪਾਲ ਸਿੰਘ ਮਿੱਤਲ ਨੇ ਮੰਗਲਵਾਰ ਨੂੰ 'ਦਿ ਟ੍ਰਿਬਿਊਨ' ਨੂੰ ਦੱਸਿਆ ਸੀ ਕਿ ਮਾਮਲਾ ਹੁਣ ਕੋਰਟ ਵਿਚ ਵਿਚਾਰ ਅਧੀਨ ਹੈ ਤੇ 'ਸਾਨੂੰ ਉਮੀਦ ਹੈ ਕਿ ਦਸਤਾਵੇਜ਼ੀ ਨੂੰ ਜਨਤਕ ਨਹੀਂ ਕੀਤਾ ਜਾਵੇਗਾ।'

# ਧਰਨੇ ਦੌਰਾਨ ਬਹਿਸ ਤੋਂ ਬਾਅਦ ਸ਼ਿਵ ਸੈਨਾ ਆਗੂਆਂ ਵਲੋਂ ਸਿੱਖ ਨੌਜਵਾਨ ਦੀ ਕੁੱਟਮਾਰ-ਕੱਪੜੇ ਪਾੜੇ





ਸਿੱਖ ਨੌਜਵਾਨ ਨਾਲ ਧੱਕਾ-ਮੁੱਕੀ ਕਰਦੇ ਹੋਏ ਧਰਨਾਕਾਰੀ। (ਸੱਜੇ) ਐਸ.ਪੀ. (ਡੀ) ਮਨਮੀਤ ਸਿੰਘ ਢਿੱਲੋਂ ਜਾਣਕਾਰੀ ਦਿੰਦੇ ਹੋਏ।


ਸ੍ਰੀ ਮੁਕਤਸਰ ਸਾਹਿਬ : ਸ਼ਿਵ ਸੈਨਾ ਦੇ ਜ਼ਿਲ੍ਹਾ ਪ੍ਰਧਾਨ 'ਤੇ ਪਿਛਲੇ ਦਿਨੀਂ ਹੋਏ ਹਮਲੇ ਦੇ ਮਾਮਲੇ 'ਚ ਪੁਲਿਸ ਵਲੋਂ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਸ਼ਿਵ ਸੈਨਾ ਪੰਜਾਬ ਦੇ ਆਗੂਆਂ ਵਲੋਂ ਸੂਬਾ ਪ੍ਰਧਾਨ ਰਾਜੇਸ਼ ਗਰਗ ਦੀ ਅਗਵਾਈ 'ਚ ਬੱਸ ਅੱਡਾ ਚੌਕੀ ਦੇ ਬਾਹਰ ਅੱਜ ਧਰਨਾ ਦਿੱਤਾ ਜਾ ਰਿਹਾ ਸੀ, ਜਿਸ ਕਰਕੇ ਸੜਕ 'ਤੇ ਜਾਮ ਲੱਗ ਗਿਆ ਅਤੇ ਇਕ ਕਾਰ ਸਵਾਰ ਨੌਜਵਾਨ ਨਾਲ ਸ਼ਿਵ ਸੈਨਾ ਵਰਕਰਾਂ ਦੀ ਬਹਿਸਬਾਜ਼ੀ ਅਤੇ ਝੜਪ ਹੋ ਗਈ। ਸ਼ਿਵ ਸੈਨਾ ਵਰਕਰਾਂ ਨੇ ਕਾਰ ਚਾਲਕ ਸਿੱਖ ਨੌਜਵਾਨ ਨੂੰ ਬੁਰੀ ਤਰ੍ਹਾਂ ਕੁੱਟਿਆ ਤੇ ਉਸ ਦੇ ਕੱਪੜੇ ਪਾੜ ਦਿੱਤੇ ਅਤੇ ਗੱਡੀ 'ਚੋਂ ਬਾਹਰ ਕੱਢ ਲਿਆ। ਇਸ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋ ਗਈ। ਇਸ ਘਟਨਾ ਦਾ ਸਿੱਖ ਜਥੇਬੰਦੀਆਂ ਨੇ ਸਖ਼ਤ ਨੋਟਿਸ ਲਿਆ ਹੈ। ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਮੈਨੇਜਰ ਬਲਦੇਵ ਸਿੰਘ ਬਾਠ ਨੇ ਦੱਸਿਆ ਗੁਰਵਿੰਦਰ ਸਿੰਘ ਨਾਂਅ ਦਾ ਨੌਜਵਾਨ ਇਥੋਂ ਨੇੜਲੇ ਪਿੰਡ ਚੜ੍ਹੇਵਾਨ ਨਾਲ ਸੰਬੰਧਿਤ ਹੈ, ਜੋ ਹਸਪਤਾਲ ਦਾਖਲ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਜ਼ਿਲ੍ਹਾ ਪੁਲਿਸ ਮੁਖੀ ਨਾਲ ਵੀ ਟੈਲੀਫੋਨ 'ਤੇ ਗੱਲਬਾਤ ਕੀਤੀ ਗਈ ਅਤੇ ਕਿਹਾ ਗਿਆ ਕਿ ਦੋਸ਼ੀਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ, ਸ਼ਿਵ ਸੈਨਾ ਦੇ ਆਗੂ ਰਜੇਸ਼ ਗਰਗ ਦਾ ਕਹਿਣਾ ਹੈ ਕਿ ਉਹ ਇਨਸਾਫ ਲਈ ਧਰਨਾ ਲਾ ਰਹੇ ਸਨ। ਇਸ ਧਰਨੇ ਦੌਰਾਨ ਉਥੇ ਕਾਰ ਸਵਾਰ ਨੌਜਵਾਨ ਨੇ ਜਾਮ ਸਮੇਂ ਬੁਰਾ ਭਲਾ ਕਿਹਾ, ਜਿਸ ਮਗਰੋਂ ਇਹ ਮਾਮਲਾ ਵਧਿਆ। ਜਾਣਕਾਰੀ ਅਨੁਸਾਰ ਪੁਲਿਸ ਨੇ ਇਸ ਸੰਬੰਧ 'ਚ ਮਾਮਲਾ ਦਰਜ ਕਰ ਲਿਆ ਹੈ। ਸ੍ਰੀ ਮੁਕਤਸਰ ਸਾਹਿਬ ਦੇ ਐਸ.ਪੀ. (ਡੀ.) ਮਨਮੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਨੌਜਵਾਨ ਦੇ ਬਿਆਨ ਲਏ ਗਏ ਹਨ ਅਤੇ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਐਫ.ਆਈ.ਆਰ. ਨੰਬਰ 105 ਅਧੀਨ ਮਾਮਲਾ ਦਰਜ ਕੀਤਾ ਗਿਆ।

# ਸਿੱਧੂ ਮੂਸੇਵਾਲਾ ਦੇ ਜਨਮ ਦਿਨ ਮੌਕੇ ਤਿੰਨ ਨਵੇਂ ਗੀਤ ਰਿਲੀਜ਼

## ਗਾਇਕ ਦੇ ਕਤਲ ਮਗਰੋਂ ਹੁਣ ਤੱਕ 11 ਗਾਣੇ ਰਿਲੀਜ਼, ਰਿਲੀਜ਼ ਤੋਂ ਕੁਝ ਮਿੰਟਾਂ ਅੰਦਰ ਲੱਖਾਂ ਲੋਕਾਂ ਨੇ ਗੀਤਾਂ ਨੂੰ ਦੇਖਿਆ

ਮਾਨਸਾ : ਬੀਬੀਸੀ ਵਰਲਡ ਸਰਵਿਸ ਵੱਲੋਂ ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਬਾਰੇ 'ਦਿ ਕਿਲਿੰਗ ਕਾਲ' (The Killing Call) ਸਿਰਲੇਖ ਵਾਲੀ ਦਸਤਾਵੇਜ਼ੀ ਰਿਲੀਜ਼ ਕੀਤੇ ਜਾਣ ਤੋਂ ਪੰਜ ਘੰਟਿਆਂ ਬਾਅਦ ਮੂਸੇਵਾਲਾ ਦੇ ਅਧਿਕਾਰਤ ਯੂਟਿਊਬ ਚੈਨਲ 'ਤੇ ਅੱਜ ਤਿੰਨ ਗਾਣੇ ਰਿਲੀਜ਼ ਕੀਤੇ ਗਏ ਹਨ। ਮੂਸੇਵਾਲਾ, ਜਿਸ ਦਾ 29 ਮਈ 2022 ਨੂੰ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਦਾ ਅੱਜ ਜਨਮ ਦਿਨ ਹੈ। ਰਿਲੀਜ਼ ਕੀਤੇ ਨਵੇਂ ਗਾਣਿਆਂ ਵਿਚ '0008', 'Neal' ਤੇ 'Take Notes' ਸ਼ਾਮਲ ਹਨ, ਜੋ 'Moose Print' ਅਕਸਟੈਂਡਿਡ ਪਲੇਅ (EP) ਦਾ ਹਿੱਸਾ ਹਨ।

ਇਨ੍ਹਾਂ ਤਿੰਨ ਗਾਣਿਆਂ ਨਾਲ ਮੂਸੇਵਾਲਾ ਦੀ ਮੌਤ ਮਗਰੋਂ ਹੁਣ ਤੱਕ 11 ਗੀਤ ਰਿਲੀਜ਼ ਕੀਤੇ ਜਾ ਚੁੱਕੇ ਹਨ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਬੁੱਧਵਾਰ ਨੂੰ ਸਿੱਧੂ




ਮੂਸੇਵਾਲਾ ਦੇ ਜਨਮ ਦਿਨ ਮੌਕੇ ਤਿੰਨ ਗਾਣੇ ਰਿਲੀਜ਼ ਕੀਤੇ ਜਾਣਗੇ। ਇਨ੍ਹਾਂ ਗਾਣਿਆਂ ਦੀ ਰਿਲੀਜ਼ ਤੋਂ ਕੁਝ ਮਿੰਟਾਂ ਅੰਦਰ ਲੱਖਾਂ ਲੋਕਾਂ ਨੇ ਇਨ੍ਹਾਂ ਨਵੇਂ ਗੀਤਾਂ ਨੂੰ ਦੇਖਿਆ ਹੈ। ਮੂਸੇਵਾਲਾ ਪੰਜਾਬ ਸੰਗੀਤ ਇੰਡਸਟਰੀ ਵਿਚ ਵੱਡਾ ਨਾਮ ਹੈ। ਉਸ ਦੇ ਸਭ ਤੋਂ ਵੱਧ ਦੇਖੇ ਜਾਣ ਵਾਲੇ ਗੀਤਾਂ ਵਿਚ "So High", "295, and "Same Beef" ਸ਼ਾਮਲ ਹਨ।

# ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਦੀ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕਰਵਾਉਣ ਲਈ 5 ਮੈਂਬਰ ਚੁਣੇ ਗਏ

ਕੈਲਗਰੀ : ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਦੀ ਇਸ ਸਾਲ ਹੋਣ ਵਾਲੀ 2025 ਤੋਂ 2028 ਤੱਕ ਪ੍ਰਬੰਧਕ ਕਮੇਟੀ ਦੀ ਚੋਣ ਤੋਂ ਪਹਿਲਾਂ ਸਰਬਸੰਮਤੀ ਕਰਵਾਉਣ ਵਾਸਤੇ 5 ਮੈਂਬਰੀ ਕਮੇਟੀ ਬਣਾਈ ਗਈ ਹੈ। ਜਿਸ ਵਿਚ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਕ ਮੌਜੂਦਾ ਚੇਅਰਮੈਨ ਗੁਰਜੀਤ ਸਿੰਘ ਸਿੱਧੂ ਤੋਂ ਇਲਾਵਾ ਕਮਿਊਨਟੀ ਵਿਚੋਂ 4 ਮੈਂਬਰ ਹਰਜੀਤ ਸਿੰਘ ਸਰੋਆ ਸਾਬਕਾ ਚੇਅਰਮੈਨ ਡੀ. ਡੀ. ਸੀ., ਅਮਰੀਕ ਸਿੰਘ ਚੱਠਾ ਸਾਬਕਾ ਚੇਅਰਮੈਨ ਡੀ. ਡੀ. ਸੀ., ਰਸ਼ਪਾਲ ਸਿੰਘ ਸਹੋਤਾ ਅਤੇ ਗੁਰਿੰਦਰਜੀਤ ਸਿੰਘ ਰੇਹਲ ਮੈਂਬਰ ਕਮੇਟੀ ਦੀ ਸਰਬਸੰਮਤੀ ਕਰਵਾਉਣ ਵਾਸਤੇ ਚੁਣੇ ਗਏ ਹਨ। ਇਹ ਆਉਣ ਵਾਲੇ 6 ਹਫਤਿਆਂ ਵਿਚ ਸਰਬਸੰਮਤੀ ਨਾਲ ਚੋਣ ਕਰਵਾਉਣ ਦੀ ਕੋਸ਼ਿਸ਼ ਕਰਵਾਉਣ ਗਏ। ਜੇਕਰ ਸਰਬਸੰਮਤੀ ਨਹੀ ਹੁੰਦੀ ਤਾਂ



ਆਉਣ ਵਾਲੇ 8 ਹਫਤਿਆਂ ਵਿਚ ਚੋਣ ਲੜਨ ਦੇ ਚਾਹਵਾਨ ਆਪਣੀ ਉਮੀਦਵਾਰੀ ਲਈ ਕਾਗਜ਼ ਭਰਨਗੇ ਤਾਂ ਜੋ ਸੰਵਿਧਾਨ ਮੁਤਾਬਕ 14 ਸਤੰਬਰ 2025 ਨੂੰ ਚੋਣ ਕਰਵਾਈ ਜਾ ਸਕੇ। ਇਹ ਜਾਣਕਾਰੀ ਭਾਈ ਗੁਰਜੀਤ ਸਿੰਘ ਸਿੱਧੂ ਚੇਅਰਮੈਨ ਵਲੋਂ ਦਿੱਤੀ ਗਈ।

# ਸਿੱਧੂ ਮੂਸੇਵਾਲਾ: ਗੈਂਗਸਟਰ ਨੇ ਦੱਸਿਆ ਕਿ ਭਾਰਤ ਦੇ ਵੱਡੇ ਹਿਪ-ਹੋਪ ਸਟਾਰ ਨੂੰ ਕਤਲ ਕਿਉਂ ਕੀਤਾ ਗਿਆ

ਇਹ ਇੱਕ ਅਜਿਹਾ ਕਤਲ ਸੀ ਜਿਸ ਨੇ ਭਾਰਤ ਨੂੰ ਹਿਲਾ ਕੇ ਰੱਖ ਦਿੱਤਾ: ਪੰਜਾਬੀ ਹਿੱਪ-ਹੌਪ ਸਟਾਰ ਸਿੱਧੂ ਮੂਸੇਵਾਲਾ ਨੂੰ ਭਾੜੇ ਦੇ ਬੰਦੂਕਧਾਰੀਆਂ ਨੇ ਉਸਦੀ ਕਾਰ ਦੀ ਵਿੰਡਸਕਰੀਨ ਰਾਹੀਂ ਗੋਲੀਆਂ ਮਾਰ ਦਿੱਤੀਆਂ ਸਨ।

ਕੁਝ ਘੰਟਿਆਂ ਦੇ ਅੰਦਰ, ਗੋਲਡੀ ਬਰਾੜ ਨਾਮ ਦੇ ਇੱਕ ਪੰਜਾਬੀ ਗੈਂਗਸਟਰ ਨੇ ਫ਼ੇਸਬੁੱਕ 'ਤੇ ਇਸ ਗੋਲੀਬਾਰੀ ਦੇ ਹੁਕਮ ਦੇਣ ਦੀ ਜ਼ਿੰਮੇਵਾਰੀ ਲਈ ਸੀ।

ਪਰ ਕਤਲ ਤੋਂ ਤਿੰਨ ਸਾਲ ਬਾਅਦ ਵੀ, ਕਿਸੇ ਨੂੰ ਵੀ ਮੁਕੱਦਮੇ ਦਾ ਸਾਹਮਣਾ ਨਹੀਂ ਕਰਨਾ ਪਿਆ ਅਤੇ ਗੋਲਡੀ ਬਰਾੜ ਅਜੇ ਵੀ ਫ਼ਰਾਰ ਹੈ, ਉਸ ਦੇ ਅਸਲ ਟਿਕਾਣੇ ਬਾਰੇ ਕੁਝ ਨਹੀਂ ਪਤਾ।

ਹੁਣ, ਬੀਬੀਸੀ ਆਈ ਗੋਲਡੀ ਬਰਾੜ ਨਾਲ ਸੰਪਰਕ ਕਰਨ ਵਿੱਚ ਕਾਮਯਾਬ ਹੋ ਗਿਆ ਹੈ ਅਤੇ ਉਸ ਨੂੰ ਚੁਣੌਤੀਪੂਰਨ ਤਰੀਕੇ ਨਾਲ ਪੁੱਛਿਆ ਗਿਆ ਕਿ ਸਿੱਧੂ ਮੂਸੇਵਾਲਾ ਕਿਵੇਂ ਅਤੇ ਕਿਉਂ ਨਿਸ਼ਾਨਾ ਬਣਿਆ।

ਉਸਦਾ ਜਵਾਬ ਸਪੱਸ਼ਟ ਤੌਰ 'ਤੇ ਧੀਮੀ ਸੁਰ ਵਿੱਚ ਸੀ।

ਬਰਾੜ ਨੇ ਬੀਬੀਸੀ ਵਰਲਡ ਸਰਵਿਸ ਨੂੰ ਦੱਸਿਆ, 'ਆਪਣੇ ਹੰਕਾਰ ਵਿੱਚ, ਉਸ ਨੇ [ਮੂਸੇਵਾਲਾ] ਕੁਝ ਗਲਤੀਆਂ ਕੀਤੀਆਂ ਜਿਨ੍ਹਾਂ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ ਸੀ।'

'ਸਾਡੇ ਕੋਲ ਉਸ ਨੂੰ ਮਾਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਉਸ ਨੂੰ ਆਪਣੇ ਕੰਮਾਂ ਦੇ ਨਤੀਜੇ ਭੁਗਤਣੇ ਪਏ। ਇਹ ਬਹੁਤ ਸਾਫ਼ ਸੀ ਜਾਂ ਉਹ ਤੇ ਜਾਂ ਫ਼ਿਰ ਅਸੀਂ।'

2022 ਮਈ ਦੀ ਤਪਸ਼ ਭਰੀ ਸ਼ਾਮ ਨੂੰ, ਸਿੱਧੂ ਮੂਸੇਵਾਲਾ ਉੱਤਰੀ ਭਾਰਤੀ ਦੇ ਸੂਬੇ ਪੰਜਾਬ ਵਿੱਚ ਆਪਣੇ ਪਿੰਡ ਦੇ ਨੇੜੇ ਧੂੜ ਭਰੀਆਂ ਗਲੀਆਂ ਵਿੱਚੋਂ ਆਪਣੀ ਕਾਲੀ ਮਹਿੰਦਰਾ ਥਾਰ ਐੱਸਯੂਵੀ ਨੂੰ ਆਮ ਦਿਨਾਂ ਵਾਂਗ ਘੁੰਮਾ ਰਿਹਾ ਸੀ, ਪਰ ਕੁਝ ਮਿੰਟਾਂ ਵਿੱਚ ਹੀ ਦੋ ਕਾਰਾਂ ਉਸਦੇ ਪਿੱਛੇ ਲੱਗ ਗਈਆਂ।

ਬਾਅਦ ਵਿੱਚ ਜਦੋਂ ਸੀਸੀਟੀਵੀ ਫੁਟੇਜ ਖੰਗਾਲੀ ਗਈ ਤਾਂ ਉਨ੍ਹਾਂ ਕਾਰਾਂ ਨੂੰ ਤੰਗ ਭੀੜੇ ਮੋੜਾਂ ਵਿੱਚੋਂ ਲੰਘਦੇ ਹੋਏ ਦੇਖਿਆ ਗਿਆ, ਉਹ ਸਿੱਧੂ ਦੇ ਨੇੜੇ ਹੀ ਘੁੰਮ ਰਹੇ ਸਨ।

ਫਿਰ, ਸੜਕ ਦੇ ਇੱਕ ਮੋੜ 'ਤੇ, ਇੱਕ ਵਾਹਨ ਅੱਗੇ ਵਧਿਆ, ਮੂਸੇਵਾਲਾ ਦੀ ਐੱਸਯੂਵੀ ਨੂੰ ਕੰਧ ਵੱਲ ਧੱਕਿਆ। ਉਹ ਫਸ ਗਿਆ ਸੀ।

ਕੁਝ ਹੀ ਪਲਾਂ ਵਿੱਚ, ਗੋਲੀਬਾਰੀ ਸ਼ੁਰੂ ਹੋ ਗਈ। ਮੋਬਾਈਲ ਫ਼ੋਨਜ਼ ਨੇ ਇਸ ਤੋਂ ਬਾਅਦ ਦੀ ਘਟਨਾ ਨੂੰ ਕੈਦ ਕਰ ਲਿਆ।

ਉਸ ਦੀ ਐੱਸਯੂਵੀ ਗੋਲੀਆਂ ਨਾਲ ਛਲ਼ਣੀ ਹੋਈ ਸੀ, ਗੱਡੀ ਦਾ ਸ਼ੀਸ਼ਾ ਟੁੱਟ ਗਿਆ ਸੀ, ਬੋਨਟ ਵੀ ਤਹਿਸ-ਨਹਿਸ ਹੋ ਗਿਆ ਸੀ।

ਕੰਬਦੀਆਂ ਆਵਾਜ਼ਾਂ ਵਿੱਚ, ਰਾਹਗੀਰਾਂ ਨੇ ਆਪਣਾ ਸਦਮਾ ਅਤੇ ਚਿੰਤਾ ਜ਼ਾਹਰ ਕੀਤੀ।

'ਕੋਈ ਉਸ ਨੂੰ ਗੱਡੀ ਵਿੱਚੋਂ ਬਾਹਰ ਕੱਢੋ।'

'ਥੋੜਾ ਪਾਣੀ ਪਾਓ।'

'ਮੂਸੇਵਾਲਾ ਨੂੰ ਗੋਲ਼ੀ ਮਾਰ ਦਿੱਤੀ ਗਈ ਹੈ।'

ਪਰ ਬਹੁਤ ਦੇਰ ਹੋ ਚੁੱਕੀ ਸੀ।

ਹਸਪਤਾਲ ਪਹੁੰਚਣ 'ਤੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ - 24 ਗੋਲੀਆਂ ਲੱਗੀਆਂ, ਇਹ ਪੋਸਟਮਾਰਟਮ ਰਿਪੋਰਟ ਆਉਣ 'ਤੇ ਪਤਾ ਲੱਗਿਆ।

28 ਸਾਲਾ ਰੈਪਰ, ਜੋ ਕਿ ਆਧੁਨਿਕ ਪੰਜਾਬ ਦੇ ਸਭ ਤੋਂ ਵੱਡੇ ਸੱਭਿਆਚਾਰਕ ਆਈਕਨਾਂ ਵਿੱਚੋਂ ਇੱਕ ਸੀ, ਨੂੰ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਹਮਲੇ ਸਮੇਂ ਮੂਸੇਵਾਲਾ ਨਾਲ ਕਾਰ ਵਿੱਚ ਮੌਜੂਦ ਉਸ ਦਾ ਇੱਕ ਚਚੇਰਾ ਭਰਾ ਅਤੇ ਇੱਕ ਦੋਸਤ ਜ਼ਖਮੀ ਹੋ ਗਏ, ਪਰ ਬਚ ਗਏ।

ਛੇ ਬੰਦੂਕਧਾਰੀਆਂ ਦੀ ਅੰਤ ਵਿੱਚ ਪਛਾਣ ਕੀਤੀ ਗਈ। ਉਨ੍ਹਾਂ ਕੋਲ ਏਕੇ-47 ਅਤੇ ਪਿਸਤੌਲ ਸਨ।

ਕਤਲ ਤੋਂ ਬਾਅਦ ਦੇ ਹਫ਼ਤਿਆਂ ਵਿੱਚ, ਤਕਰੀਬਨ 30 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੋ ਸ਼ੱਕੀ ਹਥਿਆਰਬੰਦ ਆਦਮੀ ਮਾਰੇ ਗਏ, ਜਿਸ ਨੂੰ ਭਾਰਤ ਦੀ ਪੁਲਿਸ ਨੇ 'ਮੁਕਾਬਲੇ' ਵਜੋਂ ਦਰਸਾਇਆ।

ਫ਼ਿਰ ਵੀ ਕਈ ਗ੍ਰਿਫ਼ਤਾਰੀਆਂ ਦੇ ਬਾਵਜੂਦ ਮਸਲਾ ਸੁਲਝਿਆ ਨਹੀਂ।

ਗੋਲਡੀ ਬਰਾੜ, ਜਿਸ ਨੇ ਗੋਲੀ ਮਾਰਨ ਦਾ ਹੁਕਮ ਦੇਣ ਦਾ ਦਾਅਵਾ ਕੀਤਾ ਸੀ, ਕਤਲ ਦੇ ਸਮੇਂ ਭਾਰਤ ਵਿੱਚ ਨਹੀਂ ਸੀ।

ਮੰਨਿਆ ਜਾਂਦਾ ਹੈ ਕਿ ਉਹ ਕੈਨੇਡਾ ਵਿੱਚ ਸੀ। ਉਸ ਨਾਲ ਸਾਡੀ ਗੱਲਬਾਤ ਛੇ ਘੰਟਿਆਂ ਤੱਕ ਚੱਲੀ, ਜੋ ਕਿ ਵੌਇਸ ਨੋਟਸ ਦੇ ਆਦਾਨ-ਪ੍ਰਦਾਨ ਰਾਹੀਂ ਸੰਭਵ ਹੋ ਸਕੀ।

ਇਸਨੇ ਸਾਨੂੰ ਇਹ ਪਤਾ ਲਗਾਉਣ ਦਾ ਮੌਕਾ ਦਿੱਤਾ ਕਿ ਮੂਸੇਵਾਲਾ ਨੂੰ ਕਿਉਂ ਮਾਰਿਆ ਗਿਆ ਸੀ ਅਤੇ ਜ਼ਿੰਮੇਵਾਰੀ ਲੈਣ ਵਾਲੇ ਵਿਅਕਤੀ ਦੇ ਇਰਾਦੇ ਕੀ ਸਨ।

**ਸਿੱਧੂ ਮੂਸੇਵਾਲਾ ਦਾ ਪਿਛੋਕੜ** : ਸਿੱਧੂ ਮੂਸੇਵਾਲਾ ਦਾ ਜਨਮ ਪੇਂਡੂ ਪੰਜਾਬ ਦੇ ਇੱਕ ਜੱਟ-ਸਿੱਖ ਪਰਿਵਾਰ ਵਿੱਚ ਹੋਇਆ, ਨਾਮ ਰੱਖਿਆ ਗਿਆ ਸ਼ੁਭਦੀਪ ਸਿੰਘ ਸਿੱਧੂ। ਸਾਲ 2016 ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਕੈਨੇਡਾ ਚਲੇ ਜਾਣ ਤੋਂ ਪਹਿਲਾਂ ਇਹ ਇੱਕ ਸਫ਼ਰ ਸੀ ਜਿਸ ਤੋਂ ਲੱਖਾਂ ਪੰਜਾਬੀ ਪਰਵਾਸੀ ਜਾਣੂ ਹਨ।

ਪਰ ਇਸ ਸਫ਼ਰ ਤੋਂ ਬਾਅਦ ਸਿੱਧੂ ਉੱਥੇ ਸੀ, ਆਪਣੇ ਪਿੰਡ ਮੂਸਾ ਤੋਂ ਬਹੁਤ ਦੂਰ ਜੋ ਕਿ ਉਸਦੇ ਰੈਪਰ ਵੱਜੋਂ ਨਾਮ ਦੀ ਪ੍ਰੇਰਨਾ ਸੀ - ਜਿੱਥੇ ਉਸ ਨੇ ਆਪਣੇ ਆਪ ਨੂੰ ਪੰਜਾਬੀ ਸੰਗੀਤ ਦੇ ਸਭ ਤੋਂ ਪ੍ਰਭਾਵਸ਼ਾਲੀ ਕਲਾਕਾਰਾਂ ਵਿੱਚੋਂ ਇੱਕ ਵਜੋਂ ਸਥਾਪਿਤ ਕੀਤਾ।

ਮਹਿਜ਼ ਪੰਜ ਸਾਲਾਂ ਵਿੱਚ, ਮੂਸੇਵਾਲਾ ਪੰਜਾਬੀ

ਸੌਤਿਕ ਬਿਸਵਾਸ ਅਤੇ ਇਸ਼ਲੀਨ ਕੌਰ

ਹਿੱਪ-ਹੌਪ ਦੀ ਬੇਮਿਸਾਲ ਆਵਾਜ਼ ਬਣ ਗਿਆ। ਆਪਣੇ ਸਿਗਨੇਚਰ ਸਵੈਗ (ਅਨਿੱਖੜਵੇਂ ਅੰਦਾਜ਼), ਚਮਕ-ਦਮਕ ਵਾਲੀ ਸ਼ੈਲੀ ਅਤੇ ਗੀਤਕਾਰੀ ਦੀ ਤੀਬਰਤਾ ਨਾਲ, ਮੂਸੇਵਾਲਾ ਨੇ ਪਛਾਣ ਅਤੇ ਸਿਆਸਤ, ਬੰਦੂਕਾਂ ਅਤੇ ਬਦਲੇ ਦੀ ਭਾਵਨਾ ਬਾਰੇ ਖੁੱਲ੍ਹ ਕੇ ਗਾਇਆ। ਅਸਲ ਵਿੱਚ ਇਸ ਸਭ ਨੇ ਪੰਜਾਬੀ ਸੰਗੀਤ ਦੀਆਂ ਹੱਦਾਂ ਨੂੰ ਵਧਾਇਆ।

ਉਹ ਰੈਪਰ ਟੂਪੈਕ ਸ਼ਕੂਰ ਤੋਂ ਬਹੁਤ ਪ੍ਰਭਾਵਿਤ ਹੋਇਆ, ਜਿਸਦਾ 1996 ਵਿੱਚ 25 ਸਾਲ ਦੀ ਉਮਰ ਵਿੱਚ ਕਤਲ ਕਰ ਦਿੱਤਾ ਗਿਆ ਸੀ।

ਮੂਸੇਵਾਲਾ ਨੇ ਇੱਕ ਵਾਰ ਇੱਕ ਇੰਟਰਵਿਊ ਵਿੱਚ ਕਿਹਾ ਸੀ, 'ਸ਼ਖ਼ਸੀਅਤ ਦੇ ਮਾਮਲੇ ਵਿੱਚ, ਮੈਂ ਉਸ ਵਰਗਾ ਬਣਨਾ ਚਾਹੁੰਦਾ ਹਾਂ।'

'ਜਿਸ ਦਿਨ ਉਹ ਮਰਿਆ, ਲੋਕ ਉਸ ਲਈ ਰੋਏ। ਮੈਂ ਵੀ ਇਹੀ ਚਾਹੁੰਦਾ ਹਾਂ।'

'ਜਦੋਂ ਮੈਂ ਮਰ ਜਾਵਾਂਗਾ, ਲੋਕਾਂ ਨੂੰ ਯਾਦ ਰਹੇ ਕਿ ਮੈਂ ਵੀ ਕੋਈ ਸੀ।'

**ਸਿੱਧੂ ਮੂਸੇਵਾਲਾ ਦਾ ਦਬਦਬਾ** : ਇੱਕ ਸੰਖੇਪ ਪਰ ਧਮਾਕੇਦਾਰ ਕਰੀਅਰ ਦੌਰਾਨ, ਗਾਇਕ ਨੇ ਪੰਜਾਬ ਦੀਆਂ ਖੇਤਰੀ ਗਹਿਰੀਆਂ ਅੰਤਰੀਵ ਧਾਰਾਵਾਂ ਨੂੰ ਉਜਾਗਰ ਕੀਤਾ, ਜਿਨ੍ਹਾਂ ਵਿੱਚ ਗੈਂਗਸਟਰ ਸੱਭਿਆਚਾਰ, ਬੇਰੁਜ਼ਗਾਰੀ ਅਤੇ ਸਿਆਸੀ ਪਤਨ ਸ਼ਾਮਲ ਹੈ, ਇਸ ਦੇ ਨਾਲ ਹੀ ਪੇਂਡੂ ਜੀਵਨ ਦੀਆਂ ਪੁਰਾਣੀਆਂ ਯਾਦਾਂ ਨੂੰ ਵੀ ਸਾਹਮਣੇ ਲਿਆਂਦਾ।

ਮੂਸੇਵਾਲਾ ਵੀ ਇੱਕ ਕੌਮਾਂਤਰੀ ਸ਼ਖ਼ਸੀਅਤ ਸੀ। ਯੂਟਿਊਬ 'ਤੇ ਉਸਦੇ ਸੰਗੀਤ ਵੀਡੀਓਜ਼ ਦੇ ਪੰਜ ਅਰਬ ਤੋਂ ਵੱਧ ਵਿਊਜ਼ ਹਨ, ਯੂਕੇ ਚਾਰਟ ਵਿੱਚ ਉਹ ਚੋਟੀ ਦੇ 5 ਸਥਾਨ ਉੱਤੇ ਸੀ, ਅਤੇ ਬਰਨਾ ਬੁਆਏ ਸਣੇ ਕੌਮਾਂਤਰੀ ਹਿੱਪ-ਹੌਪ ਕਲਾਕਾਰਾਂ ਨਾਲ ਕੋਲੈਬੋਰੇਸ਼ਨਜ਼ ਕਰ ਰਿਹਾ ਸੀ, ਮੂਸੇਵਾਲਾ ਨੇ ਤੇਜ਼ੀ ਨਾਲ ਭਾਰਤ, ਕੈਨੇਡਾ, ਯੂਕੇ ਅਤੇ ਇਸ ਤੋਂ ਬਾਹਰ ਆਪਣਾ ਇੱਕ ਪ੍ਰਸ਼ੰਸਕ ਅਧਾਰ ਬਣਾਇਆ।

ਪਰਵਾਸੀ ਪੰਜਾਬੀਆਂ ਵਿਚਲੇ ਸਿੱਧੂ ਦੇ ਪ੍ਰਸ਼ੰਸ਼ਕਾਂ ਨੇ ਉਸ ਨੂੰ ਆਈਕਨ ਅਤੇ ਵਿਦਰੋਹੀ ਦੋਵਾਂ ਰੂਪਾਂ ਵਜੋਂ ਦੇਖਿਆ।

ਪਰ ਪ੍ਰਸਿੱਧੀ ਦੀ ਇੱਕ ਕੀਮਤ ਅਦਾ ਕਰਨੀ ਪਈ ਸੀ।

ਇੱਕ ਉੱਭਰਦੇ ਸਿਤਾਰੇ ਅਤੇ ਸਮਾਜਿਕ ਤੌਰ 'ਤੇ ਚੇਤੰਨ ਗੀਤਾਂ ਦਾ ਗਾਇਕ ਹੋਣ ਦੇ ਬਾਵਜੂਦ, ਮੂਸੇਵਾਲਾ ਇੱਕ ਖ਼ਤਰਨਾਕ ਖੇਤਰ ਵੱਲ ਰੁਖ਼ ਕਰ ਰਿਹਾ ਸੀ।

ਉਸ ਦੇ ਜ਼ਿੱਦੀ ਰਵੱਈਏ, ਦਿੱਖ ਅਤੇ ਵਧਦੇ ਪ੍ਰਭਾਵ ਨੇ ਪੰਜਾਬ ਦੇ ਸਭ ਤੋਂ ਤਾਕਤਵਰ ਗੈਂਗਸਟਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ।

ਇਨ੍ਹਾਂ ਵਿੱਚ ਗੋਲਡੀ ਬਰਾੜ ਅਤੇ ਬਰਾੜ ਦਾ ਦੋਸਤ ਲਾਰੈਂਸ ਬਿਸ਼ਨੋਈ ਸ਼ਾਮਲ ਸਨ, ਜੋ ਉਦੋਂ ਵੀ ਭਾਰਤ ਦੀ ਉੱਚ-ਸੁਰੱਖਿਆ ਵਾਲੀ ਜੇਲ੍ਹ ਵਿੱਚ ਬੰਦ ਸੀ।

ਬਰਾੜ ਬਾਰੇ ਬਹੁਤਾ ਕੁਝ ਨਹੀਂ ਪਤਾ, ਇਸ ਤੱਥ ਤੋਂ ਇਲਾਵਾ ਕਿ ਉਹ ਇੰਟਰਪੋਲ ਰੈੱਡ ਨੋਟਿਸ ਸੂਚੀ ਵਿੱਚ ਹੈ ਅਤੇ ਬਿਸ਼ਨੋਈ ਦੇ ਗੈਂਗਸਟਰਾਂ ਦੇ ਇੱਕ ਨੈੱਟਵਰਕ ਵਿੱਚ ਇੱਕ ਮੁੱਖ ਸੰਚਾਲਕ ਹੈ, ਜੋ ਕਤਲ ਦੀਆਂ ਯੋਜਨਾਵਾਂ ਬਣਾਉਣ, ਧਮਕੀਆਂ ਦੇਣ ਅਤੇ ਗਿਰੋਹ ਦੀ ਪਹੁੰਚ ਨੂੰ ਵਧਾਉਣ ਦਾ ਕੰਮ ਕਰਦਾ ਸੀ।

ਇਹ ਮੰਨਿਆ ਜਾਂਦਾ ਹੈ ਕਿ ਉਹ ਮੂਸੇਵਾਲਾ ਦੇ ਕੈਨੇਡਾ ਜਾਣ ਤੋਂ ਮਹਿਜ਼ ਇੱਕ ਸਾਲ ਬਾਅਦ, 2017 ਵਿੱਚ ਕੈਨੇਡਾ ਚਲਾ ਗਿਆ ਸੀ ਅਤੇ ਸ਼ੁਰੂ ਵਿੱਚ ਉਸ ਨੇ ਇੱਕ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ।

ਬਿਸ਼ਨੋਈ, ਜੋ ਕਦੇ ਪੰਜਾਬ ਦੀ ਹਿੰਸਕ ਕੈਂਪਸ ਰਾਜਨੀਤੀ ਵਿੱਚ ਡੁੱਬਿਆ ਰਹਿੰਦਾ ਸੀ, ਉਹ ਹੁਣ ਭਾਰਤ ਦੇ ਸਭ ਤੋਂ ਤਾਕਤਵਰ ਅਪਰਾਧੀ ਸਰਗਨਿਆਂ ਵਿੱਚੋਂ ਇੱਕ ਬਣ ਗਿਆ ਹੈ।

ਭਾਰਤੀ ਅਖਬਾਰ ਦਿ ਟ੍ਰਿਬਿਊਨ ਦੇ ਡਿਪਟੀ ਐਡੀਟਰ ਜੁਪਿੰਦਰਜੀਤ ਸਿੰਘ ਕਹਿੰਦੇ ਹਨ, 'ਲਾਰੈਂਸ ਬਿਸ਼ਨੋਈ ਵਿਰੁੱਧ ਦਰਜ ਕੀਤੇ ਗਏ ਪਹਿਲੇ (ਪੁਲਿਸ) ਮਾਮਲੇ ਸਾਰੇ ਵਿਦਿਆਰਥੀ ਸਿਆਸਤ ਅਤੇ ਵਿਦਿਆਰਥੀ ਚੋਣਾਂ ਨਾਲ ਸਬੰਧਤ ਸਨ...ਵਿਰੋਧੀ ਵਿਦਿਆਰਥੀ ਆਗੂਆਂ ਨੂੰ ਕੁੱਟਣ, ਉਨ੍ਹਾਂ ਨੂੰ ਅਗਵਾ ਕਰਨ, ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੇ।'

ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ ਦੇ ਸਹਾਇਕ ਇੰਸਪੈਕਟਰ ਜਨਰਲ ਗੁਰਮੀਤ ਸਿੰਘ ਚੌਹਾਨ ਕਹਿੰਦੇ ਹਨ ਕਿ ਉਹ ਕਈ ਵਾਰ ਜੇਲ੍ਹ ਗਿਆ ਜਿਸ ਨੇ ਉਸ ਨੂੰ ਹੋਰ ਵੀ ਸਖ਼ਤ ਮਿਜ਼ਾਜ ਬਣਾ ਦਿੱਤਾ।

'ਜਦੋਂ ਉਹ ਜੇਲ੍ਹ ਵਿੱਚ ਸੀ, ਤਾਂ ਉਹ ਅਪਰਾਧ ਦੀ ਦੁਨੀਆਂ ਵਿੱਚ ਹੋਰ ਡੂੰਘਾ ਡੁੱਬਣ ਲੱਗ ਪਿਆ। ਫਿਰ ਉਸਨੇ ਆਪਣਾ ਇੱਕ ਸਮੂਹ ਬਣਾਇਆ।'

'ਜਦੋਂ ਇਹ ਇੱਕ ਅੰਤਰ-ਗੈਂਗ ਵਾਲੀ ਗੱਲ ਬਣ ਗਈ, ਤਾਂ ਉਸ ਨੂੰ ਜਿਉਂਦੇ ਰਹਿਣ ਲਈ ਪੈਸੇ ਦੀ ਲੋੜ ਸੀ। ਉਨ੍ਹਾਂ ਨੂੰ ਹੋਰ ਮਨੁੱਖੀ ਸ਼ਕਤੀ ਦੀ ਲੋੜ ਹੈ, ਹੋਰ ਹਥਿਆਰਾਂ ਦੀ ਲੋੜ ਹੈ।'

'ਉਨ੍ਹਾਂ ਨੂੰ ਇਸ ਸਭ ਲਈ ਪੈਸੇ ਦੀ ਲੋੜ ਹੁੰਦੀ ਹੈ। ਪੈਸੇ ਦੀ ਲੋੜ ਪੂਰੀ ਕਰਨ ਲਈ ਉਨ੍ਹਾਂ ਨੂੰ ਜ਼ਬਰਦਸਤੀ ਜਾਂ ਅਪਰਾਧ ਦੀ ਦੁਨੀਆਂ ਵਿੱਚ ਪੈਰ ਰੱਖਣਾ ਪੈਂਦਾ ਹੈ।'

ਹੁਣ 31 ਸਾਲਾ ਬਿਸ਼ਨੋਈ ਸਲਾਖਾਂ ਪਿੱਛੇ ਰਹਿ ਕੇ ਆਪਣਾ ਸਿੰਡੀਕੇਟ ਚਲਾਉਂਦਾ ਹੈ। ਸਮਰਪਿਤ ਇੰਸਟਾਗ੍ਰਾਮ ਪੇਜਾਂ ਅਤੇ ਇੱਕ ਸਮਰਪਿਤ ਫਾਲੋਅਰਜ਼ ਦੇ ਨਾਲ।

ਸਹਾਇਕ ਇੰਸਪੈਕਟਰ ਜਨਰਲ ਚੌਹਾਨ ਕਹਿੰਦੇ ਹਨ, 'ਇਸ ਲਈ ਜਦੋਂ ਬਿਸ਼ਨੋਈ ਜੇਲ੍ਹ ਵਿੱਚ ਬੈਠਾ ਹੈ, ਬਰਾੜ ਗੈਂਗਾਂ ਨੂੰ ਸੰਭਾਲਦਾ ਹੈ।'

**ਗੋਲਡੀ ਬਰਾੜ ਨਾਲ ਸੰਪਰਕ** : ਬੀਬੀਸੀ ਆਈ ਨੂੰ ਬਰਾੜ ਨਾਲ ਸੰਪਰਕ ਬਣਾਉਣ ਵਿੱਚ ਇੱਕ ਸਾਲ ਲੱਗਿਆ ਸਰੋਤਾਂ ਦੀ ਭਾਲ, ਜਵਾਬਾਂ ਦੀ ਉਡੀਕ, ਹੌਲੀ-ਹੌਲੀ ਖੁਦ ਮੁੱਖ ਮੁਲਜ਼ਿਮ ਨਾਲ ਸੰਪਰਕ ਹੋਣਾ।

ਪਰ ਜਦੋਂ ਅਸੀਂ ਬਰਾੜ ਤੱਕ ਪਹੁੰਚੇ, ਤਾਂ ਗੱਲਬਾਤ ਨੇ ਇਸ ਸਵਾਲ 'ਤੇ ਨਵੀਂ ਰੌਸ਼ਨੀ ਪਾਈ ਕਿ ਉਹ ਅਤੇ ਬਿਸ਼ਨੋਈ ਮੂਸੇਵਾਲਾ ਨੂੰ ਕਿਵੇਂ ਅਤੇ ਕਿਉਂ ਦੁਸ਼ਮਣ ਸਮਝਣ ਲੱਗ ਪਏ।

ਪਹਿਲੇ ਖੁਲਾਸੇ ਵਿੱਚੋਂ ਇੱਕ ਇਹ ਸੀ ਕਿ ਬਿਸ਼ਨੋਈ ਦਾ ਮੂਸੇਵਾਲਾ ਨਾਲ ਰਿਸ਼ਤਾ



ਪੁਰਾਣਾ ਸੀ, ਗਾਇਕ ਦੇ ਕਤਲ ਤੋਂ ਕਈ ਸਾਲ ਪਹਿਲਾਂ ਦਾ।

ਬਰਾੜ ਨੇ ਕਿਹਾ, 'ਲਾਰੈਂਸ (ਬਿਸ਼ਨੋਈ) ਸਿੱਧੂ (ਮੂਸੇਵਾਲਾ) ਦੇ ਸੰਪਰਕ ਵਿੱਚ ਸੀ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਕਿਸਨੇ ਮਿਲਵਾਇਆ ਸੀ ਅਤੇ ਮੈਂ ਕਦੇ ਨਹੀਂ ਪੁੱਛਿਆ। ਪਰ ਉਨ੍ਹਾਂ ਨੇ ਆਪਸ 'ਚ ਗੱਲ ਕੀਤੀ ਸੀ।'

'ਸਿੱਧੂ ਲਾਰੈਂਸ ਦੀ ਚਾਪਲੂਸੀ ਕਰਨ ਦੀ ਕੋਸ਼ਿਸ਼ ਵਿੱਚ 'ਗੁੱਡ ਮਾਰਨਿੰਗ' ਅਤੇ 'ਗੁੱਡ ਨਾਈਟ' ਸੁਨੇਹੇ ਭੇਜਦਾ ਹੁੰਦਾ ਸੀ।'

ਮੂਸੇਵਾਲਾ ਦੇ ਇੱਕ ਦੋਸਤ, ਜਿਸਨੇ ਆਪਣਾ ਨਾਮ ਗੁਪਤ ਰੱਖਿਆ, ਨੇ ਸਾਨੂੰ ਇਹ ਵੀ ਦੱਸਿਆ ਕਿ ਬਿਸ਼ਨੋਈ 2018 ਦੇ ਸ਼ੁਰੂ ਵਿੱਚ ਹੀ ਮੂਸੇਵਾਲਾ ਦੇ ਸੰਪਰਕ ਵਿੱਚ ਆਇਆ ਸੀ, ਉਸਨੇ ਉਸਨੂੰ ਜੇਲ੍ਹ ਤੋਂ ਫ਼ੋਨ ਕੀਤਾ ਅਤੇ ਦੱਸਿਆ ਕਿ ਉਸਨੂੰ ਮੂਸੇਵਾਲਾ ਦਾ ਸੰਗੀਤ ਪਸੰਦ ਹੈ।

ਬਰਾੜ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਵਿਚਕਾਰ 'ਪਹਿਲਾ ਝਗੜਾ' ਮੂਸੇਵਾਲਾ ਦੇ ਭਾਰਤ ਵਾਪਸ ਆਉਣ ਤੋਂ ਬਾਅਦ ਹੋਇਆ ਸੀ।

ਇਸਦੀ ਸ਼ੁਰੂਆਤ ਪੰਜਾਬ ਦੇ ਇੱਕ ਪਿੰਡ ਵਿੱਚ ਕਬੱਡੀ ਦੇ ਇੱਕ ਛੋਟੇ ਜਿਹੇ ਟੂਰਨਾਮੈਂਟ ਨਾਲ ਹੋਈ ਸੀ, ਜੋ ਕਿ ਇੱਕ ਰਵਾਇਤੀ ਦੱਖਣੀ ਏਸ਼ੀਆਈ ਖੇਡ ਹੈ।

ਬਰਾੜ ਨੇ ਸਾਨੂੰ ਦੱਸਿਆ ਕਿ ਮੂਸੇਵਾਲਾ ਨੇ ਇਸ ਟੂਰਨਾਮੈਂਟ ਦਾ ਪ੍ਰਚਾਰ ਕੀਤਾ ਸੀ ਜਿਸਦਾ ਆਯੋਜਨ ਬਿਸ਼ਨੋਈ ਦੇ ਵਿਰੋਧੀ ਬੰਬੀਹਾ ਗੈਂਗ ਵੱਲੋਂ ਕੀਤਾ ਗਿਆ ਸੀ, ਇੱਕ ਅਜਿਹੀ ਖੇਡ ਵਿੱਚ ਜਿੱਥੇ ਮੈਚ ਫਿਕਸਿੰਗ ਅਤੇ ਗੈਂਗਸਟਰਾਂ ਦਾ ਪ੍ਰਭਾਵ ਬਹੁਤ ਜ਼ਿਆਦਾ ਹੈ।

'ਇਹ ਉਹ ਪਿੰਡ ਹੈ ਜਿੱਥੋਂ ਸਾਡੇ ਵਿਰੋਧੀ ਆਉਂਦੇ ਹਨ। ਉਹ ਸਾਡੇ ਵਿਰੋਧੀਆਂ ਨੂੰ ਉਤਸ਼ਾਹਿਤ ਕਰ ਰਿਹਾ ਸੀ। ਉਦੋਂ ਲਾਰੈਂਸ ਅਤੇ ਹੋਰ ਲੋਕ ਉਸ ਤੋਂ ਨਾਰਾਜ਼ ਸਨ।'

ਬਰਾੜ ਨੇ ਬੀਬੀਸੀ ਆਈ ਨੂੰ ਦੱਸਿਆ, 'ਉਨ੍ਹਾਂ ਨੇ ਸਿੱਧੂ ਨੂੰ ਧਮਕੀ ਦਿੱਤੀ ਅਤੇ ਕਿਹਾ ਕਿ ਉਹ ਉਸ ਨੂੰ ਨਹੀਂ ਬਖਸ਼ਣਗੇ।'

ਫਿਰ ਵੀ ਮੂਸੇਵਾਲਾ ਅਤੇ ਬਿਸ਼ਨੋਈ ਵਿਚਕਾਰ ਝਗੜਾ ਆਖਰਕਾਰ ਬਿਸ਼ਨੋਈ ਦੇ ਇੱਕ ਸਾਥੀ ਵਿੱਕੀ ਮਿੱਡੂਖੇੜਾ ਨੇ ਹੱਲ ਕਰਵਾ ਦਿੱਤਾ ਸੀ।

ਪਰ ਜਦੋਂ ਅਗਸਤ 2021 ਵਿੱਚ ਮੋਹਾਲੀ ਦੀ ਇੱਕ ਪਾਰਕਿੰਗ ਵਿੱਚ ਗੈਂਗਸਟਰਾਂ ਨੇ ਮਿੱਡੂਖੇੜਾ ਨੂੰ ਗੋਲੀ ਮਾਰ ਦਿੱਤੀ, ਤਾਂ ਬਰਾੜ ਨੇ ਸਾਨੂੰ ਦੱਸਿਆ ਕਿ ਸਿੱਧੂ ਮੂਸੇਵਾਲਾ ਅਤੇ ਬਿਸ਼ਨੋਈ ਦੀ ਦੁਸ਼ਮਣੀ ਉਸ ਬਿੰਦੂ 'ਤੇ ਪਹੁੰਚ ਗਈ ਜਿੱਥੋਂ ਵਾਪਸੀ ਨਹੀਂ ਹੋ ਸਕਦੀ ਸੀ।

ਬੰਬੀਹਾ ਗੈਂਗ ਨੇ ਮਿੱਡੂਖੇੜਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ।

ਪੁਲਿਸ ਨੇ ਮੂਸੇਵਾਲਾ ਦੇ ਦੋਸਤ ਅਤੇ ਕਿਸੇ ਸਮੇਂ ਉਸ ਦੇ ਮੈਨੇਜਰ ਰਹੇ ਸ਼ਗਨਪ੍ਰੀਤ ਸਿੰਘ ਨੂੰ ਚਾਰਜਸ਼ੀਟ ਵਿੱਚ ਨਾਮਜ਼ਦ ਕੀਤਾ, ਸਬੂਤਾਂ ਦਾ ਹਵਾਲਾ ਦਿੰਦੇ ਹੋਏ ਕਿ ਸ਼ਗਨਪ੍ਰੀਤ ਨੇ ਬੰਦੂਕਧਾਰੀਆਂ ਨੂੰ ਜਾਣਕਾਰੀ ਅਤੇ ਲੌਜਿਸਟਿਕਲ ਸਹਾਇਤਾ ਮੁਹੱਈਆ ਕੀਤੀ ਸੀ।

ਸ਼ਗਨਪ੍ਰੀਤ ਬਾਅਦ ਵਿੱਚ ਭਾਰਤ ਤੋਂ ਭੱਜ ਗਿਆ ਅਤੇ ਮੰਨਿਆ ਜਾਂਦਾ ਹੈ ਕਿ ਉਹ ਆਸਟ੍ਰੇਲੀਆ ਵਿੱਚ ਹੈ। ਮੂਸੇਵਾਲਾ ਨੇ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ।

ਪੰਜਾਬ ਪੁਲਿਸ ਨੇ ਬੀਬੀਸੀ ਨੂੰ ਦੱਸਿਆ ਕਿ ਮੂਸੇਵਾਲਾ ਦੇ ਕਤਲ ਜਾਂ ਕਿਸੇ ਗੈਂਗ ਨਾਲ ਸਬੰਧਤ ਅਪਰਾਧ ਨਾਲ ਸਬੰਧ ਹੋ ਦਾ ਕੋਈ ਸਬੂਤ ਨਹੀਂ ਮਿਲਿਆ ਹੈ।

'ਪਰ ਮੂਸੇਵਾਲਾ ਸ਼ਗਨਪ੍ਰੀਤ ਸਿੰਘ ਦੇ ਦੋਸਤ ਸਨ ਅਤੇ ਉਹ (ਬਿਸ਼ਨੋਈ ਗਰੁੱਪ) ਕਦੇ ਵੀ ਇਸ ਧਾਰਨਾ ਨੂੰ ਨਹੀਂ ਭੁੱਲ ਸਕਿਆ ਕਿ ਉਹ ਬੰਬੀਹਾ ਗੈਂਗ ਨਾਲ ਜੁੜਿਆ ਹੋਇਆ ਸੀ, ਇੱਕ ਅਜਿਹੀ ਧਾਰਨਾ ਜਿਸ ਕਾਰਨ ਉਸ ਦੀ (ਮੂਸੇਵਾਲਾ ਦੀ) ਜਾਨ ਗਈ ਹੋ ਸਕਦੀ ਹੈ।÷

ਭਾਵੇਂ ਉਹ ਮੂਸੇਵਾਲਾ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਹੀਂ ਦੇ ਸਕਦਾ, ਪਰ ਬਰਾੜ ਨੂੰ ਯਕੀਨ ਹੈ ਕਿ ਗਾਇਕ ਕਿਸੇ ਤਰ੍ਹਾਂ ਮਿੱਡੂਖੇੜਾ ਦੇ ਕਤਲ ਵਿੱਚ ਸ਼ਾਮਲ ਸੀ।

ਬਰਾੜ ਨੇ ਸਾਨੂੰ ਵਾਰ-ਵਾਰ ਦੱਸਿਆ ਕਿ ਮਿੱਡੂਖੇੜਾ ਗੋਲੀਬਾਰੀ ਤੋਂ ਪਹਿਲਾਂ ਦੇ ਦਿਨਾਂ ਵਿੱਚ ਸ਼ਗਨਪ੍ਰੀਤ ਸਿੰਘ ਨੇ ਬੰਦੂਕਧਾਰੀਆਂ ਦੀ ਮਦਦ ਕੀਤੀ ਸੀ ਅਤੇ ਇਹ ਅੰਦਾਜ਼ਾ ਲਗਾਇਆ ਗਿਆ ਕਿ ਮੂਸੇਵਾਲਾ ਖ਼ੁਦ ਵੀ ਇਸ ਵਿੱਚ ਸ਼ਾਮਲ ਰਿਹਾ ਹੋਵੇਗਾ।

ਬਰਾੜ ਨੇ ਬੀਬੀਸੀ ਆਈ ਨੂੰ ਕਿਹਾ, 'ਹਰ ਕੋਈ ਸਿੱਧੂ ਦੀ ਭੂਮਿਕਾ ਨੂੰ ਜਾਣਦਾ ਸੀ, ਜਾਂਚ ਕਰ ਰਹੀ ਪੁਲਿਸ ਨੂੰ ਪਤਾ ਸੀ, ਇੱਥੋਂ ਤੱਕ ਕਿ ਜਾਂਚ ਕਰ ਰਹੇ ਪੱਤਰਕਾਰਾਂ ਨੂੰ ਵੀ ਪਤਾ ਸੀ। ਸਿੱਧੂ ਸਿਆਸਤਦਾਨਾਂ ਅਤੇ ਸੱਤਾਧਾਰੀ ਲੋਕਾਂ ਨਾਲ ਰਲ ਗਿਆ ਸੀ।'

'ਉਹ ਸਾਡੇ ਵਿਰੋਧੀਆਂ ਦੀ ਮਦਦ ਲਈ ਸਿਆਸੀ ਤਾਕਤ, ਪੈਸਾ ਅਤੇ ਆਪਣੇ ਸਰੋਤਾਂ ਦੀ ਵਰਤੋਂ ਕਰ ਰਿਹਾ ਸੀ।'

'ਅਸੀਂ ਚਾਹੁੰਦੇ ਸੀ ਕਿ ਉਸਨੂੰ ਉਸਦੇ ਕੀਤੇ ਦੀ ਸਜ਼ਾ ਮਿਲੇ।'

'ਉਸਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਸੀ। ਉਸਨੂੰ ਜੇਲ੍ਹ ਹੋਣੀ ਚਾਹੀਦੀ ਸੀ। ਪਰ ਕਿਸੇ ਨੇ ਸਾਡੀ ਫ਼ਰਿਆਦ ਨਹੀਂ ਸੁਣੀ।'

'ਇਸ ਲਈ ਅਸੀਂ ਇਸ ਦੀ ਜ਼ਿੰਮੇਵਾਰੀ ਲੈ ਲਈ।'

'ਜਦੋਂ ਬੋਲੇ ਕੰਨਾਂ 'ਤੇ ਸ਼ਿਸ਼ਟਾਚਾਰ ਡਿੱਗਦਾ ਹੈ, ਤਾਂ ਗੋਲੀ ਦੀ ਆਵਾਜ਼ ਸੀ ਜੋ ਸਭ ਨੇ ਸੁਣੀ।'

**ਬੀਬੀਸੀ 'ਚੋਂ ਧੰਨਵਾਦ ਸਹਿਤ**

# ਮਨੀਪੁਰ 'ਚ ਮੈਤੇਈ ਨੇਤਾ ਦੀ ਗ੍ਰਿਫ਼ਤਾਰੀ ਖ਼ਿਲਾਫ਼ ਹਿੰਸਕ ਪ੍ਰਦਰਸ਼ਨ

## • ਇੰਫਾਲ ਸਮੇਤ 5 ਜ਼ਿਲਿਆਂ 'ਚ ਇੰਟਰਨੈੱਟ ਬੰਦ • ਪ੍ਰਦਰਸ਼ਨਕਾਰੀਆਂ ਵਲੋਂ ਆਤਮਦਾਹ ਦੀ ਕੋਸ਼ਿਸ਼






ਇੰਫਾਲ : ਮਨੀਪੁਰ 'ਚ ਮੈਤੇਈ ਸੰਗਠਨ ਅਰੰਬਾਈ ਟੈਂਗੋਲ ਦੇ ਇਕ ਆਗੂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਹੋਏ ਹਿੰਸਕ ਪ੍ਰਦਰਸ਼ਨਾਂ ਕਾਰਨ ਸਥਿਤੀ ਤਣਾਅਪੂਰਨ ਬਣੀ ਗਈ ਤੇ ਪ੍ਰਸ਼ਾਸਨ ਨੇ ਇੰਫਾਲ ਘਾਟੀ ਦੇ 5 ਜ਼ਿਲ੍ਹਿਆਂ 'ਚ ਕਰਫਿਊ ਦਾ ਐਲਾਨ ਕਰ ਦਿੱਤਾ ਤੇ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ। ਸੀ.ਬੀ.ਆਈ. ਨੇ ਇੰਫਾਲ ਹਵਾਈ ਅੱਡੇ ਤੋਂ ਮੈਤੇਈ ਸੰਗਠਨ ਅਰੰਬਾਈ ਟੈਂਗੋਲ ਦੇ ਕਾਰਕੁੰਨ ਕਨਨ ਸਿੰਘ ਨੂੰ 2023 ਦੀ ਮਨੀਪੁਰ ਹਿੰਸਾ ਨਾਲ ਸੰਬੰਧਿਤ ਵੱਖ-ਵੱਖ ਅਪਰਾਧਿਕ ਗਤੀਵਿਧੀਆਂ 'ਚ ਕਥਿਤ ਸ਼ਮੂਲੀਅਤ ਲਈ ਇੰਫਾਲ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਦੱਸਿਆ ਕਿ ਹਿੰਸਕ ਪ੍ਰਦਰਸ਼ਨਾਂ ਕਾਰਨ ਇੰਫਾਲ ਪੱਛਮੀ, ਇੰਫਾਲ ਪੂਰਬੀ, ਥੌਬਲ, ਬਿਸ਼ਨੂਪੁਰ ਅਤੇ ਕਾਕਚਿੰਗ ਜ਼ਿਲ੍ਹਿਆਂ 'ਚ ਇਹਤਿਆਤ ਵਜੋਂ ਕਰਫਿਊ ਲਾਇਆ ਗਿਆ ਹੈ ਤੇ ਇਨ੍ਹਾਂ ਘਾਟੀ ਖੇਤਰਾਂ 'ਚ ਵੀ.ਐਸ.ਏ.ਟੀ. ਤੇ ਵੀ.ਪੀ.ਐਨ. ਸਹੂਲਤਾਂ ਸਮੇਤ ਇੰਟਰਨੈਟ ਤੇ ਮੋਬਾਈਲ ਡਾਟਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਪ੍ਰਦਰਸ਼ਨਕਾਰੀਆਂ ਨੇ ਆਗੂ ਦੀ ਰਿਹਾਈ ਦੀ ਮੰਗ ਕਰਦਿਆਂ ਕਵਾਕੇਇਥਲ ਤੇ ਯੂਰੀਪੋਕ 'ਚ ਸੜਕ 'ਤੇ ਟਾਇਰਾਂ ਅਤੇ ਪੁਰਾਣੇ ਫਰਨੀਚਰ ਨੂੰ ਅੱਗ ਲਾ ਦਿੱਤੀ। ਕੁਝ ਪ੍ਰਦਰਸ਼ਨਕਾਰੀਆਂ ਨੇ ਆਪਣੇ-ਆਪ 'ਤੇ ਪੈਟਰੋਲ ਪਾ ਕੇ ਆਤਮਦਾਹ ਕਰਨ ਦੀ ਵੀ ਕੋਸ਼ਿਸ਼ ਕੀਤੀ। ਇੰਫਾਲ ਪੱਛਮੀ ਜ਼ਿਲ੍ਹੇ ਦੇ ਖੁਰਾਈ ਲਾਮਲੋਂਗ 'ਚ ਗੁੱਸੇ 'ਚ ਆਈ ਭੀੜ ਨੇ ਇਕ ਬੱਸ ਨੂੰ ਅੱਗ ਲਗਾ ਦਿੱਤੀ। ਕਵਾਕੇਇਥਲ 'ਚ ਕਈ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਗਈਆਂ, ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਗੋਲੀਆਂ ਕਿਸਨੇ ਚਲਾਈਆਂ। ਇਸ ਦੌਰਾਨ ਤਿੰਨ ਲੋਕਾਂ ਦੇ ਜ਼ਖ਼ਮੀ ਹੋਣ ਦੀ ਵੀ ਸੂਚਨਾ ਹੈ। ਸੂਬੇ ਦੀ ਰਾਜਧਾਨੀ 'ਚ ਪਿਛਲੇ ਦਿਨੀਂ ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ ਦੀਆਂ ਖ਼ਬਰਾਂ ਹਨ। ਸੁਰੱਖਿਆ ਬਲਾਂ ਨੇ ਇੱਥੇ ਰਾਜ ਭਵਨ ਤੋਂ ਲਗਭਗ 200 ਮੀਟਰ ਦੂਰ ਕਾਂਗਲਾ ਗੇਟ ਦੇ ਸਾਹਮਣੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ। ਰਾਜ ਭਵਨ ਵੱਲ ਜਾਣ ਵਾਲੀਆਂ ਸੜਕਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਕੇਂਦਰੀ ਬਲਾਂ ਦੇ ਜਵਾਨਾਂ ਦੀ ਵਾਧੂ ਤਾਇਨਾਤੀ ਕੀਤੀ ਗਈ ਹੈ। ਇਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਅਰੰਬਾਈ ਟੈਂਗੋਲ ਦੇ ਆਗੂ ਦੀ ਗ੍ਰਿਫਤਾਰੀ ਤੋਂ ਬਾਅਦ ਹਿੰਸਕ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਾਲਿਆਂ ਵਿਚਕਾਰ ਝੜਪ 'ਚ ਤਿੰਨ ਲੋਕ ਜ਼ਖ਼ਮੀ ਹੋਏ ਹਨ। ਉਨ੍ਹਾਂ ਕਿਹਾ ਕਿ ਸਨਿਚਰਵਾਰ ਰਾਤ 11:45 ਵਜੇ ਤੋਂ 5 ਦਿਨਾਂ ਲਈ ਘਾਟੀ ਦੇ 5 ਜ਼ਿਲ੍ਹਿਆਂ 'ਚ ਇੰਟਰਨੈੱਟ ਸੇਵਾਵਾਂ ਵੀ ਮੁਅੱਤਲ ਕਰ ਦਿੱਤੀਆਂ ਗਈਆਂ ਹਨ।

# ਭਰਤਪੁਰ ਵਿੱਚ ਮਹਾਂਪੰਚਾਇਤ ਤੋਂ ਬਾਅਦ ਗੁਜਰ ਪ੍ਰਦਰਸ਼ਨਕਾਰੀਆਂ ਨੇ ਦਿੱਲੀ-ਮੁੰਬਈ ਰੇਲ ਟਰੈਕ ਨੂੰ ਕੀਤਾ ਜਾਮ




ਜੈਪੁਰ: ਰਾਜਸਥਾਨ ਦੇ ਗੁੱਜਰ ਭਾਈਚਾਰੇ ਨੇ ਐਤਵਾਰ ਨੂੰ ਭਰਤਪੁਰ ਦੇ ਪੀਲੂਪੁਰਾ ਵਿਖੇ ਗੁੱਜਰ ਆਰਕਸ਼ਣ ਸੰਘਰਸ਼ ਸਮਿਤੀ ਵੱਲੋਂ ਬੁਲਾਈ ਗਈ ਭਾਈਚਾਰੇ ਦੀ ਮਹਾਂਪੰਚਾਇਤ ਤੋਂ ਬਾਅਦ ਲਗਭਗ ਦੋ ਘੰਟਿਆਂ ਲਈ ਦਿੱਲੀ-ਮੁੰਬਈ ਰੇਲਵੇ ਟਰੈਕ ਨੂੰ ਜਾਮ ਕਰ ਦਿੱਤਾ। ਭਾਵੇਂ ਕਿ ਮਹਾਂਪੰਚਾਇਤ ਰਾਜ ਸਰਕਾਰ ਵੱਲੋਂ ਭਾਈਚਾਰੇ ਦੀਆਂ ਮੰਗਾਂ 'ਤੇ ਭੇਜੇ ਗਏ ਪ੍ਰਸਤਾਵਿਤ ਖਰੜੇ ਨੂੰ ਸਵੀਕਾਰ ਕਰਨ ਨਾਲ ਸਮਾਪਤ ਹੋਈ, ਪਰ ਇਸ ਤੋਂ ਥੋੜ੍ਹੀ ਦੇਰ ਬਾਅਦ, ਸਥਿਤੀ ਬਦਲ ਗਈ, ਅਤੇ ਕੁਝ ਨੌਜਵਾਨਾਂ ਦੀ ਅਗਵਾਈ ਵਿੱਚ ਇੱਕ ਭੀੜ ਨੇੜਲੇ ਦਿੱਲੀ-ਮੁੰਬਈ ਰੇਲਵੇ ਟਰੈਕ 'ਤੇ ਪਹੁੰਚ ਗਈ, ਇੱਕ ਯਾਤਰੀ ਰੇਲਗੱਡੀ ਨੂੰ ਰੋਕਿਆ ਅਤੇ ਟਰੈਕ ਦੀਆਂ ਫਿਸ਼ ਪਲੇਟਾਂ ਹਟਾ ਦਿੱਤੀਆਂ। ਭੀੜ ਦੀ ਅਗਵਾਈ ਕਰ ਰਹੇ ਨੌਜਵਾਨ ਪ੍ਰਸਤਾਵਿਤ ਖਰੜੇ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ, ਹਾਲਾਂਕਿ, ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ, ਪ੍ਰਦਰਸ਼ਨਕਾਰੀਆਂ ਨੇ ਸ਼ਾਮ 6.30 ਵਜੇ ਦੇ ਕਰੀਬ ਟਰੈਕ ਸਾਫ਼ ਕਰ ਦਿੱਤਾ।

# ਮਾਂ ਵੈਸ਼ਨੋ ਦੇਵੀ ਸੇਵਾ ਸਮਿਤੀ ਵਲੋਂ ਸਮੂਹਿਕ ਵਿਆਹ ਦਾ ਆਯੋਜਨ





ਪਟਨਾ : ਪਟਨਾ ਵਿੱਚ ਇੱਕ ਸਮੂਹਿਕ ਵਿਆਹ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪ੍ਰੰਪਰਾ 2010 ਤੋਂ ਚੱਲੀ ਆ ਰਹੀ ਹੈ। ਇਹ ਸਮੂਹਿਕ ਵਿਆਹ ਨਹੀਂ ਹੈ, ਪਰ ਇਸਦਾ ਉਦੇਸ਼ ਇੱਕ ਅਜਿਹਾ ਮਾਹੌਲ ਬਣਾਉਣਾ ਹੈ ਜਿਸ ਵਿੱਚ ਲੋਕਾਂ ਦੇ ਦਿਲ ਮਿਲਦੇ ਹਨ ਅਤੇ ਉਨ੍ਹਾਂ ਦੀਆਂ ਗੱਲਾਂ ਦੂਜਿਆਂ ਤੱਕ ਪਹੁੰਚਦੀਆਂ ਹਨ। ਪਿਛਲੇ 15 ਸਾਲਾਂ ਤੋਂ ਲਗਾਤਾਰ ਚੱਲ ਰਹੇ 'ਏਕ ਵਿਆਹ ਐਸਾ ਭੀ' ਦੀ ਚਰਚਾ ਅੱਜ ਪੂਰੇ ਬਿਹਾਰ ਵਿੱਚ ਹੋ ਰਹੀ ਹੈ। ਇਹ ਚਰਚਾ ਇਸ ਲਈ ਹੈ ਕਿਉਂਕਿ ਅੱਜ ਫਿਰ 'ਏਕ ਵਿਆਹ ਐਸਾ ਭੀ' ਰਾਹੀਂ 51 ਜੋੜਿਆਂ ਨੇ ਵਿਆਹ ਕਰਵਾਏ। ਹਰ ਵਾਰ ਇਸ ਖਾਸ ਵਿਆਹ ਵਿੱਚ ਕੁਝ ਵੱਖਰਾ ਹੁੰਦਾ ਹੈ। ਇਸ ਵਾਰ ਪਟਨਾ ਦੇ ਐਸਕੇ ਮੈਮੋਰੀਅਲ ਹਾਲ ਵਿੱਚ 51 ਜੋੜਿਆਂ ਦੇ ਵਿਆਹ ਦਾ ਆਯੋਜਨ ਕੀਤਾ ਗਿਆ ਹੈ। ਸ਼ਾਮ ਨੂੰ, ਸਾਰੇ ਲਾੜੇ ਆਪਣੇ ਘੋੜਿਆਂ 'ਤੇ ਸਵਾਰ ਹੋ ਕੇ ਮਹਾਰਾਣਾ ਪ੍ਰਤਾਪ ਭਵਨ ਤੋਂ ਐਸਕੇ ਮੈਮੋਰੀਅਲ ਤੱਕ ਜਾਣਗੇ। 'ਏਕ ਵਿਆਹ ਐਸਾ ਭੀ' ਕਈ ਤਰੀਕਿਆਂ ਨਾਲ ਵੱਖਰਾ ਹੈ। ਵਿਆਹ ਦੀ ਬਾਕੀ ਸੁੰਦਰਤਾ ਵਿੱਚ, ਦੇਸ਼ ਦੇ ਮਸ਼ਹੂਰ ਲੋਕ ਸ਼ਾਮਲ ਹੋਣਗੇ। ਰਾਜਪਾਲ ਆਰਿਫ਼ ਮੁਹੰਮਦ ਖਾਨ ਅਤੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਇਨ੍ਹਾਂ ਜੋੜਿਆਂ ਨੂੰ ਅਸ਼ੀਰਵਾਦ ਦੇਣ ਲਈ ਮੁੱਖ ਮਹਿਮਾਨ ਵਜੋਂ ਮੌਜੂਦ ਰਹਿਣਗੇ ਅਤੇ ਸਾਰੇ ਜੋੜਿਆਂ ਨੂੰ ਅਸ਼ੀਰਵਾਦ ਦੇਣਗੇ। ਸ਼ਹਿਰ ਦੇ ਕਈ ਪ੍ਰਤੀਸ਼ਤ ਲੋਕ ਵੀ ਵਿਆਹ ਪ੍ਰੋਗਰਾਮ ਵਿੱਚ ਸ਼ਾਮਲ ਹੋਣਗੇ ਅਤੇ ਲਾੜੇ-ਲਾੜੀ ਨੂੰ ਅਸ਼ੀਰਵਾਦ ਦੇਣਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਲਈ ਨਿਹੰਗ ਜਥੇਬੰਦੀਆਂ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਬਰ ਤਿਆਰ ਹਨ: ਬਾਬਾ ਬਲਬੀਰ ਸਿੰਘ 96 ਕਰੋੜੀ

ਅੰਮ੍ਰਿਤਸਰ : ਨਿਹੰਗ ਸਿੰਘਾਂ ਦੀਆਂ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਅਤੇ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ 1984 ਦੇ ਸ਼ਹੀਦੀ ਘੱਲੂਘਾਰੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਪ੍ਰਕਰਮਾ 'ਚ ਸਥਿਤ ਯਾਦਗਾਰ ਗੁ: ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਸਿੰਘ ਅਸਥਾਨ ਤੇ ਸ਼ਰਧਾ ਪੂਰਵਕ ਨਤਮਸਤਕ ਹੋਈਆਂ, ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ ਸ਼ਹੀਦ ਸਿੰਘਾਂ ਨੂੰ ਸ਼ਰਧਾ ਸਤਿਕਾਰ ਭੇਟ ਕੀਤਾ।

ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਸਿੰਘਾਂ ਦੀ ਯਾਦ 'ਚ ਅਯੋਜਤ ਸਮਾਗਮ ਭਲੀਭਾਂਤ ਸਾਂਤੀ ਪੂਰਨ ਮੁਕੰਮਲ ਹੋਇਆ ਹੈ। ਉਨ੍ਹਾਂ ਕਿਹਾ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਵੱਡ ਵੱਡੇਰਿਆਂ ਨੇ ਸੱਚੰਖਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਖਾਤਰ ਬੇ-ਹਿਸਾਬ ਕੁਰਬਾਨੀਆਂ ਦਿੱਤੀਆਂ ਹਨ। ਗੁਰੂ ਦੀਆਂ ਲਾਡਲੀਆਂ ਫੌਜਾਂ ਪਹਿਲਾਂ ਵੀ, ਹੁਣ ਵੀ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਸਰਵਉਚ ਧਾਰਮਿਕ ਪਵਿੱਤਰ ਅਸਥਾਨਾਂ ਦੀ ਅਜਮਤ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਬਰ ਤਿਆਰ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਅੱਜ ਨਿਹੰਗ ਸਿੰਘ ਜਥੇਬੰਦੀਆਂ 6 ਜੂਨ 1984 ਨੂੰ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤੇ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ, ਸਿੰਘਣੀਆਂ, ਭੁਜੰਗੀਆਂ ਅਤੇ ਹੋਰ ਸ਼ਹੀਦ ਸ਼ਰਧਾਲੂਆਂ ਨੂੰ ਸ਼ਰਧਾ ਸਤਿਕਾਰ ਭੇਟ ਕਰਨ ਲਈ ਪੁਜੀਆਂ ਹਨ, ਉਨ੍ਹਾਂ ਕਿਹਾ ਨਿਹੰਗ ਸਿੰਘ ਜਥੇਬੰਦੀਆਂ ਨੇ ਇਨ੍ਹਾਂ ਪਵਿੱਤਰ ਅਸਥਾਨਾਂ ਦੀ ਆਨ ਬਾਣ ਸ਼ਾਨ ਲਈ ਮਹਾਨ ਕੁਰਬਾਨੀਆਂ ਦਿਤੀਆਂ ਹਨ, ਉਨ੍ਹਾਂ ਕਿਹਾ ਇਨ੍ਹਾਂ ਪਾਵਨ ਪਵਿੱਤਰ ਅਸਥਾਨਾਂ ਦੀ ਮਾਣ ਮਰਯਾਦਾ ਕਾਇਮ ਰੱਖਣੀ ਸਾਡਾ ਫਰਜ਼ ਹੈ। ਜੇਕਰ ਸ਼੍ਰੋਮਣੀ ਕਮੇਟੀ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਮਰਯਾਦਾ ਪੂਰਨ ਕਾਰਜ ਕਰਦੀ ਹੈ, ਤਾਂ ਸਾਰੀਆਂ ਜਥੇਬੰਦੀਆਂ ਸਹਿਯੋਗ ਕਰਦੀਆਂ ਹਨ। ਉਨ੍ਹਾਂ ਕਿਹਾ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਪਹਿਲਾਂ ਵੀ ਸਪੱਸ਼ਟ ਕਿਹਾ ਗਿਆ ਸੀ ਕਿ ਸਾਡੀ ਸ਼੍ਰੋਮਣੀ ਕਮੇਟੀ ਜਾਂ ਕਿਸੇ ਵਿਸ਼ੇਸ਼ ਨਾਲ ਨਿਜੀ ਲੜਾਈ ਨਹੀਂ ਹੈ ਪਰ ਮਰਯਾਦਾ ਮਾਮਲੇ ਤੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਹੈ। ਉਨ੍ਹਾਂ ਕਿਹਾ ਅੱਜ ਵਾਲੇ ਪ੍ਰੋਗਰਾਮ ਦੀ ਤਫਸੀਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਮੀਡੀਏ ਰਾਹੀਂ ਪਹਿਲਾਂ ਹੀ ਸੰਗਤਾਂ ਨਾਲ ਸਾਂਝੀ ਕਰ ਲੈਂਦੇ ਤਾਂ ਸਿੱਖ ਪੰਥਕ ਜਥੇਬੰਦੀਆਂ ਵਿੱਚ ਭਰਮ ਭੁਲੇਖੇ ਜਾਂ ਮਾਨਸਿਕ ਤਣਾਅ ਵਾਲੇ ਸ਼ੰਕੇ ਪੈਦਾ ਹੋਣੇ ਹੀ ਨਹੀਂ ਸਨ।





# ਅਕਾਲੀਆਂ ਨੇ ਸਿਆਸੀ ਅਤੇ ਧਾਰਮਿਕ ਤੌਰ 'ਤੇ ਪੰਜਾਬ ਨੂੰ ਲੁੱਟਿਆ : ਭਗਵੰਤ ਸਿੰਘ ਮਾਨ

## ਪੈਸੇ ਦੀ ਲਾਲਸਾ 'ਚ ਅਕਾਲੀਆਂ ਨੇ ਐਸਜੀਪੀਸੀ ਨੂੰ 'ਸ਼੍ਰੋਮਣੀ ਗੋਲਕ ਪ੍ਰਬੰਧਕ ਕਮੇਟੀ' ਬਣਾ ਕੇ ਰੱਖ ਦਿੱਤਾ : ਮੁੱਖ ਮੰਤਰੀ

## ਮੁੱਖ ਮੰਤਰੀ ਨੇ ਲਾਭਪਾਤਰੀਆਂ ਨੂੰ ਲਗਪਗ 68 ਕਰੋੜ ਰੁਪਏ ਦੇ ਕਰਜ਼ਾ ਮੁਕਤੀ ਸਰਟੀਫਿਕੇਟ ਵੰਡੇ



ਅੰਮ੍ਰਿਤਸਰ : ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਤੇ ਵਿੱਤ ਨਿਗਮ (ਪੰਜਾਬ ਐੱਸਸੀ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ) ਵੱਲੋਂ ਕਰਵਾਏ ਸਮਾਗਮ ਦੌਰਾਨ 4727 ਲਾਭਪਾਤਰੀਆਂ ਨੂੰ ਲਗਪਗ 68 ਕਰੋੜ ਰੁਪਏ ਦੇ ਕਰਜ਼ਾ ਮੁਕਤੀ ਸਰਟੀਫਿਕੇਟ ਵੰਡਣ ਦੀ ਸ਼ੁਰੂਆਤ ਕੀਤੀ ਗਈ। ਮੁੱਖ ਮੰਤਰੀ ਨੇ ਅਕਾਲੀ ਭਾਜਪਾ ਅਤੇ ਕਾਂਗਰਸ ਸਰਕਾਰਾਂ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਇਨ੍ਹਾਂ ਨੇ ਐੱਸਸੀ ਭਾਈਚਾਰੇ ਨੂੰ ਸਿਰਫ਼ ਵੋਟ ਬੈਂਕ ਵਜੋਂ ਹੀ ਵਰਤਿਆ ਹੈ। ਅੱਜ ਸਮਾਗਮ ਦੌਰਾਨ ਅੰਮ੍ਰਿਤਸਰ, ਗੁਰਦਾਸਪੁਰ ਸਣੇ ਪੰਜ ਜ਼ਿਲ੍ਹਿਆਂ ਦੇ ਲਾਭਪਾਤਰੀਆਂ ਨੂੰ ਕਰਜ਼ਾ ਮੁਕਤੀ ਸਰਟੀਫਿਕੇਟ ਵੰਡੇ ਗਏ। ਉਨ੍ਹਾਂ ਕੇਂਦਰ ਸਰਕਾਰ 'ਤੇ ਨਿਸ਼ਾਨੇ ਸੇਧਦਿਆਂ ਆਖਿਆ ਕਿ ਉਹ ਵੱਡੇ ਘਰਾਣਿਆਂ ਦੇ ਕਰਜ਼ੇ ਤਾਂ ਮੁਆਫ਼ ਕਰ ਸਕਦੀ ਹੈ ਪਰ ਕਿਸਾਨਾਂ ਦੇ ਕਰਜ਼ੇ ਮੁਆਫ਼ ਨਹੀਂ ਕਰਨਾ ਚਾਹੁੰਦੀ। ਉਨ੍ਹਾਂ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਨਿਗਮ ਵੱਲੋਂ 31 ਮਾਰਚ 2020 ਤੱਕ ਵੰਡੇ ਗਏ ਕਰਜ਼ਿਆਂ 'ਤੇ ਲੀਕ ਫੇਰ ਦਿੱਤੀ ਗਈ ਹੈ। ਇਹ ਮੁਆਫੀ ਪੀਐੱਸਸੀਐੱਫਸੀ ਵੱਲੋਂ ਇਸ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ। ਇਸ ਫੈਸਲੇ ਨਾਲ ਕੁੱਲ 4727 ਕਰਜ਼ਦਾਰਾਂ ਨੂੰ 67.84 ਕਰੋੜ ਰੁਪਏ ਦੀ ਕੁੱਲ ਰਕਮ ਦਾ ਲਾਭ ਹੋਵੇਗਾ।

ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਕਾਲੀ ਆਗੂਆਂ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਦੋਸ਼ ਲਾਇਆ ਕਿ ਉਨ੍ਹਾਂ ਨੇ ਪੈਸੇ ਦੇ ਲਾਲਚ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ 'ਸ਼੍ਰੋਮਣੀ ਗੋਲਕ ਪ੍ਰਬੰਧਕ ਕਮੇਟੀ' ਬਣਾ ਕੇ ਰੱਖ ਦਿੱਤਾ। ਅੱਜ ਇੱਥੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਬਾਦਲਾਂ ਨੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣ ਲਈ ਆਪਣੀ ਸਿਆਸੀ ਤਾਕਤ ਦੀ ਦੁਰਵਰਤੋਂ ਕੀਤੀ ਅਤੇ ਇੱਥੋਂ ਤੱਕ ਕਿ ਆਪਣੇ ਨਿੱਜੀ ਹਿੱਤਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੀ ਨਿਯੁਕਤੀ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਨਹੀਂ ਰੱਖੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੈਸੇ ਦੀ ਲਾਲਸਾ ਵਿੱਚ ਅਕਾਲੀਆਂ ਨੇ ਸਿੱਖਾਂ ਦੀ ਵੱਕਾਰੀ ਸੰਸਥਾ ਸ਼੍ਰੋਮਣੀ ਕਮੇਟੀ ਦੀ ਪਵਿੱਤਰਤਾ ਨੂੰ ਢਾਹ ਲਾਈ ਹੈ ਅਤੇ ਸੌੜੇ ਸਿਆਸੀ ਲਾਭ ਲਈ ਸ਼ ?ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ, ਦੋਵਾਂ ਦੀ ਦੁਰਵਰਤੰਤ ਕੀਤੀ। ਭਗਵੰਤ ਸਿੰਘ ਮਾਨ ਨੇ ਅਕਾਲੀਆਂ ਵੱਲੋਂ ਲੋਕਾਂ ਨੂੰ ਹਨੇਰੇ ਵਿੱਚ ਰੱਖਣ ਅਤੇ ਆਪਣੇ ਏਜੰਡੇ ਪੂਰੇ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਦੋਸ਼ ਲਾਇਆ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅਕਾਲੀਆਂ ਨੇ ਨਾ ਸਿਰਫ਼ ਸਰਕਾਰੀ ਖਜ਼ਾਨੇ ਨੂੰ ਸਗੋਂ ਧਾਰਮਿਕ ਸੰਸਥਾਵਾਂ ਨਾਲ ਸਬੰਧਤ ਫੰਡਾਂ ਨੂੰ ਵੀ ਲੁੱਟਿਆ। ਉਨ੍ਹਾਂ ਨੇ ਅਕਾਲੀਆਂ ਦੇ ਸਾਸ਼ਨ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਸਿਆਸੀ ਅਤੇ ਧਾਰਮਿਕ ਤੌਰ 'ਤੇ ਸ਼ੋਸ਼ਣ ਕੀਤਾ ਜਿਸ ਨਾਲ ਪੰਜਾਬ ਨੂੰ ਬਹੁਤ ਜ਼ਿਆਦਾ ਨੁਕਸਾਨ ਭੁਗਤਣਾ ਪਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਦੌਰਾਨ ਗਰੀਬਾਂ ਨੂੰ ਅਣਗੌਲਿਆ ਕੀਤਾ ਜਾਂਦਾ ਸੀ ਜਦਕਿ ਪ੍ਰਭਾਵਸ਼ਾਲੀ ਲੋਕਾਂ ਨੇ ਸੂਬੇ ਨੂੰ ਲੁੱਟਿਆ।

ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਨੇ ਸਮਾਜ ਦੇ ਦੱਬੇ-ਕੁਚਲੇ ਅਤੇ ਕਮਜ਼ੋਰ ਵਰਗਾਂ ਦਾ ਸ਼ੋਸ਼ਣ ਕੀਤਾ ਜਿਸ ਕਰਕੇ ਹੁਣ ਉਨ੍ਹਾਂ ਨੂੰ ਇਸ ਦੇ ਨਤੀਜੇ ਭੁਗਤਣੇ ਪੈ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਅਕਾਲੀਆਂ ਨੂੰ ਸੂਬੇ ਵਿਰੁੱਧ ਕੀਤੇ ਅਪਰਾਧਾਂ ਲਈ ਕਦੇ ਵੀ ਮੁਆਫ਼ ਨਹੀਂ ਕਰਨਗੇ। ਮੁੱਖ ਮੰਤਰੀ ਨੇ ਕਿਹਾ, 'ਗਰੀਬਾਂ ਅਤੇ ਇਮਾਨਦਾਰ ਲੋਕਾਂ ਦੀਆਂ ਅਰਦਾਸਾਂ ਹਮੇਸ਼ਾ ਪਰਮਾਤਮਾ ਤੱਕ ਪਹੁੰਚਦੀਆਂ ਹਨ ਅਤੇ ਇਸੇ ਲਈ ਬਾਦਲਾਂ ਨੂੰ ਹੁਣ ਆਪਣੇ ਪਾਪਾਂ ਦੀ ਕੀਮਤ ਚੁਕਾਉਣੀ ਪੈ ਰਹੀ ਹੈ।'

# ਸ਼੍ਰੋਮਣੀ ਕਮੇਟੀ ਸੰਬੰਧੀ ਭਗਵੰਤ ਮਾਨ ਵਲੋਂ ਕੀਤੀ ਟਿੱਪਣੀ 'ਤੇ ਧਾਮੀ ਨੇ ਪ੍ਰਗਟਾਇਆ ਪ੍ਰਤੀਕਰਮ

ਅੰਮ੍ਰਿਤਸਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸ਼੍ਰੋਮਣੀ ਕਮੇਟੀ ਨੂੰ 'ਸ਼੍ਰੋਮਣੀ ਗੋਲਕ ਪ੍ਰਬੰਧਕ ਕਮੇਟੀ' ਆਖਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਦੀ ਇਹ ਟਿੱਪਣੀ ਨਿਰਾਧਾਰ, ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਅਤੇ ਸਿੱਖ ਕੌਮ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਦੀ ਬੇਅਦਬੀ ਕਰਨ ਵਾਲੀ ਹੈ। ਇਸ ਨੇ ਭਗਵੰਤ ਮਾਨ ਦੀ ਬੌਧਿਕ ਕੰਗਾਲੀ ਦਾ ਸਬੂਤ ਦੇਣ ਦੇ ਨਾਲ ਨਾਲ ਉਸ ਦੀ ਹਉਮੈ ਅਤੇ ਹੌਲੇ ਪੱਧਰ ਦੀ ਪਹੁੰਚ ਨੂੰ ਵੀ ਉਜਾਗਰ ਕੀਤਾ ਹੈ। ਇਕ ਬਿਆਨ ਰਾਹੀਂ ਧਾਮੀ ਨੇ ਕਿਹਾ ਕਿ ਅਕਾਲੀ ਲਹਿਰ ਨੇ ਸਦਾ ਸਿੱਖਾਂ ਤੇ ਪੰਜਾਬ ਦੀ ਭਲਾਈ ਲਈ ਲੜਾਈਆਂ ਲੜੀਆਂ। ਅਕਾਲੀ ਯੋਧਿਆਂ ਨੇ ਨਾ ਕੇਵਲ ਦੇਸ਼ ਦੀ ਆਜ਼ਾਦੀ ਲਈ ਆਪਣਾ ਖ਼ੂਨ ਵਹਾਇਆ, ਸਗੋਂ ਐਮਰਜੈਂਸੀ ਵਰਗੇ ਅਧਿਕਾਰ ਖੋਹਣ ਵਾਲੇ ਦੌਰਾਂ 'ਚ ਵੀ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਲਈ ਅਣਖ ਨਾਲ ਸੰਘਰਸ਼ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਇਹ ਇਤਿਹਾਸ ਪੜ੍ਹੇ ਕਿ ਅਕਾਲੀ ਤਾਂ ਗੋਲਕਾਂ ਦੀ ਰਖਵਾਲੀ ਲਈ ਆਪਣਾ ਸਭ ਕੁਝ ਕੁਰਬਾਨ ਕਰਦੇ ਆਏ ਹਨ। ਧਾਮੀ ਨੇ ਕਿਹਾ ਕਿ ਸੱਚ ਤਾਂ ਇਹ ਹੈ ਕਿ ਭਗਵੰਤ ਮਾਨ ਤਾਂ ਖ਼ੁਦ ਪੰਜਾਬ ਨੂੰ ਪਰਵਾਸੀਆਂ ਹੱਥੋਂ ਲੁਟਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨਾ ਸਿਰਫ ਧਾਰਮਿਕ ਪ੍ਰਬੰਧਕ ਸੰਸਥਾ ਹੈ, ਸਗੋਂ ਸਮਾਜਿਕ ਅਤੇ ਸਿੱਖਿਆ ਖੇਤਰ 'ਚ ਵੀ ਇਕ ਆਦਰਸ਼ ਹੈ।



# ਮੁੱਖ ਮੰਤਰੀ ਨੂੰ ਸ਼੍ਰੋਮਣੀ ਕਮੇਟੀ ਬਾਰੇ ਗ਼ਲਤ ਬਿਆਨੀ ਸ਼ੋਭਦੀ ਨਹੀਂ: ਗਿਆਨੀ ਹਰਪ੍ਰੀਤ ਸਿੰਘ

## ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਵੱਲੋਂ ਅਕਾਲੀ ਆਗੂਆਂ ਨੂੰ ਹਾਊਮੈ ਛੱਡਣ ਦੀ ਅਪੀਲ

ਸ੍ਰੀ ਆਨੰਦਪੁਰ ਸਾਹਿਬ : ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇੱਥੇ ਕਿਹਾ ਕਿ ਮੁੱਖ ਮੰਤਰੀ ਦੇ ਅਹੁਦੇ ਉੱਤੇ ਬੈਠ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਤਨਜ ਕੱਸਦਿਆਂ ਬਿਆਨ ਦੇਣਾ ਮੁੱਖ ਮੰਤਰੀ ਨੂੰ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਕਿਹਾ, 'ਸਾਡੇ ਆਪਸੀ ਵਿਚਾਰਕ ਮੱਤਭੇਦ ਹੋ ਸਕਦੇ ਹਨ। ਅਸੀਂ ਹਮੇਸ਼ਾ ਆਪਣੀਆਂ ਸੰਸਥਾਵਾਂ ਦੀ ਮਜ਼ਬੂਤੀ ਦੀ ਗੱਲ ਕਰਾਂਗੇ।' ਉਨ੍ਹਾਂ ਕਿਹਾ ਕਿ ਅੱਜ ਸਿੱਖਾਂ ਦੀ ਘੱਟ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ, ਪ੍ਰੰਤੂ ਗਿਣਤੀ ਦੇ ਨਾਲ ਨਾਲ ਗੁਣਵੱਤਾ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 1947 ਤੋਂ ਬਾਅਦ ਦਿੱਲੀ ਦੀਆਂ ਸਰਕਾਰਾਂ ਨੇ ਪੰਜਾਬ ਵਿੱਚ ਅਜਿਹਾ ਮਾਹੌਲ ਸਿਰਜਿਆ ਜਿਸ ਨਾਲ ਹਿੰਦੂ-ਸਿੱਖ ਏਕਤਾ ਵਿੱਚ ਦਰਾੜ ਆਈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਸਾਰੇ ਧੜਿਆਂ ਵਿੱਚ ਉਦੋਂ ਤੱਕ ਰਾਜਸੀ ਏਕਾ ਨਹੀਂ ਹੋ ਸਕਦਾ ਜਦੋਂ ਤੱਕ ਆਗੂ ਹਾਊਮੈ ਤੇ ਹੰਕਾਰ ਨਹੀਂ ਛੱਡਦੇ।



# ਰੁੱਤ ਮੇਲੀਆਂ ਦੀ: ਹਰ ਰਾਹ ਲੁਧਿਆਣੇ ਜਾਵੇ..!

## ਕਿਤੇ ਪੈਣ ਧਮਕਾਂ, ਕਿਤੇ ਛਾਈ ਖ਼ਾਮੋਸ਼ੀ; ਜ਼ਿਮਨੀ ਚੋਣ ’ਚ ਸਿਆਸੀ ਆਗੂਆਂ ਦੀ ਲੱਗੀ ਸਿਰ-ਧੜ ਦੀ ਬਾਜ਼ੀ



ਚੰਡੀਗੜ੍ਹ, (ਚਰਨਜੀਤ ਭੁੱਲਰ) : ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਦੇ ਪ੍ਰਚਾਰ ਲਈ ਦਸ ਦਿਨ ਬਚੇ ਹਨ। ਸਿਆਸੀ ਧਮਕ ਲੁਧਿਆਣੇ ’ਚ ਪੈ ਰਹੀ ਹੈ ਜਦਕਿ ਚੰਡੀਗੜ੍ਹ ਦੇ ਦਫ਼ਤਰਾਂ ’ਚ ਖ਼ਾਮੋਸ਼ੀ ਛਾਈ ਹੋਈ ਹੈ। ਇੰਜ ਕਹਿ ਲਓ ਕਿ ਹੁਣ ਹਰ ਰਾਹ ਲੁਧਿਆਣੇ ਨੂੰ ਜਾ ਰਿਹਾ ਹੈ। ਵੋਟਾਂ 19 ਜੂਨ ਨੂੰ ਪੈਣਗੀਆਂ ਅਤੇ 17 ਜੂਨ ਦੀ ਸ਼ਾਮ ਨੂੰ ਪੰਜ ਵਜੇ ਚੋਣ ਪ੍ਰਚਾਰ ਬੰਦ ਹੋਵੇਗਾ। ਆਉਂਦੇ ਦਿਨਾਂ ’ਚ ਲੁਧਿਆਣਾ ਪੱਛਮੀ ਦੇ ਹਰ ਗਲੀ-ਮੁਹੱਲੇ ’ਚ ਵੀਆਈਪੀਜ਼ ਨਜ਼ਰ ਆਉਣਗੇ। ਗੱਡੀਆਂ ਦੇ ਹੂਟਰ ਵੱਜਣਗੇ ਅਤੇ ਗਰਮੀ ’ਚ ਸਿਆਸੀ ਨੇਤਾ ਮੁੜਕੋ-ਮੁੜਕੀ ਹੋਣਗੇ। ਆਮ ਆਦਮੀ ਪਾਰਟੀ ਲਈ ਆਪਣੇ ਉਮੀਦਵਾਰ ਸੰਜੀਵ ਅਰੋੜਾ ਨੂੰ ਜੇਤੂ ਬਣਾਉਣ ਦੇ ਕਈ ਮਾਅਨੇ ਹਨ।

‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ 10 ਜੂਨ ਨੂੰ ਪੰਜਾਬ ਦੇ ਤਿੰਨ ਦਿਨਾਂ ਦੌਰੇ ’ਤੇ ਆ ਰਹੇ ਹਨ। ਮੁਹਾਲੀ, ਫ਼ਤਿਹਗੜ੍ਹ ਸਾਹਿਬ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਪਟਿਆਲਾ ’ਚ ਉਨ੍ਹਾਂ ਦੇ ਪ੍ਰੋਗਰਾਮ ਰੱਖੇ ਗਏ ਹਨ। ਲੁਧਿਆਣਾ ਦੇ ਕਈ ਵਾਰਡਾਂ ’ਚ ਕੇਜਰੀਵਾਲ ਚੋਣ ਪ੍ਰਚਾਰ ਕਰਨਗੇ। ‘ਆਪ’ ਲਈ ਇਹ ਚੋਣ ਬਹੁਤ ਵੱਕਾਰੀ ਹੈ। ਲੁਧਿਆਣਾ ਪੱਛਮੀ ’ਚ 17 ਵਾਰਡ ਹਨ। ਕਾਂਗਰਸ ਤੇ ‘ਆਪ’ ਦੇ 80 ਸਟਾਰ ਪ੍ਰਚਾਰਕ ਹਨ। ਮਤਲਬ ਕਿ ਹਰ ਦੋ ਵਾਰਡਾਂ ਪਿੱਛੇ ਦੋਵੇਂ ਪਾਰਟੀਆਂ ਦੇ 10 ਸਟਾਰ ਪ੍ਰਚਾਰਕ ਕੰਮ ਕਰਨਗੇ। ‘ਆਪ’ ਦੇ ਸਾਰੇ ਵਜ਼ੀਰਾਂ ਨੇ ਵਾਰਡ ਮੁਤਾਬਕ ਡੇਰੇ ਜਮਾ ਲਏ ਹਨ।

ਦੋ ਦਿਨਾਂ ਤੋਂ ‘ਆਪ’ ਨੇ ਦੋ-ਦੋ ਬੂਥਾਂ ਪਿੱਛੇ ਇੱਕ-ਇੱਕ ਵਿਧਾਇਕ ਲਗਾ ਦਿੱਤਾ ਹੈ। ਸਮੁੱਚੇ ਪੰਜਾਬ ’ਚੋਂ ‘ਆਪ’ ਨੇ ਆਪਣੇ ਵਿਧਾਇਕ ਸੱਦ ਲਏ ਹਨ। ਪਾਰਟੀ ਨੇ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਇੱਕ ਐਪ ਵਿੱਚ ਆਪੋ-ਆਪਣੀ ਲੋਕੇਸ਼ਨ ਅਤੇ ਫ਼ੋਟੋ ਪਾਉਣ ਲਈ ਕਿਹਾ ਹੈ। ਦਿੱਲੀ ਦੀਆਂ ਚੈਕਿੰਗ ਟੀਮਾਂ ਪੰਜਾਬ ਦੇ ਵਿਧਾਇਕਾਂ ਤੇ ਵਜ਼ੀਰਾਂ ’ਤੇ ਨਜ਼ਰ ਰੱਖ ਰਹੀਆਂ ਹਨ। ‘ਆਪ’ ਦੇ ਵਿਧਾਇਕ ਤੇ ਵਜ਼ੀਰ ਅਤੇ ਵਿਰੋਧੀ ਧਿਰਾਂ ਦੇ ਆਗੂ ਸਵੇਰ ਵਕਤ ਪਾਰਕਾਂ ’ਚ ਨਜ਼ਰ ਆਉਂਦੇ ਹਨ। ਇੱਕ ਸਨਅਤਕਾਰ ਨੇ ਦੱਸਿਆ ਕਿ ਉਪ ਚੋਣ ਕਰਕੇ ਹਲਕੇ ਦੇ ਲੋਕਾਂ ਦਾ ਸੈਰ ਕਰਨਾ ਵੀ ਮੁਸ਼ਕਲ ਹੋਇਆ ਪਿਆ ਹੈ। ਕੈਬਨਿਟ ਮੰਤਰੀ ਇਸ ਗੱਲੋਂ ਅੰਦਰੋਂ ਹਿੱਲੇ ਹੋਏ ਹਨ ਕਿ ਉਪ ਚੋਣ ਮਗਰੋਂ ਕੈਬਨਿਟ ਦੇ ਫੇਰਬਦਲ ’ਚ ਉਨ੍ਹਾਂ ਦਾ ਕਿਤੇ ਪੱਤਾ ਨਾ ਕੱਟਿਆ ਜਾਵੇ। ਕੁਝ ਵਿਧਾਇਕ ਉਪ ਚੋਣ ’ਚ ਇਸ ਕਰਕੇ ਪਸੀਨਾ ਵਹਾ ਰਹੇ ਹਨ ਕਿ ਕੈਬਨਿਟ ਫੇਰਬਦਲ ’ਚ ਉਨ੍ਹਾਂ ਦੇ ਹਿੱਸੇ ਝੰਡੀ ਵਾਲੀ ਕਾਰ ਆ ਸਕਦੀ ਹੈ। ਦੋ ਵਜ਼ੀਰਾਂ ਦੀ ਡਿਊਟੀ ਗੁਰਦੁਆਰਾ ਅਤੇ ਮੰਦਰ ਕਮੇਟੀਆਂ ਨਾਲ ਮੀਟਿੰਗਾਂ ਕਰਨ ’ਤੇ ਲਾਈ ਹੋਈ ਹੈ।

ਉਧਰ ਕਾਂਗਰਸ ਦੀ ਅੰਦਰੂਨੀ ਪਾਟੋ-ਧਾੜ ਸਿਖਰ ’ਤੇ ਪਹੁੰਚ ਗਈ ਹੈ। ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਅਤੇ ਪਾਰਟੀ ਪ੍ਰਧਾਨ ਰਾਜਾ ਵੜਿੰਗ ਦੀ ਆਪਸੀ ਖਿੱਚੋਤਾਣ ਤਿੱਖੀ ਹੋ ਗਈ ਹੈ। ਕਾਂਗਰਸ ’ਚ ਖਿੱਚੋਤਾਣ ਨਾਲ ‘ਆਪ’ ਨੂੰ ਧਰਵਾਸ ਹੈ। ਸਿਆਸੀ ਹਲਕਿਆਂ ਮੁਤਾਬਕ ਜੇ ਕਾਂਗਰਸ ਹੁਣ ਵੀ ਇਕਜੁੱਟ ਹੋ ਕੇ ਮੈਦਾਨ ’ਚ ਆ ਜਾਵੇ ਤਾਂ ਨਤੀਜਾ ਕੁਝ ਹੋਰ ਹੀ ਹੋ ਸਕਦਾ ਹੈ।

ਲੁਧਿਆਣਾ ਪੱਛਮੀ ਦੇ ਇੱਕ ਸੀਨੀਅਰ ਆਗੂ ਦਲਜੀਤ ਸਿੰਘ ਕੁਰਦ ਨੇ ਕਿਹਾ ਕਿ ਮੁਕਾਬਲਾ ਫਸਵਾਂ ਹੈ ਅਤੇ ਕਿਸੇ ਲਈ ਵੀ ਰਾਹ ਸੌਖਾ ਨਹੀਂ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਿਦੇਸ਼ ਤੋਂ ਪਰਤ ਆਏ ਹਨ। ਜਾਣਕਾਰੀ ਮੁਤਾਬਕ ਉਹ ਧੜਿਆਂ ਨੂੰ ਇਕਜੁੱਟ ਕਰਨ ਵਾਸਤੇ ਕੋਸ਼ਿਸ਼ਾਂ ਕਰ ਰਹੇ ਹਨ। ਆਉਂਦੇ ਦਿਨਾਂ ਵਿੱਚ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਵੀ ਲੁਧਿਆਣਾ ਆਉਣਗੇ। ‘ਆਪ’ ਨੇ ਉਪ ਚੋਣ ’ਚ ਵਿਰੋਧੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਮੁਖ਼ਾਤਿਬ ਹੋ ਕੇ ‘ਹੰਕਾਰ ਤੇ ਪਿਆਰ’ ਦੀ ਟੱਕਰ ਦਾ ਨਾਅਰਾ ਦਿੱਤਾ ਹੈ ਜਦੋਂ ਕਿ ਕਾਂਗਰਸ ਨੇ ‘ਦਿੱਲੀਵਾਲੇ’ ਦਾ ਨਾਅਰਾ ਦਿੱਤਾ ਹੈ। ‘ਆਪ’ ਦੇ ਆਗੂ ਆਖਦੇ ਹਨ ,‘ਅਸੀਂ ਕੰਮ ਕਰਾਂਗੇ, ਉਹ ਝਗੜਾ ਕਰਨਗੇ।’ ਇਸੇ ਤਰ੍ਹਾਂ ਕਾਂਗਰਸੀ ਨੇਤਾ ਪ੍ਰਚਾਰ ਕਰ ਰਹੇ ਹਨ ਕਿ ‘ਸੰਜੀਵ ਅਰੋੜਾ ਤਾਂ ਬਹਾਨਾ ਹੈ, ਕੇਜਰੀਵਾਲ ਨੇ ਰਾਜ ਸਭਾ ਜਾਣਾ ਹੈ।’ ਆਉਂਦੇ ਦਿਨਾਂ ’ਚ ਵੱਡੀਆਂ ਸਿਆਸੀ ਹਸਤੀਆਂ ਇਸ ਹਲਕੇ ’ਚ ਨਜ਼ਰ ਆਉਣਗੀਆਂ।

# ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨਤੀਜੇ ਕਈ ਆਗੂਆਂ ਦਾ ਭਵਿੱਖ ਕਰਨਗੇ ਤੈਅ

## ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਕਈ ਆਗੂਆਂ ਦੀ ਸ਼ਾਖ ਦਾਅ ’ਤੇ



ਲੁਧਿਆਣਾ : ਲੁਧਿਆਣਾ ਦੇ ਵਿਧਾਨ ਸਭਾ ਹਲਕਾ ਪੱਛਮੀ ’ਚ ਹੋਣ ਜਾ ਰਹੀ ਜ਼ਿਮਨੀ ਚੋਣ ਦੇ ਚੱਲ ਰਹੇ ਚੋਣ ਪ੍ਰਚਾਰ ਨੂੰ ਲੈ ਕੇ ਸੂਬੇ ਭਰ ਦੇ ਲੋਕਾਂ ਦੀਆਂ ਨਜ਼ਰਾਂ ਲੁਧਿਆਣਾ ਉਪਰ ਟਿਕੀਆਂ ਹੋਈਆਂ ਹਨ। ਇਸ ਜ਼ਿਮਨੀ ਚੋਣ ਦੇ ਨਤੀਜੇ ਆਮ ਆਦਮੀ ਪਾਰਟੀ, ਸੂਬਾ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਭਵਿੱਖ ਪੰਜਾਬ ਦੀ ਸਿਆਸਤ ’ਚ ਤੈਅ ਕਰਨਗੇ। ਜ਼ਿਮਨੀ ਚੋਣ ’ਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਲਈ ਆਸਵੰਦ ‘ਆਪ’, ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂ ਲੁਧਿਆਣਾ ’ਚ ਡੇਰੇ ਜਮਾ ਕੇ ਬੈਠੇ ਹਨ। ਇਹ ਚੋਣ ਸਭ ਤੋਂ ਜ਼ਿਆਦਾ ਅਹਿਮ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਮੰਨੀ ਜਾ ਰਹੀ ਹੈ, ਕਿਉਂਕਿ 2022 ਦੀਆਂ ਵਿਧਾਨ ਸਭਾ ਚੋਣਾਂ ’ਚ ਭਾਵੇਂ ਆਸ਼ੂ ‘ਆਪ’ ਦੇ ਉਮੀਦਵਾਰ ਮਰਹੂਮ ਗੁਰਪ੍ਰੀਤ ਗੋਗੀ ਬੱਸੀ ਤੋਂ ਚੋਣ 7512 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ, ਪਰ ਸਾਲ 2024 ’ਚ ਹੋਈਆਂ ਲੋਕ ਸਭਾ ਚੋਣਾਂ ’ਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਹੋਈ ਜਿੱਤ ਨੇ ਕਾਂਗਰਸ ਪਾਰਟੀ ਦੇ ਵਰਕਰਾਂ ’ਚ ਇਕ ਨਵਾਂ ਜੋਸ਼ ਭਰਿਆ। ਇਸ ਵਿਚਾਲੇ ਆਸ਼ੂ ਅਤੇ ਵੜਿੰਗ ਦੀ ਅੰਦਰੂਨੀ ਖਾਨਾਜੰਗੀ ਵੀ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ। ਫਿਰ ਵੀ ਆਸ਼ੂ ਕਾਂਗਰਸ ਦੇ ਹੋਰ ਕਈ ਉਚ ਆਗੂਆਂ ਦੇ ਨਾਲ ਚੋਣ ਮੈਦਾਨ ’ਚ ਪੂਰੇ ਜੋਸ਼ ਨਾਲ ਡਟੇ ਹੋਏ ਹਨ। ਆਸ਼ੂ ਦੀ ਜਿੱਤ ਪੰਜਾਬ ਅੰਦਰ ਕਾਂਗਰਸ ਦਾ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਵਿੱਖ ਤੈਅ ਕਰੇਗੀ ਅਤੇ ਹਾਰ ਆਸ਼ੂ ਦੇ ਸਿਆਸੀ ਗ੍ਰਾਫ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਹੈ। ਉਥੇ ‘ਆਪ’ ਉਮੀਦਵਾਰ ਅਤੇ ਸੰਸਦ ਮੈਂਬਰ ਸੰਜੀਵ ਅਰੋੜਾ ਜੇਕਰ ਜ਼ਿਮਨੀ ਚੋਣ ਜਿੱਤਦੇ ਹਨ ਤਾਂ ਉਨ੍ਹਾਂ ਨੂੰ ਪੰਜਾਬ ਸਰਕਾਰ ’ਚ ਵੱਡਾ ਅਹੁਦਾ ਮਿਲ ਸਕਦਾ ਹੈ ਅਤੇ ਰਾਜ ਸਭਾ ਤੋਂ ਅਸਤੀਫ਼ਾ ਦੇਣ ਦੇ ਬਾਅਦ ਇਹ ਸੀਟ ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜਾਂ ਮਨੀਸ਼ ਸਿਸੋਦੀਆਂ ਦੋਵਾਂ ’ਚੋਂ ਇਕ ਦੇ ਹਿੱਸੇ ਆਉਣ ਦੀ ਸੰਭਾਵਨਾ ਹੈ। ਇਸ ਲਈ ਸੰਜੀਵ ਅਰੋੜਾ ਦੀ ਜਿੱਤ ਅਤੇ ਅਰਵਿੰਦ ਕੇਜਰੀਵਾਲ ਦੇ ਸਿਆਸੀ ਭਵਿੱਖ ਲਈ ਮੁੱਖ ਮੰਤਰੀ ਮਾਨ ਸਮੇਤ ਪੂਰੀ ਪੰਜਾਬ ਕੈਬਨਿਟ ਚੋਣ ਮੈਦਾਨ ’ਚ ਉਤਰੀ ਹੋਈ ਹੈ। ਜ਼ਿਮਨੀ ਚੋਣ ਹਾਰਨ ਦੀ ਸੂਰਤ ’ਚ ਭਾਵੇਂ ਸੰਜੀਵ ਅਰੋੜਾ ਦੀ ਰਾਜ ਸਭਾ ਮੈਂਬਰੀ ਬਣੀ ਰਹੇਗੀ, ਪਰ ਪੰਜਾਬ ਦੀ ਸਿਆਸਤ ’ਚ ਆਮ ਆਦਮੀ ਪਾਰਟੀ, ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਸ਼ਾਖ ਨੂੰ ਸੱਟ ਜ਼ਰੂਰ ਵੱਜੇਗੀ। ਜ਼ਿਮਨੀ ਚੋਣ ਦੇ ਨਤੀਜੇ ਸ਼੍ਰੋਮਣੀ ਅਕਾਲੀ ਦਲ ਲਈ ਵੀ ਅਹਿਮ ਮੰਨੇ ਜਾ ਰਹੇ ਹਨ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੀ ਜਿੱਤ ਜਿੱਥੇ ਉਨ੍ਹਾਂ ਦੇ ਸਿਆਸੀ ਭਵਿੱਖ ਨੂੰ ਮਜ਼ਬੂਤ ਬਣਾਏਗੀ, ਉਥੇ ਹੀ ਸ਼੍ਰੋਮਣੀ ਅਕਾਲੀ ਦਲ ਦੇ ਡਿੱਗੇ ਹੋਏ ਰਾਜਨੀਤਿਕ ਗ੍ਰਾਫ ਲਈ ਵੀ ਕਾਫ਼ੀ ਲਾਹੇਵੰਦ ਹੋਵੇਗੀ ਅਤੇ 2027 ਦੀ ਵਿਧਾਨ ਸਭਾ ਚੋਣ ’ਚ ਪਾਰਟੀ ਲਈ ਬੂਸਟਰ ਡੋਜ਼ ਦਾ ਕੰਮ ਕਰੇਗੀ। ਜ਼ਿਮਨੀ ਚੋਣ ਲਈ ਆਪਣੇ ਉਮੀਦਵਾਰ ਦੇ ਨਾਂਅ ਦਾ ਐਲਾਨ ਕਰਨ ’ਚ ਪਛੜੀ ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਆਗੂਆਂ ਵਲੋਂ ਜੀਵਨ ਗੁਪਤਾ ਦੀ ਜਿੱਤ ਦਾ ਦਾਅਵਾ ਕੀਤਾ ਜਾ ਰਿਹਾ ਹੈ। ਭਾਜਪਾ ਦੇ ਕੇਂਦਰੀ ਅਤੇ ਪੰਜਾਬ ਦੇ ਆਗੂਆਂ ਵਲੋਂ ਜੀਵਨ ਗੁਪਤਾ ਦੇ ਹੱਕ ’ਚ ਚੋਣ ਪ੍ਰਚਾਰ ’ਚ ਤੇਜ਼ੀ ਲਿਆਂਦੀ ਜਾ ਰਹੀ ਹੈ। ਜੇਕਰ ਜੀਵਨ ਗੁਪਤਾ ਇਸ ਜ਼ਿਮਨੀ ਚੋਣ ’ਚ ਜਿੱਤ ਦਰਜ ਕਰਦੇ ਹਨ ਤਾਂ ਭਾਰਤੀ ਜਨਤਾ ਪਾਰਟੀ ਲਈ 2027 ਦੀਆਂ ਚੋਣਾਂ ਵਾਸਤੇ ਵਰਦਾਨ ਸਾਬਤ ਹੋਵੇਗਾ ਅਤੇ ਹਾਰਨ ਦੀ ਸੂਰਤ ’ਚ ਭਾਜਪਾ ਦਾ ਪੁਰਾਣਾ ਵੋਟ ਬੈਂਕ ਬਣਿਆ ਰਹਿ ਸਕਦਾ ਹੈ, ਜੋ ਲੋਕ ਸਭਾ ਚੋਣਾਂ ’ਚ ਭਾਜਪਾ ਲਈ ਜ਼ਰੂਰੀ ਮੰਨਿਆ ਜਾਂਦਾ ਹੈ।

# ਟਿੱਪਰ ਮਾਲਕਾਂ ਨੂੰ ਬਚਾਉਣ ਵਾਲਿਆਂ ਖ਼ਿਲਾਫ਼ ਹੋਵੇਗੀ ਕਾਰਵਾਈ: ਮਾਨ

## ਮੁੱਖ ਮੰਤਰੀ ਨੇ ਸੜਕ ਹਾਦਸੇ ’ਚ ਜਾਨਾਂ ਗੁਆਉਣ ਵਾਲੇ ਬੱਚਿਆਂ ਦੇ ਪਰਿਵਾਰਾਂ ਨਾਲ ਦੁੱਖ ਵੰਡਾਇਆ



ਸਮਾਣਾ : ਸੜਕ ਹਾਦਸੇ ਵਿੱਚ ਸੱਤ ਬੱਚਿਆਂ ਦੀ ਮੌਤ ਮਾਮਲੇ ’ਚ ਮਹੀਨੇ ਤੋਂ ਇਨਸਾਫ਼ ਮੰਗ ਰਹੇ ਮਾਪਿਆਂ ਨਾਲ ਅੱਜ ਆਖਰ ਦੁੱਖ ਸਾਂਝਾ ਕਰਨ ਲਈ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੀੜਤਾਂ ਨੂੰ ਇਨਸਾਫ ਦਾ ਭਰੋਸਾ ਦਿੱਤਾ ਹੈ। ਸਮਾਣਾ ਦੇ ਰੈਸਟ ਹਾਊਸ ’ਚ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਇਸ ਮਾਮਲੇ ’ਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਇਸ ਮਾਮਲੇ ਵਿੱਚ ਕਿਸੇ ਅਫਸਰ, ‘ਆਪ’ ਵਰਕਰ, ਵਿਧਾਇਕ ਜਾਂ ਕਿਸੇ ਹੋਰ ਨੇ ਆਪਣਾ ਰਸੂਖ ਵਰਤ ਕੇ ਟਿੱਪਰ ਮਾਲਕਾਂ ਨੂੰ ਬਚਾਉਣ ’ਚ ਮਦਦ ਕੀਤੀ ਹੋਈ, ਤਾਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਲਾਕੇ ਵਿੱਚ ਮਾਈਨਿੰਗ ਕਰਨ ਵਾਲਿਆਂ ਖ਼ਿਲਾਫ਼ ਵੀ ਉੱਚ ਪੱਧਰੀ ਜਾਂਚ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਮਹੀਨਾ ਪਹਿਲਾਂ ਇੱਕ ਗੱਡੀ ਦੀ ਟਿੱਪਰ ਨਾਲ ਟਕਰਾਉਣ ਕਾਰਨ ਪਟਿਆਲਾ ਸਕੂਲ ’ਚੋਂ ਪੜ੍ਹ ਕੇ ਆ ਰਹੇ ਸੱਤ ਬੱਚਿਆਂ ਤੇ ਵਾਹਨ ਚਾਲਕ ਦੀ ਮੌਤ ਹੋ ਗਈ ਸੀ। ਮਾਨ ਨੇ ਕਿਹਾ ਕਿ ਹੋ ਸਕਦਾ ਹੈ ਕਿ ਬੱਚਿਆਂ ਦੀ ਇਸ ਕੁਰਬਾਨੀ ਨਾਲ ਕੋਈ ਵੱਡਾ ਘਪਲਾ ਸਾਹਮਣੇ ਆ ਆਵੇ, ਜਿਸ ਨਾਲ ਬੱਚਿਆਂ ਦੀ ਆਤਮਾ ਨੂੰ ਸ਼ਾਂਤੀ ਮਿਲ ਸਕੇ। ਉਨ੍ਹਾਂ ਪੁਲੀਸ ਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਓਵਰਲੋਡ ਟਿੱਪਰਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ, ਤਾਂ ਜੋ ਅੱਗੇ ਤੋਂ ਕੋਈ ਅਜਿਹੀ ਅਣਸੁਖਾਵੀਂ ਘਟਨਾ ਨਾ ਹੋਵੇ। ਮੁੱਖ ਮੰਤਰੀ ਦੀ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਸਮੇਂ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੀ ਗੈਰ-ਹਾਜ਼ਰੀ ਅਤੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਰਵਿੰਦਰ ਕੌਰ ਦੀ ਹਾਜ਼ਰੀ ਸਿਆਸੀ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

# 57 ਸਾਲਾਂ ’ਚ ਪਹਿਲੀ ਵਾਰ ਕਸ਼ਮੀਰ ’ਚ ਰਿਕਾਰਡ ਤੋੜ ਗਰਮੀ



ਸ੍ਰੀਨਗਰ : ਕਸ਼ਮੀਰ ’ਚ ਇਸ ਸਾਲ ਗਰਮੀ ਦੀ ਲਹਿਰ ਚੱਲ ਰਹੀ ਹੈ। ਤਾਪਮਾਨ ਆਮ ਨਾਲੋਂ 5 ਡਿਗਰੀ ਸੈਲਸੀਅਸ ਵੱਧ ਦਰਜ ਕੀਤਾ ਗਿਆ ਹੈ, ਜਿਸ ਦਾ ਅਸਰ ਗਲੇਸ਼ੀਅਰਾਂ, ਸੈਲਾਨੀਆਂ ਅਤੇ ਸਿਹਤ ਖੇਤਰ ’ਤੇ ਪੈ ਰਿਹਾ ਹੈ। 22 ਮਈ, 2025 ਨੂੰ ਸ੍ਰੀਨਗਰ ’ਚ ਵੱਧ ਤੋਂ ਵੱਧ ਤਾਪਮਾਨ 34.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ, ਜੋ 57 ਸਾਲਾਂ ’ਚ ਮਈ ਦਾ ਸਭ ਤੋਂ ਵੱਧ ਤਾਪਮਾਨ ਅਤੇ ਸ਼ਹਿਰ ’ਚ ਹੁਣ ਤੱਕ ਦਾ ਤੀਜਾ ਸਭ ਤੋਂ ਵੱਧ ਤਾਪਮਾਨ ਹੈ। ਸ੍ਰੀਨਗਰ ’ਚ 10 ਜੂਨ, 2025 ਨੂੰ ਵੱਧ ਤੋਂ ਵੱਧ ਤਾਪਮਾਨ 33.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਤੋਂ 5.3 ਡਿਗਰੀ ਵੱਧ ਹੈ। ਕਾਜੀਗੁੰਡ ’ਚ ਵੱਧ ਤੋਂ ਵੱਧ ਤਾਪਮਾਨ 33.6 ਡਿਗਰੀ ਸੈਲਸੀਅਸ (ਆਮ ਨਾਲੋਂ 6.8 ਡਿਗਰੀ ਸੈਲਸੀਅਸ ਵੱਧ), ਪਹਿਲਗਾਮ ’ਚ ਵੱਧ ਤੋਂ ਵੱਧ ਤਾਪਮਾਨ 28.7 ਡਿਗਰੀ ਸੈਲਸੀਅਸ (ਆਮ ਨਾਲੋਂ 4.8 ਡਿਗਰੀ ਸੈਲਸੀਅਸ ਵੱਧ), ਕੁਪਵਾੜਾ ’ਚ ਵੱਧ ਤੋਂ ਵੱਧ ਤਾਪਮਾਨ 32.5 ਡਿਗਰੀ ਸੈਲਸੀਅਸ (ਆਮ ਨਾਲੋਂ 4.5 ਡਿਗਰੀ ਸੈਲਸੀਅਸ ਵੱਧ), ਗੁਲਮਰਗ ’ਚ ਵੱਧ ਤੋਂ ਵੱਧ ਤਾਪਮਾਨ 23 ਡਿਗਰੀ ਸੈਲਸੀਅਸ (ਆਮ ਨਾਲੋਂ 4.3 ਡਿਗਰੀ ਸੈਲਸੀਅਸ ਵੱਧ) ਦਰਜ ਕੀਤਾ ਗਿਆ।

# ਜ਼ਮੈਟੋ ਮੁਲਾਜ਼ਮ ਦੇ ਘਰੋਂ ਮਿਲੀ ਔਰਤ ਦੀ ਲਾਸ਼

## ਮੁਲਜ਼ਮ ਖਿਲਾਫ਼ ਕੇਸ ਦਰਜ; ਮੁਲਜ਼ਮ ਦੇ ਘਰ ਰੋਟੀ ਬਣਾਉਣ ਆਉਂਦੀ ਸੀ ਮਹਿਲਾ

ਪਟਿਆਲਾ : ਲੋਕਾਂ ਦੇ ਘਰਾਂ ’ਚ ਕੰਮ ਕਰਦੀ ਦਾਰੂ ਕੁਟੀਆ ਦੀ ਰਜਨੀ (35) ਦੀ ਸੂਇਆਂ ਨਾਲ ਵਿੰਨ੍ਹੀ ਤੇ ਖ਼ੂਨ ਨਾਲ ਲੱਥ ਪੱਥ ਲਾਸ਼ ਜ਼ੁਮੈਟੋ ਮੁਲਾਜ਼ਮ ਕੁਲਬੀਰ ਸਿੰਘ ਘੁੰਮਣ ਦੇ ਘਰੋਂ ਮਿਲੀ ਹੈ। ਉਸ ਦਾ ਘਰ ਇਥੇ ਗੁਰੂ ਨਾਨਕ ਫਾਊਂਡੇਸ਼ਨ ਸਕੂਲ ਨੇੜੇ ਸਥਿਤ ਗੁਰਮਤਿ ਇਨਕਲੇਵ ਵਿੱਚ ਹੈ। ਪੀੜਤ ਪਰਿਵਾਰ ਅਨੁਸਾਰ ਇਸ ਘਰ ’ਚ ਉਹ ਰੋਟੀ ਪਕਾਉਂਦੀ ਸੀ ਤੇ ਪਰਿਵਾਰ ਇਸ ਵਿਅਕਤੀ ਨੂੰ ਹੀ ਰਜਨੀ ਦਾ ਕਾਤਲ ਮੰਨ ਰਿਹਾ ਹੈ। ਥਾਣਾ ਪਸਿਆਣਾ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਮ੍ਰਿਤਕਾ ਦੀ ਧੀ ਦਾ ਕਹਿਣਾ ਹੈ ਕਿ ਉਸ ਦੀ ਮਾਂ ਕੁਲਬੀਰ ਸਿੰਘ ਦੇ ਘਰ ਰੋਟੀ ਬਣਾਉਂਦੀ ਸੀ। ਇਸ ਤਹਿਤ ਉਹ 9 ਜੂਨ ਨੂੰ ਵੀ ਰੋਟੀ ਬਣਾਉਣ ਲਈ ਗਈ ਸੀ। ਉਸ ਨੂੰ ਫੋਨ ਕਰਕੇ ਕਿਹਾ ਸੀ ਕਿ ਉਹ ਸ਼ਾਮੀ 6 ਵਜੇ ਆ ਜਾਵੇਗੀ। ਮਗਰੋਂ ਉਸ ਦਾ ਫੋਨ ਬੰਦ ਆਇਆ। ਫੇਰ ਕੁਲਬੀਰ ਸਿੰਘ ਨੂੰ ਫੋਨ ਕੀਤਾ ਤਾਂ ਪਹਿਲਾਂ ਤਾਂ ਉਸ ਨੇ ਚੁੱਕਿਆ ਨਹੀਂ ਤੇ ਫੇਰ ਫੋਨ ਬੰਦ ਕਰ ਲਿਆ। ਅੱਜ ਸਵੇਰੇ ਜਦੋਂ ਜਾ ਕੇ ਦੇਖਿਆ ਤਾਂ ਉਸ ਦੇ ਘਰ ਰਜਨੀ ਦੀ ਲਾਸ਼ ਪਈ ਸੀ। ਮਗਰੋਂ ਪੁਲੀਸ ਨੇ ਲਾਸ਼ ਸਰਕਾਰੀ ਰਾਜਿੰਦਰਾ ਹਸਪਤਾਲ ਪੁੱਜਦੀ ਕੀਤੀ ਤੇ ਫੇਰ ਕਾਰਵਾਈ ਅਮਲ ’ਚ ਲਿਆਂਉਂਦਿਆਂ ਕੁਲਬੀਰ ਸਿੰਘ ਦੇ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਪੁਲੀਸ ਮੁਤਾਬਕ ਉਹ ਜੁਮੈਟੋ ਵਿੱਚ ਕੰਮ ਕਰਦਾ ਹੈ।



# ਬੰਗਲੂਰੂ ਭਗਦੜ: ਭਾਜਪਾ ਨੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦਾ ਅਸਤੀਫ਼ਾ ਮੰਗਿਆ

## ਮਾਮਲੇ ਵਿੱਚ ਦਖ਼ਲ ਦੇਣ ਅਤੇ ਸਰਕਾਰ ਨੂੰ ਬਰਖ਼ਾਸਤ ਕਰਨ ਦੀ ਮੰਗ ਨੂੰ ਲੈ ਕੇ ਰਾਜਪਾਲ ਨੂੰ ਮਿਲਣਗੇ ਭਾਜਪਾ ਆਗੂ






ਬੰਗਲੂਰੂ : ਭਾਰਤੀ ਜਨਤਾ ਪਾਰਟੀ ਦੀ ਕਰਨਾਟਕ ਇਕਾਈ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵੱਲੋਂ ਅੱਜ ਇੱਥੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਅਤੇ ਬੰਗਲੂਰੂ ਵਿੱਚ ਹੋਈ ਭਗਦੜ ਦੇ ਮਾਮਲੇ 'ਚ ਮੁੱਖ ਮੰਤਰੀ ਸਿੱਧਾਰਮੱਈਆ ਅਤੇ ਉਪ ਮੁੱਖ ਮੰਤਰੀ ਡੀਕੇ ਸ਼ਿਵਕੁਮਾਰ ਦੇ ਅਸਤੀਫਿਆਂ ਦੀ ਮੰਗ ਕੀਤੀ ਗਈ। ਇਸ ਭਗਦੜ ਵਿੱਚ 11 ਵਿਅਕਤੀਆਂ ਦੀ ਮੌਤ ਹੋ ਗਈ ਸੀ।

ਵਿਧਾਨ ਸਭਾ ਕੰਪਲੈਕਸ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਦੇ ਸਾਹਮਣੇ ਕੀਤੇ ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਆਰ ਅਸ਼ੋਕ ਅਤੇ ਵਿਧਾਨ ਕੌਂਸਲ ਵਿੱਚ ਵਿਰੋਧੀ ਧਿਰ ਦੇ ਨੇਤਾ ਸੀ ਨਾਰਾਇਣਸਵਾਮੀ ਨੇ ਕੀਤੀ। ਭਾਜਪਾ ਆਗੂਆਂ ਨੇ ਕਾਂਗਰਸ ਦੇ ਦੋਵੇਂ ਸੀਨੀਅਰ ਆਗੂਆਂ ਨੂੰ ਤ੍ਰਾਸਦੀ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਹੱਥ ਵਿੱਚ ਤਖ਼ਤੀਆਂ ਲੈ ਕੇ ਪ੍ਰਦਰਸ਼ਨਕਾਰੀਆਂ ਨੇ ਸਰਕਾਰ 'ਤੇ ਲਾਪ੍ਰਵਾਹੀ ਵਰਤਣ ਦਾ ਦੋਸ਼ ਲਗਾਉਂਦੇ ਹੋਏ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ 'ਹੱਤਿਆਰੇ' ਦੱਸਦੇ ਹੋਏ ਵੀ ਨਾਅਰੇ ਲਗਾਏ। ਭਾਜਪਾ ਆਗੂ ਜਲਦੀ ਹੀ ਰਾਜਪਾਲ ਥਾਵਰਚੰਦ ਗਹਿਲੋਤ ਨੂੰ ਮਿਲਣ ਦੀ ਯੋਜਨਾ ਬਣਾ ਰਹੇ ਹਨ। ਉਹ ਰਾਜਪਾਲ ਨੂੰ ਮਾਮਲੇ ਵਿੱਚ ਦਖ਼ਲ ਦੇਣ ਅਤੇ ਸਰਕਾਰ ਨੂੰ ਬਰਖ਼ਾਸਤ ਕਰਨ ਦੀ ਮੰਗ ਕਰਨਗੇ। ਇਹ ਭਗਦੜ 4 ਜੂਨ ਸ਼ਾਮ ਨੂੰ ਇੱਥੇ ਚਿੰਨਾਸਵਾਮੀ ਸਟੇਡੀਅਮ ਦੇ ਸਾਹਮਣੇ ਹੋਈ ਸੀ, ਜਿੱਥੇ ਵੱਡੀ ਗਿਣਤੀ ਲੋਕ ਆਰਸੀਬੀ ਟੀਮ ਦੀ ਆਈਪੀਐੱਲ ਵਿੱਚ ਹੋਈ ਜਿੱਤ ਦੇ ਜਸ਼ਨ ਵਿੱਚ ਸ਼ਾਮਲ ਹੋਣ ਲਈ ਇਕੱਤਰ ਹੋਏ ਸਨ। ਇਸ ਘਟਨਾ ਵਿੱਚ 11 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 56 ਜਣੇ ਜ਼ਖ਼ਮੀ ਹੋ ਗਏ ਸਨ।

## ਸੈਲਾਨੀ ਬਿਆਸ ਨਦੀ 'ਚ ਰਾਫਟਿੰਗ ਦਾ ਆਨੰਦ ਮਾਣਿਆ



ਕੁੱਲੂ : ਐਤਵਾਰ ਨੂੰ ਕੁੱਲੂ ਵਿੱਚ ਗਰਮੀਆਂ ਦੇ ਮੌਸਮ ਦੌਰਾਨ ਸੈਲਾਨੀ ਬਿਆਸ ਨਦੀ ਵਿੱਚ ਰਾਫਟਿੰਗ ਦਾ ਆਨੰਦ ਮਾਣਦੇ ਹਨ।

## ਗਰਮੀ ਤੋਂ ਰਾਹਤ ਲਈ ਸੈਲਾਨੀਆਂ ਨੇ ਕੁਦਰਤੀ ਬਸੰਤ ਦਾ ਮਾਣਿਆ ਅਨੰਦ



ਦੇਹਰਾਦੂਨ : ਸੈਲਾਨੀ ਦੇਹਰਾਦੂਨ ਵਿੱਚ ਗਰਮੀਆਂ ਦੇ ਦਿਨ ਤੇਜ਼ ਗਰਮੀ ਤੋਂ ਆਪਣੇ ਆਪ ਨੂੰ ਠੰਢਾ ਕਰਨ ਲਈ ਸਹਸਤਰਧਾਰਾ ਕੁਦਰਤੀ ਬਸੰਤ ਦਾ ਆਨੰਦ ਮਾਣਦੇ ਹਨ।

ਜ਼ਿਕਰਯੋਗ ਹੈ ਕਿ ਦੇਹਰਾਦੂਨ ਦੀਆਂ ਸ਼ਾਂਤ ਪਹਾੜੀਆਂ ਵਿੱਚ ਸਥਿਤ, ਸਹਸਤਰਧਾਰਾ (ਸ਼ਾਬਦਿਕ ਅਰਥ 'ਹਜ਼ਾਰ-ਫੋਲਡ ਬਸੰਤ') ਇੱਕ ਕੁਦਰਤੀ ਅਜੂਬਾ ਹੈ ਜੋ ਸੈਲਾਨੀਆਂ ਨੂੰ ਆਪਣੇ ਇਲਾਜ ਵਾਲੇ ਪਾਣੀਆਂ ਅਤੇ ਸ਼ਾਨਦਾਰ ਦ੍ਰਿਸ਼ਾਂ ਨਾਲ ਆਕਰਸ਼ਿਤ ਕਰਦਾ ਹੈ। ਸ਼ਹਿਰ ਦੇ ਦਿਲ ਤੋਂ ਲਗਭਗ 14 ਕਿਲੋਮੀਟਰ ਦੀ ਦੂਰੀ 'ਤੇ ਸਥਿਤ, ਇਹ ਸ਼ਾਨਦਾਰ ਸਥਾਨ ਆਪਣੇ ਗੰਧਕ ਨਾਲ ਭਰਪੂਰ ਝਰਨੇ, ਇਲਾਜ ਸੰਬੰਧੀ ਗੁਣਾਂ ਅਤੇ ਸਾਹ ਲੈਣ ਵਾਲੀ ਸੁੰਦਰਤਾ ਲਈ ਮਸ਼ਹੂਰ ਹੈ। ਹਰੇ-ਭਰੇ ਪਹਾੜੀਆਂ ਅਤੇ ਚੂਨੇ ਦੀਆਂ ਚੱਟਾਨਾਂ ਨਾਲ ਘਿਰਿਆ, ਸਹਸਤਰਧਾਰਾ ਉੱਤਰਾਖੰਡ ਵਿੱਚ ਇੱਕ ਪ੍ਰਸਿੱਧ ਸੈਲਾਨੀ ਸਥਾਨ ਹੈ, ਜੋ ਆਰਾਮ ਅਤੇ ਕੁਦਰਤ ਦੇ ਅਜੂਬਿਆਂ ਦੀ ਝਲਕ ਦੋਵਾਂ ਦੀ ਪੇਸ਼ਕਸ਼ ਕਰਦਾ ਹੈ। ਸਹਸਤ੍ਰਧਾਰਾ ਆਪਣੇ ਗੰਧਕ ਦੇ ਚਸ਼ਮੇ ਲਈ ਸਭ ਤੋਂ ਵੱਧ ਜਾਣਿਆ ਜਾਂਦਾ ਹੈ, ਜਿਨ੍ਹਾਂ ਵਿੱਚ ਚਿਕਿਤਸਕ ਅਤੇ ਇਲਾਜ ਦੇ ਗੁਣ ਹੋਣ ਦਾ ਵਿਸ਼ਵਾਸ ਹੈ। ਇੱਥੋਂ ਦਾ ਪਾਣੀ, ਗੰਧਕ ਨਾਲ ਭਰਪੂਰ, ਚੂਨੇ ਦੇ ਪੱਥਰਾਂ ਦੇ ਸਟੈਲੇਕਟਾਈਟਸ ਵਿੱਚੋਂ ਵਗਦਾ ਹੈ ਜੋ ਇਸਦੀ ਖਣਿਜ ਸਮੱਗਰੀ ਨੂੰ ਵਧਾਉਂਦੇ ਹਨ। ਮੰਨਿਆ ਜਾਂਦਾ ਹੈ ਕਿ ਇਸ ਠੰਡੇ, ਗੰਧਕ ਨਾਲ ਭਰੇ ਪਾਣੀ ਵਿੱਚ ਡੁਬਕੀ ਲਗਾਉਣ ਨਾਲ ਕਈ ਸਿਹਤ ਲਾਭ ਹੁੰਦੇ ਹਨ, ਖਾਸ ਕਰਕੇ ਚਮੜੀ, ਜੋੜਾਂ ਅਤੇ ਮਾਸਪੇਸ਼ੀਆਂ ਲਈ। ਪਾਣੀ ਦੀ ਵਿਲੱਖਣ ਵਿਸ਼ੇਸ਼ਤਾ - ਆਲੇ ਦੁਆਲੇ ਦੇ ਖੇਤਰ ਦੇ ਮੁਕਾਬਲੇ ਇਸਦਾ ਥੋੜ੍ਹਾ ਜਿਹਾ ਠੰਡਾ ਤਾਪਮਾਨ - ਇਸਦੀ ਤਾਜ਼ਗੀ ਭਰੀ ਅਪੀਲ ਨੂੰ ਵਧਾਉਂਦਾ ਹੈ, ਇਸਨੂੰ ਆਰਾਮ ਅਤੇ ਤਾਜ਼ਗੀ ਲਈ ਇੱਕ ਆਦਰਸ਼ ਸਥਾਨ ਬਣਾਉਂਦਾ ਹੈ।

## ਅਲੀਪੁਰ ਚਿੜੀਆਘਰ ਵਿੱਚ ਪੇਂਟ ਕੀਤੇ ਸਟੋਰਕ



ਕੋਲਕਾਤਾ : ਐਤਵਾਰ ਨੂੰ ਕੋਲਕਾਤਾ ਦੇ ਅਲੀਪੁਰ ਚਿੜੀਆਘਰ ਵਿੱਚ, ਉਨ੍ਹਾਂ ਦੇ ਘੇਰੇ ਦੇ ਅੰਦਰ ਪੇਂਟ ਕੀਤੇ ਸਟੋਰਕ ਦੇਖੇ ਗਏ। ਜ਼ਿਕਰਯੋਗ ਹੈ ਕਿ ਕੋਲਕਾਤਾ ਜ਼ੂਆਲੋਜੀਕਲ ਗਾਰਡਨ, ਅਲੀਪੁਰ ਚਿੜੀਆਘਰ ਵਿੱਚ ਪੇਂਟਡ ਸਟੌਰਕ (ਮਾਈਕਟੇਰੀਆ ਲਿਊਕੋਸੇਫਾਲਾ) ਪੰਛੀ। ਪੇਂਟਡ ਸਟੌਰਕ ਭਾਰਤੀ ਉਪ ਮਹਾਂਦੀਪ ਵਿੱਚ ਹਿਮਾਲਿਆ ਦੇ ਦੱਖਣ ਵਿੱਚ ਗਰਮ ਖੰਡੀ ਏਸ਼ੀਆ ਦੇ ਮੈਦਾਨਾਂ ਦੇ ਗਿੱਲੇ ਇਲਾਕਿਆਂ ਵਿੱਚ ਪਾਏ ਜਾਣ ਵਾਲੇ ਸਟੌਰਕ ਪਰਿਵਾਰ ਦਾ ਇੱਕ ਵੱਡਾ ਵੈਡਰ ਹੈ।

## ਰਾਹੁਲ 'ਤੇ ਟਿੱਪਣੀਆਂ ਨੂੰ ਲੈ ਕੇ ਯੂਥ ਕਾਂਗਰਸ ਨੇ ਓਡੀਸ਼ਾ ਵਿੱਚ ਕੀਤਾ ਵਿਰੋਧ ਪ੍ਰਦਰਸ਼ਨ




ਭੁਵਨੇਸ਼ਵਰ : ਓਡੀਸ਼ਾ ਯੂਥ ਕਾਂਗਰਸ (ਓਪੀਵਾਈਸੀ) ਦੇ ਸਮਰਥਕਾਂ ਨੇ ਐਤਵਾਰ ਨੂੰ ਭੁਵਨੇਸ਼ਵਰ ਵਿੱਚ ਲੋਕ ਸਭਾ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ 'ਤੇ ਪਾਤਰਾ ਦੀ ਕਥਿਤ ਟਿੱਪਣੀ ਦੇ ਵਿਰੋਧ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਬੁਲਾਰੇ ਸੰਬਿਤ ਪਾਤਰਾ ਦੇ ਘਰ ਦਾ 'ਘਿਰਾਓ' ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਪੋਸਟਰ ਅਤੇ ਬੈਨਰ ਫੜ ਕੇ, ਕਈ ਯੂਥ ਕਾਂਗਰਸ ਕਾਰਕੁਨ ਇੱਥੇ ਕਲਿੰਗਾ ਵਿਹਾਰ ਵਿੱਚ ਸ਼੍ਰੀ ਪਾਤਰਾ ਦੇ ਘਰ ਵੱਲ ਮਾਰਚ ਕਰਦੇ ਰਹੇ ਅਤੇ ਪੁਲਿਸ ਕਰਮਚਾਰੀਆਂ ਨਾਲ ਝੜਪ ਵਿੱਚ ਸ਼ਾਮਲ ਹੋ ਗਏ ਜਿਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਵਿੱਚ ਦਾਖਲ ਹੋਣ ਤੋਂ ਰੋਕਿਆ।

ਪੁਰੀ ਦੇ ਪਿਪਿਲੀ ਇਲਾਕੇ ਵਿੱਚ ਹਾਲ ਹੀ ਵਿੱਚ ਇੱਕ ਜਨਤਕ ਮੀਟਿੰਗ ਦੌਰਾਨ, ਸ਼੍ਰੀ ਪਾਤਰਾ ਨੇ ਦੋਸ਼ ਲਗਾਇਆ ਸੀ ਕਿ ਸ਼੍ਰੀ ਗਾਂਧੀ 'ਚੀਨ ਜਾਂ ਪਾਕਿਸਤਾਨ ਦੇ ਭੁਗਤਾਨ ਕੀਤੇ ਏਜੰਟ' ਹਨ। ਭਾਜਪਾ ਸੰਸਦ ਮੈਂਬਰ ਨੇ 3 ਜੂਨ ਨੂੰ ਨਵੀਂ ਦਿੱਲੀ ਵਿੱਚ ਸ਼੍ਰੀ ਗਾਂਧੀ ਬਾਰੇ ਇਸੇ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਸਨ। ਸ਼੍ਰੀ ਪਾਤਰਾ ਦੀਆਂ ਟਿੱਪਣੀਆਂ ਉਸ ਸਮੇਂ ਆਈਆਂ ਜਦੋਂ ਸ਼੍ਰੀ ਗਾਂਧੀ ਨੇ ਮੱਧ ਪ੍ਰਦੇਸ਼ ਵਿੱਚ ਇੱਕ ਪਾਰਟੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਦੋਸ਼ ਲਗਾਇਆ ਸੀ ਕਿ ਭਾਰਤ-ਪਾਕਿਸਤਾਨ ਫੌਜੀ ਟਕਰਾਅ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫ਼ੋਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਸਮਰਪਣ' ਕਰ ਦਿੱਤਾ ਸੀ।

ਯੂਥ ਕਾਂਗਰਸ ਦੇ ਕਾਰਕੁਨ ਵਿਰੋਧ ਪ੍ਰਦਰਸ਼ਨ ਵਾਲੀ ਥਾਂ 'ਤੇ ਇੱਕ ਐਂਬੂਲੈਂਸ ਵੀ ਲੈ ਕੇ ਆਏ ਸਨ, ਇਹ ਦਾਅਵਾ ਕਰਦੇ ਹੋਏ ਕਿ ਸ਼੍ਰੀ ਪਾਤਰਾ ਦੀ ਮਾਨਸਿਕ ਸਥਿਤੀ ਸਥਿਰ ਨਹੀਂ ਹੈ।

ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਰਣਜੀਤ ਪਾਤਰਾ ਨੇ ਕਿਹਾ ਕਿ ਸ਼੍ਰੀ ਪਾਤਰਾ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਪਹਿਲਾਂ, ਉਨ੍ਹਾਂ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਭਗਵਾਨ ਜਗਨਨਾਥ ਤੋਂ ਵੱਡੇ ਹਨ। ਹੁਣ, ਉਨ੍ਹਾਂ ਨੇ ਰਾਹੁਲ ਗਾਂਧੀ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ। ਅਸੀਂ ਇੱਥੇ ਉਨ੍ਹਾਂ ਨੂੰ ਐਂਬੂਲੈਂਸ ਵਿੱਚ ਮਾਨਸਿਕ ਹਸਪਤਾਲ ਲਿਜਾਣ ਲਈ ਆਏ ਹਾਂ'

## ਹਾਏ ਗਰਮੀ-ਗਰਮੀ ਕੂਕਦੇ ਸਭ ਵੱਡੇ-ਨਿੱਕੇ

# ਗਰਮੀ ਨੇ ਲੋਕਾਂ ਦੇ ਕੱਢੇ ਵੱਟ

ਨਵੀਂ ਦਿੱਲੀ : ਕੌਮੀ ਰਾਜਧਾਨੀ ਦਿੱਲੀ ਵਿੱਚ ਗਰਮੀ ਦੇ ਘੱਟ ਹੋਣ ਦੇ ਅਸਾਰ ਨਹੀਂ ਅਤੇ ਅਗਲੇ ਦਿਨਾਂ ਦੌਰਾਨ ਗਰਮੀ ਹੋਰ ਵੀ ਵਧ ਸਕਦੀ ਹੈ। ਇਸ ਸਬੰਧੀ ਮੌਸਮ ਵਿਭਾਗ ਵੱਲੋਂ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਅੱਜ ਦਿਨ ਵੇਲੇ ਲੂ ਚੱਲੀ ਅਤੇ ਤਾਪਮਾਨ 42 ਡਿਗਰੀ ਦੇ ਆਸ ਪਾਸ ਪਹੁੰਚ ਗਿਆ। ਗਰਮੀ ਕਾਰਨ ਜਾਪਦਾ ਸੀ ਕਿ ਇਹ ਤਾਪਮਾਨ 45 ਡਿਗਰੀ ਦੇ ਆਸ ਪਾਸ ਸੀ। ਹਵਾ ਵਿੱਚ ਹੁੰਮਸ 29 ਡਿਗਰੀ ਮਾਪੀ ਗਈ। ਦੁਪਹਿਰ ਵੇਲੇ ਦਿੱਲੀ ਦੀਆਂ ਸੜਕਾਂ ’ਤੇ ਆਵਾਜਾਈ ਵੀ ਘੱਟ ਗਈ। ਇਹੀ ਹਾਲਤ ਐਤਵਾਰ ਨੂੰ ਵੀ ਦਿੱਲੀ ਦੀਆਂ ਸੜਕਾਂ ’ਤੇ ਦਿਖਾਈ ਦਿੱਤੇ ਸਨ। ਦੂਜੇ ਪਾਸੇ, ਦਿੱਲੀ ਦੀ ਹਵਾ ਦੀ ਗੁਣਵੱਤਾ ਅਜੇ ਵੀ ਮਾੜੀ ਸ਼੍ਰੇਣੀ ਵਿੱਚ ਬਣੀ ਹੋਈ ਹੈ।

ਦਿੱਲੀ ਦਾ ਘੱਟੋ-ਘੱਟ ਤਾਪਮਾਨ 27.6 ਡਿਗਰੀ ਦਰਜ ਕੀਤਾ ਗਿਆ ਸੀ। ਸਾਰਾ ਦਿਨ ਸੂਰਜ ਚਮਕਦਾ ਰਿਹਾ ਅਤੇ ਅਗਲੇ ਦਿਨਾਂ ਦੌਰਾਨ ਵੀ ਅਸਮਾਨ ਤੋਂ ਵਰ੍ਹਦੀ ਗਰਮੀ ਦੇ ਰੁਕਣ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਮੌਸਮ ਵਿਭਾਗ ਨੇ ਕਿਹਾ ਕਿ ਇਸ ਹਫ਼ਤੇ ਦੌਰਾਨ ਮੀਂਹ ਪੈਣ ਦੇ ਕੋਈ ਆਸਾਰ ਨਹੀਂ ਹਨ ਜਦੋਂ ਕਿ ਪਿਛਲੇ ਹਫ਼ਤੇ ਦੀ ਸ਼ੁਰੂਆਤ ਵਿੱਚ ਅਸਮਾਨ ’ਤੇ ਬੱਦਲਵਾਈ ਰਹੀ ਸੀ। ਦਿਨ ਵੇਲੇ ਖੁਸ਼ਕ ਹਵਾਵਾਂ ਚੱਲੀਆਂ ਜਿਨ੍ਹਾਂ ਦੀ ਰਫਤਾਰ 20 ਤੋਂ 30 ਕਿਲੋਮੀਟਰ ਰਹੀ ਜਿਸ ਨਾਲ ਦਿੱਲੀ ਐੱਨਸੀਆਰ ਵਿੱਚ ਹਵਾ ਦੀ ਗੁਣਵੱਤਾ ਵੀ ਪ੍ਰਭਾਵਿਤ ਹੋਈ। ਦਿੱਲੀ ਦਾ ਏਕਿਊਆਈ 10 ਵਜੇ 224 ਸੀ। ਇਹ ਅੰਕੜਾ ਹਵਾ ਨੂੰ ਮਾੜੀ ਸ੍ਰੇਣੀ ਦਰਸਾਉਂਦਾ ਹੈ। ਲੋਕ ਗਰਮੀ ਤੋਂ ਬਚਣ ਲਈ ਤੌਲੀਏ ਅਤੇ ਛੱਤਰੀਆਂ ਦਾ ਸਹਾਰਾ ਲੈ ਰਹੇ ਸਨ। ਇਸ ਦੌਰਾਨ ਲੋਕ ਗੰਨੇ ਦਾ ਰਸ, ਨਿੰਬੂ ਪਾਣੀ, ਜਲਜੀਰਾ ਅਤੇ ਕੋਲਡ ਡਰਿੰਕਸ ਪੀਂਦੇ ਦੇਖੇ ਗਏ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ ਹਫ਼ਤੇ ਵਿੱਚ ਵੱਧ ਤੋਂ ਵੱਧ ਤਾਪਮਾਨ ਇੱਕ ਡਿਗਰੀ ਵਧੇਗਾ। ਮੰਗਲਵਾਰ ਨੂੰ ਵੱਧ ਤੋਂ ਵੱਧ ਪਾਰਾ 43 ਡਿਗਰੀ ਤੋਂ ਉੱਪਰ ਜਾ ਸਕਦਾ ਹੈ। ਸ਼ਨਿਚਰਵਾਰ ਤੱਕ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ।




ਰਾਂਚੀ ਵਿੱਚ, ਗਰਮੀਆਂ ਦੇ ਦਿਨ ਤੇਜ਼ ਗਰਮੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਵਿਦਿਆਰਥੀ ਆਪਣੇ ਸਿਰ ਢੱਕਦੇ ਹਨ।



ਕਾਨਪੁਰ ਵਿੱਚ, ਗਰਮੀਆਂ ਦੇ ਦਿਨ ਮੋਟਰਸਾਈਕਲ ਚਲਾਉਂਦੇ ਸਮੇਂ ਯਾਤਰੀ ਆਪਣੇ ਆਪ ਨੂੰ ਸਕਾਰਫ਼ ਨਾਲ ਢੱਕਦੇ ਹੋਏ




ਨਵੀਂ ਦਿੱਲੀ ਦੇ ਵਿਵੇਕਾਨੰਦ ਕੈਂਪ ਵਿਖੇ, ਗਰਮੀਆਂ ਦੇ ਦਿਨ ਟੈਂਕਰ ਤੋਂ ਪੀਣ ਵਾਲਾ ਪਾਣੀ ਲੈਣ ਲਈ ਲੋਕ ਇਕੱਠੇ ਹੁੰਦੇ ਹਨ



ਲਖਨਊ ਦੇ ਇੱਕ ਜਨਤਕ ਪਾਰਕ ਵਿੱਚ, ਗਰਮੀਆਂ ਦੇ ਦਿਨ ਇੱਕ ਨੌਜਵਾਨ ਮੁੰਡਾ ਬਾਗ਼ ਦੀ ਨਲੀ ਰਾਹੀਂ ਨਹਾਉਂਦਾ ਹੋਇਆ



ਕੋਲਕਾਤਾ ਦੀ ਕੇਵਾਈਡੀ ਸਟਰੀਟ ’ਤੇ ਗਰਮੀਆਂ ਦੇ ਦਿਨ ਸੜਕ ਕਿਨਾਰੇ ਇੱਕ ਵਿਕਰੇਤਾ ਤੋਂ ਗੰਨੇ ਦਾ ਰਸ ਪੀਂਦੇ ਹੋਏ ਯਾਤਰੀ।



ਵਾਰਾਣਸੀ ਵਿੱਚ ਸੜਕ ਕਿਨਾਰੇ ਇੱਕ ਸਟਾਲ ’ਤੇ, ਗਰਮੀ ਦੇ ਦਿਨ ਗਰਮੀ ਤੋਂ ਬਚਣ ਲਈ ਲੋਕ ਅੰਬ ਦੇ ਜੂਸ ਦਾ ਆਨੰਦ ਮਾਣਦੇ ਹਨ।




ਨਵੀਂ ਦਿੱਲੀ ਵਿੱਚ ਵਧਦੇ ਤਾਪਮਾਨ ਦੇ ਵਿਚਕਾਰ, ਲੋਕ ਗਰਮੀਆਂ ਦੇ ਦਿਨ ਆਪਣੀ ਪਿਆਸ ਬੁਝਾਉਣ ਲਈ ਨਿੰਬੂ ਪਾਣੀ ਪੀਂਦੇ ਹੋਏ।



ਨਵੀਂ ਦਿੱਲੀ ਵਿੱਚ, ਗਰਮੀਆਂ ਦੇ ਦਿਨ ਆਪਣੇ ਆਪ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਲੋਕ ਰੁੱਖਾਂ ਦੀ ਛਾਂ ਹੇਠ ਆਰਾਮ ਕਰਦੇ ਹਨ।



ਅਜਮੇਰ ਵਿੱਚ, ਗਰਮੀਆਂ ਦੇ ਦਿਨ ਗਰਮੀ ਨੂੰ ਦੂਰ ਕਰਨ ਲਈ ਕਬੂਤਰ ਭਿੱਜਦੇ ਹਨ।



ਨਵੀਂ ਦਿੱਲੀ ਦੇ ਨੈਸ਼ਨਲ ਜ਼ੂਆਲੋਜੀਕਲ ਪਾਰਕ ਵਿਖੇ, ਗਰਮੀਆਂ ਦੌਰਾਨ ਸਟਾਫ਼ ਮੈਂਬਰ ਹਾਥੀਆਂ ਨੂੰ ਨਹਾਉਂਦੇ ਹੋਏ।

# ਓਏਐਸ ਜਨਰਲ ਉਪੇਂਦਰ ਦਿਵੇਦੀ ਨੇ ਗੜ੍ਹਵਾਲ ਖੇਤਰ ਦੀਆਂ ਚੌਕੀਆਂ ਦਾ ਕੀਤਾ ਦੌਰਾ



ਉੱਤਰਾਖੰਡ : ਫੌਜ ਮੁਖੀ (ਸੀਓਏਐਸ) ਜਨਰਲ ਉਪੇਂਦਰ ਦਿਵੇਦੀ ਨੇ ਐਤਵਾਰ ਨੂੰ ਉੱਤਰਾਖੰਡ ਦੇ ਗੜ੍ਹਵਾਲ ਦੇ ਅਗਲੇ ਖੇਤਰਾਂ ਵਿੱਚ ਤਾਇਨਾਤ ਬਲਾਂ ਦੀ ਸੰਚਾਲਨ ਅਤੇ ਪ੍ਰਸ਼ਾਸਕੀ ਤਿਆਰੀ ਦੀ ਸਮੀਖਿਆ ਕਰਨ ਲਈ ਗੜ੍ਹਵਾਲ ਖੇਤਰ ਵਿੱਚ ਅਗਲੀਆਂ ਚੌਕੀਆਂ ਦੇ ਆਪਣੇ ਦੌਰੇ ਦੌਰਾਨ ਸੈਨਿਕਾਂ ਨਾਲ ਗੱਲਬਾਤ ਕੀਤੀ।

# ਸਾਈਕਲਿਸਟਾਂ ਨੇ ਤਾਮਿਲਨਾਡੂ ਸਾਈਕਲਿੰਗ ਲੀਗ 'ਚ ਲਿਆ ਹਿੱਸਾ



ਚੇਨਈ: ਸਾਈਕਲਿਸਟਾਂ ਨੇ ਐਤਵਾਰ ਨੂੰ ਚੇਨਈ ਦੇ ਆਈਲੈਂਡ ਗਰਾਊਂਡਸ ਵਿਖੇ ਤਾਮਿਲਨਾਡੂ ਸਾਈਕਲਿੰਗ ਲੀਗ (ਟੀਸੀਐਲ) ਦੇ ਸੀਜ਼ਨ 3 ਦੇ ਫਾਈਨਲ ਵਿੱਚ ਹਿੱਸਾ ਲਿਆ।



ਅਦਾਕਾਰਾ ਮਧੁਰਿਮਾ ਤੁਲੀ ਨਵੀਂ ਦਿੱਲੀ ਵਿੱਚ 'ਸੰਡੇਜ਼ ਔਨ ਸਾਈਕਲ' ਪ੍ਰੋਗਰਾਮ 'ਚ ਹਿੱਸਾ ਲੈਂਦੀ ਹੋਈ।

# ਮੁਹਾਲੀ ਅਦਾਲਤ ਨੇ ਯੂ-ਟਿਊਬਰ ਜਸਬੀਰ ਸਿੰਘ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

ਐੱਸ. ਏ. ਐੱਸ. ਨਗਰ : ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਰੂਪਨਗਰ ਦੇ ਵਸਨੀਕ ਯੂ-ਟਿਊਬਰ ਜਸਬੀਰ ਸਿੰਘ ਦਾ ਦੋ ਦਿਨਾਂ ਦਾ ਪੁਲਿਸ ਰਿਮਾਂਡ ਪੂਰਾ ਹੋਣ 'ਤੇ ਉਸ ਨੂੰ ਮੁੜ ਮੁਹਾਲੀ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਮੌਕੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੀ ਟੀਮ ਵਲੋਂ ਸਰਕਾਰੀ ਵਕੀਲ ਰਾਹੀਂ ਅਦਾਲਤ ਨੂੰ ਦੱਸਿਆ ਗਿਆ ਕਿ ਇਸ ਮਾਮਲੇ ਵਿਚ ਉਕਤ ਵਿਅਕਤੀ ਤੋਂ ਪੁੱਛਗਿੱਛ ਪੂਰੀ ਹੋ ਗਈ ਹੈ। ਉਨ੍ਹਾਂ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿਚ ਭੇਜਣ ਲਈ ਅਦਾਲਤ ਅੱਗੇ ਅਪੀਲ ਵੀ ਕੀਤੀ, ਲਿਹਾਜ਼ਾ 'ਜਾਨ ਮਾਹਲ ਚੈਨਲ' ਦੇ ਮਾਲਕ ਜਸਬੀਰ ਸਿੰਘ ਦਾ ਕੁੱਲ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਪੂਰਾ ਹੋਣ ਤੋਂ ਬਾਅਦ ਡਿਊਟੀ ਮੈਜਿਸਟ੍ਰੇਟ ਵਲੋਂ ਉਸ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਤਹਿਤ ਕੇਂਦਰੀ ਜੇਲ੍ਹ ਰੂਪਨਗਰ ਵਿਖੇ ਭੇਜਣ ਦੇ ਹੁਕਮ ਸੁਣਾਏ ਗਏ।



ਹੁਣ ਇਸ ਮਾਮਲੇ ਦੀ ਸੁਣਵਾਈ 23 ਜੂਨ ਨੂੰ ਹੋਵੇਗੀ, ਜਿਸ ਮੌਕੇ ਜਸਬੀਰ ਸਿੰਘ ਨੂੰ ਅਦਾਲਤ ਅੱਗੇ ਮੁੜ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਅਦਾਲਤ ਵਿਖੇ ਮੌਜੂਦ ਜਸਬੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਸਬੀਰ ਸਿੰਘ ਨੂੰ ਬੇਵਜ੍ਹਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਪੁਲਿਸ ਦੀ ਸੰਤੁਸ਼ਟੀ ਲਈ ਜਸਬੀਰ ਸਿੰਘ ਸਮੇਤ ਪਰਿਵਾਰ ਨੇ ਇਸ ਮਾਮਲੇ ਦੀ ਜਾਂਚ ਵਿਚ ਪੂਰਾ ਸਹਿਯੋਗ ਦਿੱਤਾ ਹੈ, ਜਿਸ ਕਾਰਨ ਪੁਲਿਸ ਅਧਿਕਾਰੀਆਂ ਨੇ ਦੁਬਾਰਾ ਉਸ ਦਾ ਪੁਲਿਸ ਰਿਮਾਂਡ ਨਹੀਂ ਮੰਗਿਆ।

# ਭਾਰਤ ਦੀ ਆਬਾਦੀ 1.46 ਅਰਬ ਨੂੰ ਢੁਕੀ, ਜਣੇਪਾ ਦਰ ਘਟੀ: ਸੰਯੁਕਤ ਰਾਸ਼ਟਰ ਰਿਪੋਰਟ



ਨਵੀਂ ਦਿੱਲੀ : ਹਾਲ ਹੀ ਵਿਚ ਆਈ ਸੰਯੁਕਤ ਰਾਸ਼ਟਰ ਜਨਸੰਖਿਆ ਰਿਪੋਰਟ ਦੇ ਅਨੁਸਾਰ ਭਾਰਤ ਦੀ ਆਬਾਦੀ 2025 ਵਿੱਚ 1.46 ਅਰਬ ਤੱਕ ਪਹੁੰਚਣ ਦਾ ਅਨੁਮਾਨ ਹੈ, ਜੋ ਕਿ ਦੁਨੀਆ ਵਿੱਚ ਸਭ ਤੋਂ ਵੱਧ ਹੈ। ਇਸ ਇਲਾਵਾ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਦੇਸ਼ ਦੀ ਕੁੱਲ ਜਣੇਪਾ ਦਰ ਅਸਲ ਵਿਚ ਬਦਲ ਦਰ (replacement rate) ਤੋਂ ਹੇਠਾਂ ਆ ਗਈ ਹੈ। UNFPA ਦੀ 2025 ਸਟੇਟ ਆਫ ਵਰਲਡ ਪਾਪੂਲੇਸ਼ਨ ਰਿਪੋਰਟ 'ਦ ਰੀਅਲ ਫਰਟੀਲਿਟੀ ਕ੍ਰਾਈਸਿਸ' ਉੱਝ ਘਟਦੀ ਜਣੇਪਾ ਦਰ ਦੀ ਥਾਂ ਅਧੂਰੇ ਜਣੇਪਾ ਟੀਚਿਆਂ ਨੂੰ ਸੰਬੋਧਿਤ ਹੋਣ ਦੀ ਲੋੜ 'ਤੇ ਜ਼ੋਰ ਦਿੰਦੀ ਹੈ।

ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਲੱਖਾਂ ਲੋਕ ਆਪਣੇ ਔਲਾਦ ਪੈਦਾ ਕਰਨ ਸਬੰਧੀ ਟੀਚੇ ਹਾਸਲ ਕਰਨ ਦੇ ਯੋਗ ਨਹੀਂ ਹਨ।

ਰਿਪੋਰਟ ਮੁਤਾਬਕ ਅਸਲ ਸੰਕਟ ਇਹੋ ਹੈ, ਨਾ ਕਿ ਘੱਟ ਜਾਂ ਜ਼ਿਆਦਾ ਆਬਾਦੀ। ਇਸ ਦਾ ਜਵਾਬ ਵਡੇਰੇ ਜਣੇਪਾ ਮਾਮਲਿਆਂ ਵਿੱਚ ਹੈ - ਭਾਵ, ਕਿਸੇ ਵਿਅਕਤੀ ਦੀ ਕਾਮੁਕਤਾ, ਗਰਭ ਨਿਰੋਧ ਅਤੇ ਪਰਿਵਾਰ ਸ਼ੁਰੂ ਕਰਨ ਬਾਰੇ 150 ਫ਼ੀਸਦੀ ਆਜ਼ਾਦਾਨਾ ਅਤੇ ਸੂਚਿਤ ਚੋਣ ਕਰ ਸਕਣ ਦੀ ਯੋਗਤਾ। ਰਿਪੋਰਟ ਆਬਾਦੀ ਦੀ ਬਣਤਰ, ਜਣੇਪਾ ਸ਼ਕਤੀ ਅਤੇ ਜੀਵਨ ਸੰਭਾਵਨਾ ਵਿੱਚ ਮੁੱਖ ਤਬਦੀਲੀਆਂ ਦਾ ਵੀ ਖੁਲਾਸਾ ਕਰਦੀ ਹੈ, ਜੋ ਇੱਕ ਵੱਡੇ ਜਨਸੰਖਿਆ ਪਰਿਵਰਤਨ ਦਾ ਸੰਕੇਤ ਦਿੰਦੀ ਹੈ। ਰਿਪੋਰਟ ਵਿੱਚ ਪਾਇਆ ਗਿਆ ਕਿ ਭਾਰਤ ਦੀ ਕੁੱਲ ਜਣੇਪਾ ਦਰ ਪ੍ਰਤੀ ਔਰਤ ਘਟ ਕੇ 1.9 ਜਨਮਾਂ ਤੱਕ ਰਹਿ ਗਈ ਹੈ, ਜੋ ਕਿ 2.1 ਦੇ ਤਬਦੀਲੀ ਦਰ (replacement rate) ਤੋਂ ਘੱਟ ਹੈ। ਇਸਦਾ ਮਤਲਬ ਹੈ ਕਿ ਔਸਤਨ ਭਾਰਤੀ ਔਰਤਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਆਬਾਦੀ ਦੇ ਆਕਾਰ ਨੂੰ ਬਣਾਈ ਰੱਖਣ ਲਈ ਲੋੜ ਤੋਂ ਘੱਟ ਬੱਚੇ ਪੈਦਾ ਕਰ ਰਹੀਆਂ ਹਨ, ਅਤੇ ਇਸ ਵਿਚ ਪਰਵਾਸ ਦੀ ਭੂਮਿਕਾ ਨਹੀਂ ਹੈ। ਜਨਮ ਦਰ ਘਟਣ ਦੇ ਬਾਵਜੂਦ, ਭਾਰਤ ਦੀ ਨੌਜਵਾਨ ਆਬਾਦੀ ਅਹਿਮ ਬਣੀ ਹੋਈ ਹੈ, ਜਿਹੜੀ 0-14 ਉਮਰ ਵਰਗ ਵਿੱਚ 24 ਫ਼ੀਸਦੀ, 10-19 ਉਮਰ ਵਰਗ ਵਿੱਚ 17 ਫ਼ੀਸਦੀ ਅਤੇ 10-24 ਉਮਰ ਵਰਗ ਵਿੱਚ 26 ਫ਼ੀਸਦੀ ਆਬਾਦੀ ਹੈ।

ਇਸ ਤਰ੍ਹਾਂ ਦੇਸ਼ ਦੀ 68 ਫ਼ੀਸਦੀ ਆਬਾਦੀ ਕੰਮ ਕਰਨ ਦੀ ਉਮਰ (15-64) ਵਾਲੀ ਹੈ ਅਤੇ ਇਸ ਨੂੰ ਜੇ ਢੁਕਵੀਂ ਰੁਜ਼ਗਾਰ ਅਤੇ ਨੀਤੀ ਸਹਾਇਤਾ ਨਾਲ ਮੇਲ ਲਿਆ ਜਾਵੇ ਤਾਂ ਇਹ ਇੱਕ ਸੰਭਾਵੀ ਜਨਸੰਖਿਆ ਲਾਭਅੰਸ਼ ਪ੍ਰਦਾਨ ਕਰ ਸਕਦੀ ਹੈ। ਬਜ਼ੁਰਗ ਆਬਾਦੀ (65 ਅਤੇ ਇਸ ਤੋਂ ਵੱਧ) ਵਰਤਮਾਨ ਵਿੱਚ 7 ਫ਼ੀਸਦੀ ਹੈ, ਪਰ ਇਹ ਇੱਕ ਅਜਿਹਾ ਅੰਕੜਾ ਹੈ, ਜਿਸ ਦੇ ਆਗਾਮੀ ਦਹਾਕਿਆਂ ਵਿੱਚ ਜੀਵਨ ਸੰਭਾਵਨਾ ਵਿੱਚ ਸੁਧਾਰ ਨਾਲ ਵਧਣ ਦੀ ਉਮੀਦ ਹੈ।

ਸਾਲ 2025 ਤੱਕ, ਜਨਮ ਸਮੇਂ ਜੀਵਨ ਸੰਭਾਵਨਾ ਮਰਦਾਂ ਲਈ 71 ਸਾਲ ਅਤੇ ਔਰਤਾਂ ਲਈ 74 ਸਾਲ ਹੋਣ ਦਾ ਅਨੁਮਾਨ ਹੈ। ਸੰਯੁਕਤ ਰਾਸ਼ਟਰ ਦੇ ਅਨੁਮਾਨਾਂ ਅਨੁਸਾਰ, ਭਾਰਤ ਦੀ ਆਬਾਦੀ ਇਸ ਸਮੇਂ 1,46.39 ਕਰੋੜ ਹੈ। ਭਾਰਤ ਹੁਣ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ, ਜਿਸ ਵਿੱਚ ਲਗਭਗ ਡੇਢ (1.50) ਅਰਬ ਲੋਕ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਗਿਣਤੀ ਹੁਣ ਤੋਂ ਲਗਭਗ 40 ਸਾਲਾਂ ਬਾਅਦ ਘਟਣ ਤੋਂ ਪਹਿਲਾਂ ਲਗਭਗ 1.7 ਅਰਬ ਤੱਕ ਪੁੱਜਣ ਦੀ ਉਮੀਦ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਅੰਕੜਿਆਂ ਦੇ ਪਿੱਛੇ ਲੱਖਾਂ ਜੋੜਿਆਂ ਦੀਆਂ ਕਹਾਣੀਆਂ ਹਨ, ਜਿਨ੍ਹਾਂ ਨੇ ਆਪਣੇ ਪਰਿਵਾਰ ਸ਼ੁਰੂ ਕਰਨ ਜਾਂ ਵਧਾਉਣ ਦਾ ਫੈਸਲਾ ਕੀਤਾ। ਨਾਲ ਹੀ ਉਨ੍ਹਾਂ ਔਰਤਾਂ ਦੀਆਂ ਕਹਾਣੀਆਂ ਹਨ ਜਿਨ੍ਹਾਂ ਕੋਲ ਇਸ ਬਾਰੇ ਬਹੁਤ ਘੱਟ ਬਦਲ ਸਨ ਕਿ ਉਹ ਗਰਭਵਤੀ ਹੋਈਆਂ ਜਾਂ ਨਹੀਂ, ਅਤੇ ਜੇ ਹੋਈਆਂ ਤਾਂ ਕਦੋਂ ਜਾਂ ਕਿੰਨੀ ਵਾਰ।

ਸਾਲ 1960 ਵਿੱਚ ਜਦੋਂ ਭਾਰਤ ਦੀ ਆਬਾਦੀ ਲਗਭਗ 43.6 ਕਰੋੜ ਸੀ, ਔਸਤਨ ਇਕ ਔਰਤ ਦੇ ਲਗਭਗ ਛੇ ਬੱਚੇ ਹੁੰਦੇ ਸਨ। ਉਸ ਸਮੇਂ, ਔਰਤਾਂ ਦਾ ਆਪਣੇ ਸਰੀਰ ਅਤੇ ਜੀਵਨ 'ਤੇ ਅੱਜ ਦੇ ਮੁਕਾਬਲੇ ਘੱਟ ਕੰਟਰੋਲ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉਦੋਂ 4 ਔਰਤਾਂ ਵਿੱਚੋਂ 1 ਤੋਂ ਵੀ ਘੱਟ ਨੇ ਕਿਸੇ ਨਾ ਕਿਸੇ ਤਰ੍ਹਾਂ ਦੇ ਗਰਭ-ਰੋਕੂ ਤਰੀਕੇ ਦੀ ਵਰਤੋਂ ਕੀਤੀ, ਅਤੇ 2 ਵਿੱਚੋਂ 1 ਤੋਂ ਵੀ ਘੱਟ ਨੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਈ ਕੀਤੀ ਸੀ (ਵਿਸ਼ਵ ਬੈਂਕ ਡੇਟਾ, 2020)।

ਦੂਜੇ ਪਾਸੇ ਇਸ ਤੋਂ ਬਾਅਦ ਦੇ ਦਹਾਕਿਆਂ ਵਿੱਚ ਵਿਦਿਅਕ ਪ੍ਰਾਪਤੀ ਵਿੱਚ ਵਾਧਾ ਹੋਇਆ, ਜਣੇਪਾ ਸਿਹਤ ਸੰਭਾਲ ਤੱਕ ਪਹੁੰਚ ਵਿੱਚ ਸੁਧਾਰ ਹੋਇਆ ਅਤੇ ਵਧੇਰੇ ਜ਼ਿਆਦਾ ਔਰਤਾਂ ਆਪਣੀ ਜ਼ਿੰਦਗੀ ਨੂੰ ਪ੍ਰਭਾਵਤ ਕਰਨ ਵਾਲੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਦੇ ਯੋਗ ਹੋਈਆਂ। ਭਾਰਤ ਵਿੱਚ ਹੁਣ ਔਸਤ ਹਰ ਔਰਤ ਦੇ ਲਗਭਗ ਦੋ ਬੱਚੇ ਹਨ।

ਜਦੋਂ ਕਿ ਅੱਜ ਭਾਰਤ ਵਿੱਚ ਹੀ ਨਹੀਂ ਦੂਜੇ ਮੁਲਕਾਂ ਵਿੱਚ ਵੀ ਔਰਤਾਂ ਕੋਲ ਆਪਣੀਆਂ ਮਾਵਾਂ ਜਾਂ ਦਾਦੀਆਂ ਨਾਲੋਂ ਵਧੇਰੇ ਅਧਿਕਾਰ ਅਤੇ ਵਿਕਲਪ ਹਨ। ਪਰ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਆਪਣੀ ਪਸੰਦ ਦੇ ਫ਼ੈਸਲੇ ਲੈਣ ਦੇ ਕਾਬਲ ਬਣਨ ਲਈ ਉਨ੍ਹਾਂ ਹਾਲੇ ਬੜਾ ਲੰਬਾ ਪੈਂਡਾ ਤੈਅ ਕਰਨਾ ਹੈ ਕਿ ਉਨ੍ਹਾਂ ਦੇ ਬੱਚਿਆਂ ਦੀ ਗਿਣਤੀ, ਜੇ ਹੋਵੇ, ਤਾਂ ਕਿੰਨੀ ਹੋਵੇ ਅਤੇ ਉਹ ਕਦੋਂ ਮਾਂ ਬਣਨਾ ਚਾਹੁੰਦੀਆਂ ਹਨ ਆਦਿ। ਸੰਯੁਕਤ ਰਾਸ਼ਟਰ ਦੀ ਰਿਪੋਰਟ ਨੇ ਭਾਰਤ ਨੂੰ ਤੇਜ਼ੀ ਨਾਲ ਆਬਾਦੀ ਤਬਦੀਲੀ ਵਿੱਚੋਂ ਗੁਜ਼ਰ ਰਹੇ ਮੱਧ-ਆਮਦਨ ਵਾਲੇ ਦੇਸ਼ਾਂ ਦੇ ਸਮੂਹ ਵਿੱਚ ਰੱਖਿਆ ਹੈ, ਜਿਸ ਵਿੱਚ ਆਬਾਦੀ ਦੁੱਗਣੀ ਹੋਣ ਦਾ ਸਮਾਂ ਹੁਣ 79 ਸਾਲ ਹੋਣ ਦਾ ਅਨੁਮਾਨ ਹੈ। UNFPA ਦੀ ਭਾਰਤ ਪ੍ਰਤੀਨਿਧੀ ਐਂਡਰੀਆ ਐਮ ਵੋਜਨਾਰ ਨੇ ਕਿਹਾ "ਭਾਰਤ ਨੇ ਜਣੇਪਾ ਦਰਾਂ ਨੂੰ ਘਟਾਉਣ ਵਿੱਚ ਅਹਿਮ ਕਾਮਯਾਬੀ ਹਾਸਲ ਕੀਤੀ ਹੈ ਅਤੇ ਇਹ 1970 ਵਿੱਚ ਪ੍ਰਤੀ ਔਰਤ ਲਗਭਗ ਪੰਜ ਬੱਚਿਆਂ ਤੋਂ ਘਟ ਕੇ ਅੱਜ ਲਗਭਗ ਦੋ ਤੇ ਆ ਗਈ ਹੈ ਤੇ ਇਸ ਲਈ ਸਿੱਖਿਆ ਵਿੱਚ ਸੁਧਾਰ ਅਤੇ ਜਣੇਪਾ ਸਿਹਤ ਸੰਭਾਲ ਤੱਕ ਪਹੁੰਚ ਦਾ ਧੰਨਵਾਦ। ਉਨ੍ਹਾਂ ਕਿਹਾ, "ਇਸ ਨਾਲ ਮਾਵਾਂ ਦੀ ਮੌਤ ਦਰ ਵਿੱਚ ਵੱਡੀ ਕਮੀ ਆਈ ਹੈ, ਜਿਸ ਦਾ ਅਰਥ ਹੈ ਕਿ ਅੱਜ ਲੱਖਾਂ ਹੋਰ ਮਾਵਾਂ ਜ਼ਿੰਦਾ ਹਨ, ਬੱਚਿਆਂ ਦੀ ਪਰਵਰਿਸ਼ ਕਰ ਰਹੀਆਂ ਹਨ ਅਤੇ ਭਾਈਚਾਰਿਆਂ ਦਾ ਨਿਰਮਾਣ ਕਰ ਰਹੀਆਂ ਹਨ। ਫਿਰ ਵੀ ਰਾਜਾਂ, ਜਾਤਾਂ ਅਤੇ ਆਮਦਨ ਸਮੂਹਾਂ ਵਿੱਚ ਡੂੰਘੀਆਂ ਨਾਬਰਾਬਰੀਆਂ ਕਾਇਮ ਹਨ।"

ਉਨ੍ਹਾਂ ਹੋਰ ਕਿਹਾ, "ਅਸਲੀ ਜਨਸੰਖਿਆ ਲਾਭਅੰਸ਼ ਉਦੋਂ ਆਉਂਦਾ ਹੈ ਜਦੋਂ ਹਰ ਕਿਸੇ ਨੂੰ ਸੂਚਿਤ ਜਣੇਪਾ ਵਿਕਲਪ ਬਣਾਉਣ ਦੀ ਆਜ਼ਾਦੀ ਹੁੰਦੀ ਹੈ ਅਤੇ ਸਾਧਨ ਵੀ ਹੁੰਦੇ ਹਨ। ਭਾਰਤ ਕੋਲ ਇਹ ਦਿਖਾਉਣ ਦਾ ਇੱਕ ਵਿਲੱਖਣ ਮੌਕਾ ਹੈ ਕਿ ਕਿਵੇਂ ਜਣੇਪਾ ਅਧਿਕਾਰ ਅਤੇ ਆਰਥਿਕ ਖ਼ੁਸ਼ਹਾਲੀ ਇਕੱਠੇ ਅੱਗੇ ਵਧ ਸਕਦੇ ਹਨ।

# ਜ਼ਿਮਨੀ ਚੋਣ: ਅਧਿਆਪਕਾਂ ਵੱਲੋਂ 'ਆਪ' ਉਮੀਦਵਾਰ ਦੇ ਘਰ ਅੱਗੇ ਮੁਜ਼ਾਹਰਾ

## ਮੰਗਾਂ ਨਾ ਮੰਨਣ ਕਾਰਨ ਅਧਿਆਪਕ ਸਰਕਾਰ ਤੋਂ ਖ਼ਫ਼ਾ; ਰੈਗੂਲਰ ਮੁਲਾਜ਼ਮਾਂ ਵਾਲੀਆਂ ਸਹੂਲਤਾਂ ਦੇਣ ਦੀ ਮੰਗ

ਲੁਧਿਆਣਾ : ਐਸੋਸੀਏਟ ਅਧਿਆਪਕ (ਸਿੱਖਿਆ ਪ੍ਰੋਵਾਈਡਰ) ਫਰੰਟ ਪੰਜਾਬ ਵੱਲੋਂ ਅੱਜ ਲੁਧਿਆਣਾ ਵਿੱਚ ਹਲਕਾ ਪੱਛਮੀ ਤੋਂ ਜ਼ਿਮਨੀ ਚੋਣ ਲੜ ਰਹੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਘਰ ਅੱਗੇ ਮੁਜ਼ਾਹਰਾ ਕੀਤਾ ਗਿਆ। ਇਹ ਅਧਿਆਪਕ ਸਰਕਾਰ ਵੱਲੋਂ ਮੰਗਾਂ ਨਾ ਮੰਨਣ ਤੋਂ ਖ਼ਫ਼ਾ ਹਨ। ਮੁਜ਼ਾਹਰੇ ਵਿੱਚ ਫਰੰਟ ਦੇ ਸੂਬਾ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ ਅਤੇ ਅਜਮੇਰ ਸਿੰਘ ਔਲਖ ਦੀ ਅਗਵਾਈ ਹੇਠ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ ਅਧਿਆਪਕਾਂ ਨੇ ਸ਼ਮੂਲੀਅਤ ਕਰ ਕੇ ਆਪਣੀਆਂ ਹੱਕੀ ਮੰਗਾਂ ਲਈ ਆਵਾਜ਼ ਬੁਲੰਦ ਕੀਤੀ। ਅਧਿਆਪਕ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਜੁਲਾਈ 2023 ਵਿੱਚ ਇਕ ਨਿਯੁਕਤੀ ਪੱਤਰ ਜਾਰੀ ਕਰ ਕੇ ਉਨ੍ਹਾਂ ਨੂੰ ਸਕੂਲਾਂ 'ਚ ਮੁੜ ਨਵੇਂ ਸਿਰੇ ਤੋਂ ਜੁਆਇਨ ਕਰਵਾ ਦਿੱਤਾ ਪਰ ਅਫ਼ਸੋਸ ਉਹ ਪੱਤਰ ਸਿਰਫ਼ ਇਕ ਰਸਮ ਹੀ ਸਾਬਤ ਹੋਈ। ਉਨ੍ਹਾਂ ਕਿਹਾ ਕਿ ਪੱਤਰ ਵਿੱਚ ਸਿਰਫ ਰੈਗੂਲਰ ਸ਼ਬਦ ਹੀ ਵਰਤਿਆ ਗਿਆ ਪਰ ਉਸ ਵਿੱਚ ਵਿਭਾਗ ਵੱਲੋਂ ਰੈਗੂਲਰ ਮੁਲਾਜ਼ਮ ਨੂੰ ਮਿਲਦੀਆਂ ਸਹੂਲਤਾਂ ਪੇਅ ਸਕੇਲ, ਟੀਏ, ਡੀਏ ਅਤੇ ਮੈਡੀਕਲ ਸਹੂਲਤ ਆਦਿ




ਜ਼ਿਕਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਵੱਡੇ-ਵੱਡੇ ਫਲੈਕਸ ਲਾ ਕੇ ਲੱਖਾਂ ਕਰੋੜਾਂ ਰੁਪਏ ਬਰਬਾਦ ਕਰ ਦਿੱਤੇ ਕਿ ਕੱਚੇ ਪੱਕੇ ਕਰ ਦਿੱਤੇ ਪਰ ਮਿਲਿਆ ਸਿਰਫ਼ ਤਨਖਾਹ ਵਿੱਚ ਨਿਗੂਣਾ ਜਿਹਾ ਵਾਧਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਲਈ ਸਮਾਂ ਦੇ ਕੇ ਮੁੱਕਰ ਜਾਣਾ ਇਹ ਸਾਬਤ ਕਰਦਾ ਹੈ ਕਿ ਉਹ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਉਹ ਅੱਜ ਪੰਜਾਬ ਸਰਕਾਰ ਅੱਗੇ ਆਪਣੀਆਂ ਮੰਗਾਂ ਲਈ ਆਵਾਜ਼ ਬੁਲੰਦ ਕਰਦੇ ਹੋਏ ਅਪੀਲ ਕਰਦੇ ਹਨ ਕਿ ਉਨ੍ਹਾਂ ਦਾ ਬਣਦਾ ਪੇਅ ਸਕੇਲ ਲਾਗੂ ਕਰਕੇ ਸੀਐੱਸਆਰ ਜਲਦੀ ਦਿੱਤੀ ਜਾਵੇ। ਜਨਰਲ ਸਕੱਤਰ ਗੁਰਮੀਤ ਪੱਡਾ, ਜਗਸੀਰ ਸੰਧੂ, ਅਸ਼ੋਕ ਹਾਂਡਾ ਅਤੇ ਕੁਲਦੀਪ ਕਪੂਰਥਲਾ ਨੇ ਦੱਸਿਆ ਕਿ ਜਦੋਂ ਉਨ੍ਹਾਂ ਦਾ ਕੋਈ ਸਾਥੀ ਸੇਵਾਮੁਕਤ ਹੁੰਦਾ ਹੈ ਤਾਂ ਉਸ ਨੂੰ ਖਾਲੀ ਹੱਥ ਘਰ ਜਾਣਾ ਪੈਂਦਾ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਅਧਿਆਪਕਾਂ ਦੀਆਂ ਮੰਗਾਂ ਮੰਨੀਆਂ ਜਾਣ।

# 'ਆਪ੍ਰੇਸ਼ਨ ਸਿੰਦੂਰ' ਤੋਂ ਇੱਕ ਮਹੀਨਾ ਬਾਅਦ: ਭਾਰਤ ਅਤੇ ਪਾਕਿਸਤਾਨ ਵਿਚਕਾਰ ਕੀ ਬਦਲਿਆ ਹੈ

ਇੱਕ ਮਹੀਨਾ ਪਹਿਲਾਂ, 7 ਮਈ ਦੀ ਸਵੇਰ ਨੂੰ, ਭਾਰਤ ਨੇ ਐਲਾਨ ਕੀਤਾ ਕਿ ਉਸ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ 26 ਲੋਕਾਂ ਦੇ ਕਤਲ ਦੇ ਜਵਾਬ ਵਿੱਚ ਪਾਕਿਸਤਾਨ ਅਤੇ ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਵਿੱਚ ਨੌਂ 'ਅੱਤਵਾਦੀ ਟਿਕਾਣਿਆਂ' 'ਤੇ ਹਮਲੇ ਕੀਤੇ ਹਨ।

ਭਾਰਤ ਲੰਬੇ ਸਮੇਂ ਤੋਂ ਪਾਕਿਸਤਾਨ 'ਤੇ ਸਰਹੱਦ ਪਾਰ ਅੱਤਵਾਦ ਦਾ ਸਮਰਥਨ ਕਰਨ ਅਤੇ 2019 ਦੇ ਪੁਲਵਾਮਾ ਅਤੇ 2008 ਦੇ ਮੁੰਬਈ ਹਮਲਿਆਂ ਵਰਗੀਆਂ ਕਾਰਵਾਈਆਂ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਉਂਦਾ ਰਿਹਾ ਹੈ।

ਭਾਰਤ ਨੇ 22 ਅਪ੍ਰੈਲ ਦੀ ਪਹਿਲਗਾਮ ਅੱਤਵਾਦੀ ਹਮਲੇ ਦੀ ਘਟਨਾ ਸਬੰਧੀ ਵੀ ਇਸੇ ਤਰ੍ਹਾਂ ਦੇ ਇਲਜ਼ਾਮ ਲਗਾਏ ਸਨ ਅਤੇ ਹਮਲਾਵਰਾਂ ਨੂੰ ਪਾਕਿਸਤਾਨੀ ਸਮਰਥਨ ਹਾਸਲ ਹੋਣ ਦਾ ਦਾਅਵਾ ਕੀਤਾ ਸੀ।

ਪਾਕਿਸਤਾਨ ਨੇ ਹਮੇਸ਼ਾਂ ਇਨ੍ਹਾਂ ਹਮਲਿਆਂ ਵਿੱਚ ਕਿਸੇ ਵੀ ਕਿਸਮ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ। ਇਸ ਨੇ ਭਾਰਤ ਦੇ ਤਾਜ਼ਾ ਇਲਜ਼ਾਮਾਂ ਨੂੰ ਵੀ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਭਾਰਤ ਨੇ ਪਹਿਲਗਾਮ ਹਮਲੇ ਲਈ ਪਾਕਿਸਤਾਨ 'ਤੇ ਇਲਜ਼ਾਮ ਲਗਾਇਆ ਹੈ, ਪਰ ਇਸ ਦੇ ਸਮਰਥਨ ਵਿੱਚ ਕੋਈ ਭਰੋਸੇਯੋਗ ਸਬੂਤ ਨਹੀਂ ਦਿੱਤੇ ਹਨ।

ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਮਈ ਵਿੱਚ ਭਾਰਤ ਵੱਲੋਂ ਕੀਤੇ ਗਏ ਹਮਲਿਆਂ ਵਿੱਚ 'ਜ਼ਿਆਦਾਤਰ ਮਸਜਿਦਾਂ ਜਾਂ ਧਾਰਮਿਕ ਸਥਾਨ ਸ਼ਾਮਲ ਸਨ, ਜਿੱਥੇ ਆਮ ਨਾਗਰਿਕ ਮਾਰੇ ਗਏ ਸਨ।'

ਪਾਕਿਸਤਾਨ ਇਹ ਵੀ ਦਾਅਵਾ ਕਰਦਾ ਹੈ ਕਿ ਉਸਨੇ ਟਕਰਾਅ ਦੌਰਾਨ ਛੇ ਭਾਰਤੀ ਜਹਾਜ਼ਾਂ ਨੂੰ ਡੇਗ ਦਿੱਤਾ ਸੀ, ਹਾਲਾਂਕਿ ਇਨ੍ਹਾਂ ਦਾਅਵਿਆਂ ਦੀ ਅਜੇ ਤੱਕ ਭਾਰਤ ਵੱਲੋਂ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਹੈ।

ਇਨ੍ਹਾਂ ਦੋ ਪ੍ਰਮਾਣੂ ਹਥਿਆਰਬੰਦ ਗੁਆਂਢੀਆਂ ਵਿਚਕਾਰ ਫੌਜੀ ਟਕਰਾਅ ਮਈ ਦੇ ਚਾਰ ਦਿਨ, 7 ਮਈ ਤੋਂ 10 ਮਈ ਤੱਕ ਇੰਨੇ ਵੱਡੇ ਪੱਧਰ 'ਤੇ ਰਿਹਾ ਕਿ ਮਾਹਰਾਂ ਨੇ ਕਿਹਾ ਕਿ 1971 ਦੀ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਅਜਿਹਾ ਕਦੇ ਨਹੀਂ ਹੋਇਆ।

**ਪਹਿਲੀ ਵਾਰ ਡਰੋਨ ਦੀ ਵਰਤੋਂ** : ਇਹ ਪਹਿਲਾ ਮੌਕਾ ਸੀ ਜਦੋਂ ਦੋਵਾਂ ਦੇਸ਼ਾਂ ਨੇ ਇੱਕ ਦੂਜੇ ਨੂੰ ਨੁਕਸਾਨ ਪਹੁੰਚਾਉਣ ਲਈ ਵੱਡੇ ਪੱਧਰ 'ਤੇ ਡਰੋਨਜ਼ ਦੀ ਵਰਤੋਂ ਕੀਤੀ। ਇਸ ਦੇ ਨਾਲ ਹੀ ਲੜਾਕੂ ਜਹਾਜ਼ਾਂ, ਮਿਜ਼ਾਈਲਾਂ ਅਤੇ ਸੋਸ਼ਲ ਮੀਡੀਆ 'ਤੇ ਗਲਤ ਅਤੇ ਗੁੰਮਰਾਹਕੁੰਨ ਜਾਣਕਾਰੀ ਨੇ ਇਸ ਤਣਾਅ ਨੂੰ ਹੋਰ ਵਧਾ ਦਿੱਤਾ।

ਫ਼ਿਰ 10 ਮਈ ਨੂੰ ਜੰਗਬੰਦੀ ਦਾ ਐਲਾਨ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਇਹ ਸਭ ਰੁਕ ਗਿਆ। ਇਹ ਚਾਰ ਦਿਨਾਂ ਦਾ ਟਕਰਾਅ ਇੱਕ ਅਜਿਹਾ ਸੀ ਜਿਸ ਵਿੱਚ ਦੋਵੇਂ ਧਿਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਜੇਤੂ ਹਨ ਅਤੇ ਦੂਜਾ ਪੱਖ ਹਾਰ ਗਿਆ ਹੈ।

ਹਾਲਾਂਕਿ, ਇਸ ਦੌਰਾਨ, ਕੰਟਰੋਲ ਰੇਖਾ ਦੇ ਨੇੜੇ ਰਹਿਣ ਵਾਲੇ ਬਹੁਤ ਸਾਰੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਪੂਰੀ ਤਰ੍ਹਾਂ ਬਦਲ ਗਈਆਂ। ਕਈਆਂ ਨੇ ਕਰਾਸ ਫਾਇਰਿੰਗ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਗੁਆ ਦਿੱਤਾ ਅਤੇ ਬਹੁਤ ਸਾਰੇ ਘਰ ਗੋਲਾਬਾਰੀ ਵਿੱਚ ਤਬਾਹ ਹੋ ਗਏ। **ਦੋਵਾਂ ਦੇਸ਼ਾਂ ਨੇ ਵੱਖੋ-ਵੱਖਰੇ ਦਾਅਵੇ ਕੀਤੇ** : ਪਹਿਲਗਾਮ ਹਮਲੇ ਨੂੰ ਲੈ ਕੇ ਭਾਰਤ ਵਿੱਚ 'ਬਦਲਾ' ਲੈਣ ਦੀ ਮੰਗ ਉੱਠੀ ਸੀ ਅਤੇ ਮੀਡੀਆ ਵਿੱਚ ਇਸ ਘਟਨਾ ਦਾ ਤੁਰੰਤ ਜਵਾਬ ਦੇਣ ਦੀ ਵਕਾਲਤ ਕਰਨ ਵਾਲੀਆਂ ਖ਼ਬਰਾਂ ਆਉਣ ਲੱਗੀਆਂ ਸਨ।

ਪਾਕਿਸਤਾਨ ਦੇ ਸਾਬਕਾ ਵਿਦੇਸ਼ ਸਕੱਤਰ ਅਤੇ ਇਸਲਾਮਾਬਾਦ ਸਥਿਤ ਇੰਸਟੀਚਿਊਟ ਆਫ਼ ਰੀਜਨਲ ਸਟੱਡੀਜ਼ ਦੇ ਪ੍ਰਧਾਨ ਜੌਹਰ ਸਲੀਮ ਕਹਿੰਦੇ ਹਨ ਕਿ ਭਾਰਤ ਦੇ 'ਸ਼ੁਰੂ ਤੋਂ ਹੀ ਭੜਕਾਊ ਰਵੱਈਏ' ਨੇ ਇਸ ਨੂੰ ਪਾਕਿਸਤਾਨ ਲਈ ਇੱਕ ਔਖੀ ਸਥਿਤੀ ਬਣਾ ਦਿੱਤਾ।

ਉਨ੍ਹਾਂ ਕਿਹਾ, 'ਪਾਕਿਸਤਾਨ ਦੇ ਕੂਟਨੀਤਕ ਦ੍ਰਿਸ਼ਟੀਕੋਣ ਵਿੱਚ ਇੱਕ ਤਬਦੀਲੀ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀ ਸੀ। ਇਹ ਸਪੱਸ਼ਟ ਤੌਰ 'ਤੇ ਪ੍ਰਤੀਕਿਰਿਆਸ਼ੀਲ ਹੋਣ ਦੀ ਬਜਾਇ ਸਰਗਰਮ ਕੂਟਨੀਤੀ ਰਵੱਈਆ ਅਖ਼ਤਿਆਰ ਕਰ ਰਿਹਾ ਸੀ।' ਪਰ ਇਸ ਨਾਲ ਭਾਰਤ ਹਮਲਾ ਕਰਨ ਤੋਂ ਨਹੀਂ ਰੁਕਿਆ। ਭਾਰਤ ਨੇ ਆਪਣੇ ਹਮਲੇ ਵਿੱਚ '100 ਤੋਂ ਵੱਧ ਅੱਤਵਾਦੀਆਂ ਨੂੰ ਮਾਰਨ ਅਤੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ, ਪਾਕਿਸਤਾਨ ਦੇ ਮੁੱਖ ਹਵਾਈ ਅੱਡਿਆਂ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਨੁਕਸਾਨ ਪਹੁੰਚਾਉਣ' ਦਾ ਦਾਅਵਾ ਕੀਤਾ ਸੀ।

ਜਲਦੀ ਹੀ, ਪਾਕਿਸਤਾਨ ਨੇ ਵੀ ਹਮਲਿਆਂ ਦਾ ਐਲਾਨ ਕੀਤਾ ਅਤੇ ਕੁਝ ਘੰਟਿਆਂ ਦੇ ਅੰਦਰ-ਅੰਦਰ ਇਸਨੇ ਛੇ ਭਾਰਤੀ ਜਹਾਜ਼ਾਂ ਨੂੰ ਡੇਗਣ ਦਾ ਦਾਅਵਾ ਕੀਤਾ, ਜਿਨ੍ਹਾਂ ਵਿੱਚ ਤਿੰਨ ਰਾਫੇਲ ਲੜਾਕੂ ਜਹਾਜ਼ ਵੀ ਸ਼ਾਮਲ ਸਨ।

ਭਾਰਤ ਨੇ ਅਧਿਕਾਰਤ ਤੌਰ 'ਤੇ ਨੁਕਸਾਨ ਦੀ ਪੁਸ਼ਟੀ ਨਹੀਂ ਕੀਤੀ ਹੈ ਪਰ ਭਾਰਤ ਦੇ ਚੀਫ਼ ਆਫ਼ ਡਿਫੈਂਸ ਸਟਾਫ਼ ਅਨਿਲ ਚੌਹਾਨ ਦੇ ਇੱਕ ਤਾਜ਼ਾ ਬਿਆਨ ਨੂੰ ਬਹੁਤ ਸਾਰੇ ਸਿਆਸੀ ਮਾਹਰਾਂ ਨੇ ਭਾਰਤ ਦੇ ਲੜਾਕੂ ਜਹਾਜ਼ਾਂ ਦੇ ਨੁਕਸਾਨ ਦੇ ਅਸਿੱਧੇ ਤੌਰ 'ਤੇ ਸਵੀਕਾਰ ਵਜੋਂ ਲਿਆ ਹੈ।

ਉਨ੍ਹਾਂ ਨੇ ਬਲੂਮਬਰਗ ਟੀਵੀ ਨੂੰ ਦਿੱਤੇ ਇੱਕ ਇੰਟਰਵਿਊ ਕਿਹਾ, 'ਇਹ ਮਹੱਤਵਪੂਰਨ ਨਹੀਂ ਹੈ ਕਿ





ਅਭੀਕ ਦੇਵ, ਭਾਰਤ ਤੋਂ
ਉਮਰ ਦਰਾਜ ਨਾਗਿਆਣਾ, ਪਾਕਿਸਤਾਨ ਤੋਂ

ਜੈੱਟ ਨੂੰ ਸੁੱਟਿਆ ਗਿਆ ਸੀ, ਅਹਿਮ ਇਹ ਹੈ ਕਿ ਅਜਿਹਾ ਕਿਉਂ ਹੋਇਆ।'

ਪਾਕਿਸਤਾਨ ਨੇ ਦਾਅਵਾ ਕੀਤਾ ਕਿ ਉਸਨੇ ਭਾਰਤ ਦੇ ਹਮਲਿਆਂ ਦਾ ਸਖ਼ਤ ਜਵਾਬ ਦਿੱਤਾ ਹੈ। ਇਸਨੇ ਬਹਾਵਲਪੁਰ ਵਰਗੇ ਇਲਾਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਜਿਨ੍ਹਾਂ ਨੂੰ ਭਾਰਤ ਦੇ 'ਆਪ੍ਰੇਸ਼ਨ ਸਿੰਦੂਰ' ਤਹਿਤ ਨਿਸ਼ਾਨਾ ਬਣਾਇਆ ਗਿਆ ਸੀ।

ਰੱਖਿਆ ਮਾਹਰ ਅਤੇ ਸਾਬਕਾ ਭਾਰਤੀ ਸਮੁੰਦਰੀ ਸੈਨਾ ਅਧਿਕਾਰੀ ਕਮੋਡੋਰ ਅਨਿਲ ਜੈ ਸਿੰਘ ਕਹਿੰਦੇ ਹਨ, 'ਭਾਰਤ ਸਰਹੱਦ ਪਾਰ ਕੀਤੇ ਬਿਨ੍ਹਾਂ ਮਿਜ਼ਾਈਲਾਂ ਅਤੇ ਡਰੋਨਾਂ ਦੀ ਵਰਤੋਂ ਕਰਕੇ ਸਟੀਕ ਹਮਲੇ ਕਰਕੇ ਪਾਕਿਸਤਾਨ ਵਿੱਚ ਅੱਤਵਾਦੀ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਦੇ ਯੋਗ ਸੀ।'

ਭਾਰਤ ਨੇ ਕਿਹਾ ਕਿ ਉਸਨੇ 'ਨੌਂ ਅੱਤਵਾਦੀ ਕੈਂਪਾਂ' ਨੂੰ ਤਬਾਹ ਕਰ ਦਿੱਤਾ ਹੈ, 'ਅੱਤਵਾਦੀ ਸੰਗਠਨਾਂ ਦੇ ਕਮਾਂਡਰਾਂ' ਨੂੰ ਮਾਰ ਦਿੱਤਾ ਹੈ ਅਤੇ ਪਾਕਿਸਤਾਨ ਦੀਆਂ 'ਹਵਾਈ ਰੱਖਿਆ ਕਮਜ਼ੋਰੀਆਂ' ਦਾ ਪਰਦਾਫਾਸ਼ ਕੀਤਾ ਹੈ।

ਜਦੋਂ ਕਿ ਪਾਕਿਸਤਾਨ ਨੇ ਭਾਰਤ ਦੇ ਇਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ।

ਇਸਲਾਮਾਬਾਦ ਸਥਿਤ ਰੱਖਿਆ ਮਾਹਰ ਆਮਿਰ ਰਾਣਾ ਦਾ ਮੰਨਣਾ ਹੈ ਕਿ ਇਹ ਕਹਿਣਾ ਸਮੇਂ ਤੋਂ ਪਹਿਲਾਂ ਹੋਵੇਗਾ ਕਿ 'ਸ਼ਕਤੀ ਦਾ ਤਰਾਜ਼ੂ ਕਿਸੇ ਇੱਕ ਦੇਸ਼ ਦੇ ਹੱਕ ਵਿੱਚ ਝੁਕਿਆ ਹੋਇਆ ਹੈ।'

ਆਮਿਰ ਰਾਣਾ ਨੇ ਕਿਹਾ, 'ਪਾਕਿਸਤਾਨੀ ਫੌਜ ਨੂੰ ਹੁਣ ਭਰੋਸਾ ਹੈ ਕਿ ਉਹ ਇੱਕ ਤੋਂ ਵੱਧ ਮੋਰਚਿਆਂ 'ਤੇ ਆਪਣੇ ਤੋਂ ਕਈ ਗੁਣਾ ਵੱਡੇ ਦੁਸ਼ਮਣ ਦਾ ਸਾਹਮਣਾ ਕਰ ਸਕਦੀ ਹੈ ਅਤੇ ਇਸ ਨੇ ਭਾਰਤ ਨੂੰ ਹੈਰਾਨ ਕਰ ਦਿੱਤਾ।'

ਇਸ ਟਕਰਾਅ ਤੋਂ ਬਾਅਦ, ਪਾਕਿਸਤਾਨ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਮੰਨੇ ਜਾਂਦੇ ਪਾਕਿਸਤਾਨੀ ਫ਼ੌਜ ਮੁਖੀ ਅਸੀਮ ਮੁਨੀਰ ਦੀ ਪ੍ਰਸਿੱਧੀ ਵਧ ਗਈ, ਜੋ ਘਰੇਲੂ ਸਿਆਸਤ ਵਿੱਚ ਦਖਲਅੰਦਾਜ਼ੀ ਅਤੇ ਇਮਰਾਨ ਖਾਨ ਦੇ ਸਮਰਥਕਾਂ ਵਿਰੁੱਧ ਕਾਰਵਾਈ ਕਾਰਨ ਘੱਟ ਗਈ ਸੀ।

ਇਸ ਤੋਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੂੰ ਫੀਲਡ ਮਾਰਸ਼ਲ ਵਜੋਂ ਤਰੱਕੀ ਦਿੱਤੀ ਗਈ।

ਸਾਬਕਾ ਫੌਜੀ ਅਧਿਕਾਰੀ ਕਮੋਡੋਰ ਅਨਿਲ ਜੈ ਸਿੰਘ ਦਾ ਕਹਿਣਾ ਹੈ ਕਿ ਭਾਰਤ ਦੇ ਹਮਲੇ ਭਵਿੱਖ ਵਿੱਚ ਹੋਣ ਵਾਲੇ ਅੱਤਵਾਦੀ ਹਮਲਿਆਂ ਨੂੰ ਰੋਕ ਸਕਦੇ ਹਨ ਅਤੇ 'ਜੇਕਰ ਇਹ ਦੁਬਾਰਾ ਹੁੰਦੇ ਹਨ, ਤਾਂ ਇਹ ਪਾਕਿਸਤਾਨ ਲਈ ਨੁਕਸਾਨਦੇਹ ਹੋਵੇਗਾ।'

ਲੇਖਕ ਅਤੇ ਅੱਤਵਾਦ ਵਿਰੋਧੀ ਨੀਤੀ ਮਾਹਰ ਅਜੈ ਸਾਹਨੀ ਕਹਿੰਦੇ ਹਨ ਕਿ ਇਹ ਸੰਭਾਵਨਾ ਘੱਟ ਹੈ ਕਿ ਪਾਕਿਸਤਾਨ ਡਰ ਦੇ ਮਾਰੇ ਪਿੱਛੇ ਹਟੇਗਾ। ਉਹ ਪਾਕਿਸਤਾਨ ਦੀ ਆਪਣੇ ਆਪ ਨੂੰ 'ਜੇਤੂ' ਦਰਸਾਉਣ ਦੀ ਰਣਨੀਤੀ ਵੱਲ ਵੀ ਇਸ਼ਾਰਾ ਕਰਦੇ ਹਨ।

ਜਿੱਥੇ ਪਾਕਿਸਤਾਨ ਨੇ ਆਪਣੇ ਫੌਜੀ ਹਵਾਈ ਅੱਡਿਆਂ 'ਤੇ ਹਮਲੇ ਨੂੰ ਸਵੀਕਾਰ ਕੀਤਾ, ਉੱਥੇ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਦੇਸ਼ ਨੇ 'ਭਾਰਤ ਵਿਰੁੱਧ ਬਦਲਾ ਲਿਆ' ਹੈ।

ਅਜੇ ਸਾਹਨੀ ਕਹਿੰਦੇ ਹਨ, 'ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਪਾਕਿਸਤਾਨ ਇਸ ਕਾਰਵਾਈ ਤੋਂ ਪਿੱਛੇ ਹਟੇਗਾ। ਜੇਕਰ ਕੁਝ ਹੁੰਦਾ ਹੈ, ਤਾਂ ਪਾਕਿਸਤਾਨੀ ਅੱਤਵਾਦੀ ਟਿਕਾਣਿਆਂ ਨੂੰ ਨਵੀਆਂ ਸਥਿਤੀਆਂ ਵਿੱਚੋਂ ਲੰਘਣਾ ਪਵੇਗਾ।'

ਅਮੀਰ ਰਾਣਾ ਕਹਿੰਦੇ ਹਨ, 'ਇਹ ਜੰਗਬੰਦੀ ਇਸ ਗੱਲ ਦੀ ਗਰੰਟੀ ਨਹੀਂ ਦਿੰਦੀ ਕਿ ਫੌਜੀ ਟਕਰਾਅ ਖ਼ਤਮ ਹੋ ਗਿਆ ਹੈ।'

ਇਸ ਦੀ ਬਜਾਇ, ਉਹ ਕਹਿੰਦੇ ਹਨ, ਚਾਰ ਦਿਨਾਂ ਦੇ ਟਕਰਾਅ ਨੇ ਅਸਲ ਵਿੱਚ 'ਇੱਕ ਨਵੀਂ ਹਥਿਆਰਾਂ ਦੀ ਦੌੜ ਦੇ ਜੋਖਮ ਨੂੰ ਵਧਾ ਦਿੱਤਾ ਹੈ'।

ਆਮਿਰ ਰਾਣਾ ਨੇ ਕਿਹਾ ਕਿ ਟਕਰਾਅ ਦੌਰਾਨ, ਪਾਕਿਸਤਾਨ ਦਾ ਧਿਆਨ ਚੀਨੀ ਹਥਿਆਰਾਂ ਅਤੇ ਉਨ੍ਹਾਂ ਦੀ ਤਕਨਾਲੋਜੀ ਦੀ ਵਰਤੋਂ 'ਤੇ ਸੀ।

ਉਹ ਕਹਿੰਦੇ ਹਨ, 'ਜ਼ਿਆਦਾ ਅਹਿਮ ਇਹ ਸੀ ਕਿ ਪਾਕਿਸਤਾਨ ਨੇ ਚੀਨੀ ਤਕਨਾਲੋਜੀ ਦੀ ਵਰਤੋਂ ਕਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ।'

ਇਸ ਦੌਰਾਨ, ਭਾਰਤੀ ਵਿਸ਼ਲੇਸ਼ਕ ਅਜੈ ਸਾਹਨੀ ਦਾ ਕਹਿਣਾ ਹੈ ਕਿ ਪਾਕਿਸਤਾਨ ਦੀਆਂ ਕਾਰਵਾਈਆਂ ਨੇ 'ਇੱਕ ਫੌਜੀ ਤਕਨੀਕੀ ਸ਼ਕਤੀ ਵਜੋਂ ਚੀਨ ਦੀ ਕੌਮਾਂਤਰੀ ਸਥਿਤੀ ਨੂੰ ਪ੍ਰਦਰਸ਼ਿਤ ਅਤੇ ਮਜ਼ਬੂਤ ਕੀਤਾ ਹੈ।' ਉਹ ਕਹਿੰਦੇ ਹਨ, 'ਇਸ ਨਾਲ ਚੀਨ ਅਤੇ ਭਾਰਤ ਵਿਚਕਾਰ ਦਰਾਰ ਹੋਰ ਡੂੰਘੀ ਹੋ ਸਕਦੀ ਹੈ ਅਤੇ ਨਾਲ ਹੀ ਪਾਕਿਸਤਾਨ ਨਾਲ ਇਸ ਦੇ ਰਿਸ਼ਤੇ ਹੋਰ ਵੀ ਮਜ਼ਬੂਤ ਹੋਣਗੇ।'

**ਵਫ਼ਦ ਅਤੇ ਕੂਟਨੀਤੀ** : ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਨੇ ਉਸ ਸਮੇਂ ਅਚਾਨਕ ਮੋੜ ਲੈ ਲਿਆ ਜਦੋਂ 10 ਮਈ ਨੂੰ, ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਐਲਾਨ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਰਾਤ ਭਰ ਚੱਲੀ ਲੰਬੀ ਗੱਲਬਾਤ ਤੋਂ ਬਾਅਦ 'ਤੁਰੰਤ ਅਤੇ ਸੰਪੂਰਨ ਜੰਗਬੰਦੀ ਲਈ ਸਹਿਮਤ ਹੋ ਗਏ ਹਨ'।

ਪਾਕਿਸਤਾਨ ਨੇ ਇਸ ਐਲਾਨ ਦਾ ਸਵਾਗਤ ਕੀਤਾ, ਜਦੋਂ ਕਿ ਭਾਰਤ ਨੇ ਟਰੰਪ ਦੇ ਜੰਗਬੰਦੀ ਦੇ ਦਾਅਵੇ ਬਾਰੇ ਕੁਝ ਨਹੀਂ ਕਿਹਾ।

ਭਾਰਤ ਨੇ ਸਿਰਫ਼ ਜੰਗਬੰਦੀ 'ਤੇ ਸਮਝੌਤੇ ਬਾਰੇ ਗੱਲ ਕੀਤੀ। ਹਾਲਾਂਕਿ, ਬਾਅਦ ਵਿੱਚ ਭਾਰਤ ਨੇ ਇਹ ਵੀ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਖ਼ਤਮ ਨਹੀਂ ਹੋਇਆ ਹੈ।

ਭਾਰਤ ਲੰਬੇ ਸਮੇਂ ਤੋਂ ਕਹਿੰਦਾ ਆ ਰਿਹਾ ਹੈ ਕਿ ਪਾਕਿਸਤਾਨ ਨਾਲ ਕੋਈ ਵੀ ਮੁੱਦਾ ਦੁਵੱਲੇ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ।

ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਾਜ਼ਾ ਟਕਰਾਅ ਭਾਰਤ ਵੱਲੋਂ ਪਾਕਿਸਤਾਨ ਤੋਂ ਦੂਰੀ ਬਣਾਉਣ ਲਈ ਸਾਲਾਂ ਤੋਂ ਚੱਲ ਰਹੇ ਕੂਟਨੀਤਕ ਯਤਨਾਂ ਨੂੰ ਰੱਦ ਕਰ ਸਕਦਾ ਹੈ, ਖ਼ਾਸ ਕਰਕੇ ਜਦੋਂ ਭਾਰਤ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰ ਦਿੱਤਾ।

ਸਾਬਕਾ ਡਿਪਲੋਮੈਟ ਨਿਰੂਪਮਾ ਰਾਓ ਕਹਿੰਦੇ ਹਨ, 'ਵਿਸ਼ਵਵਿਆਪੀ ਦ੍ਰਿਸ਼ਟੀਕੋਣ ਵਿੱਚ ਭਾਰਤ ਅਤੇ ਪਾਕਿਸਤਾਨ ਨੂੰ ਦੁਬਾਰਾ ਨੇੜੇ ਲਿਆਉਣ ਦੀ ਗੱਲ, ਖ਼ਾਸ ਕਰਕੇ ਅਮਰੀਕਾ ਦੇ ਬਿਆਨ ਦੇ ਸੰਦਰਭ ਵਿੱਚ ਜੋ ਜੰਗਬੰਦੀ ਵਿੱਚ ਆਪਣੀ ਭੂਮਿਕਾ ਦੀ ਵਿਆਖਿਆ ਕਰ ਰਿਹਾ ਹੈ, ਭਾਰਤ ਲਈ ਇੱਕ ਤਰ੍ਹਾਂ ਦੀ ਕੂਟਨੀਤਕ ਪਿੱਛੇ ਹਟਣਾ ਹੈ।'

ਆਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਕੌਮਾਂਤਰੀ ਸਬੰਧਾਂ ਦੇ ਪ੍ਰੋਫੈਸਰ ਹਰਸ਼ ਪੰਤ ਦਾ ਕਹਿਣਾ ਹੈ ਕਿ ਭਾਰਤ ਦਾ ਵੱਖ-ਵੱਖ ਦੇਸ਼ਾਂ ਵਿੱਚ ਸਰਬ-ਪਾਰਟੀ ਵਫ਼ਦ ਭੇਜਣ ਦਾ ਫੈਸਲਾ ਆਪਣੀ ਗੱਲ ਦੁਨੀਆ ਸਾਹਮਣੇ ਰੱਖਣ ਦੀ ਕੋਸ਼ਿਸ਼ ਹੈ।

ਇਸ ਦੌਰਾਨ, ਪਾਕਿਸਤਾਨ ਨੇ ਵੀ ਪੰਜ ਦੇਸ਼ਾਂ ਵਿੱਚ ਆਪਣੇ ਵਫ਼ਦ ਭੇਜੇ ਹਨ। ਇਹ ਵੀ ਮਹੱਤਵਪੂਰਨ ਹੈ ਕਿ ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਵਫ਼ਦ ਦਾ ਮਕਸਦ 'ਦੁਨੀਆ ਦੇ ਸਾਹਮਣੇ ਪਾਕਿਸਤਾਨ ਦਾ ਪੱਖ ਸਪੱਸ਼ਟ ਤੌਰ 'ਤੇ ਰੱਖਣਾ' ਹੈ।

ਇਸ ਤੋਂ ਇਲਾਵਾ, ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਅਜ਼ਰਬਾਈਜਾਨ ਅਤੇ ਤੁਰਕੀ ਨਾਲ ਇੱਕ ਤਿਕੋਣੀ ਮੀਟਿੰਗ ਵਿੱਚ ਨਿੱਜੀ ਤੌਰ 'ਤੇ ਹਿੱਸਾ ਲਿਆ।

ਹਾਲ ਹੀ ਵਿੱਚ ਹੋਏ ਟਕਰਾਅ ਤੋਂ ਬਾਅਦ ਇਹ ਦੋਵੇਂ ਦੇਸ਼ ਪਾਕਿਸਤਾਨ ਦਾ ਸਮਰਥਨ ਕਰਦੇ ਦਿਖਾਈ ਦਿੱਤੇ। ਪਾਕਿਸਤਾਨ ਦੇ ਸਾਬਕਾ ਵਿਦੇਸ਼ ਸਕੱਤਰ ਜੌਹਰ ਸਲੀਮ ਕਹਿੰਦੇ ਹਨ, 'ਪਾਕਿਸਤਾਨ ਨੇ ਪਹਿਲਾਂ ਹੀ ਫ਼ੈਸਲਾ ਕਰ ਲਿਆ ਸੀ ਕਿ ਉਹ ਦੁਨੀਆ ਨੂੰ ਦੱਸੇਗਾ ਕਿ ਭਾਰਤ ਇਸ ਖੇਤਰ ਨੂੰ ਜੰਗ ਵੱਲ ਧੱਕ ਰਿਹਾ ਹੈ।'

ਇਸ ਟਕਰਾਅ ਨੇ ਭਾਰਤ ਨੂੰ ਆਪਣੀ ਕੂਟਨੀਤਕ ਲਾਈਨ ਨੂੰ 'ਮੁੜ ਪਰਿਭਾਸ਼ਿਤ' ਕਰਨ ਲਈ ਵੀ ਪ੍ਰੇਰਿਤ ਕੀਤਾ ਕਿ ਭਾਰਤੀ ਧਰਤੀ 'ਤੇ ਕਿਸੇ ਵੀ 'ਅੱਤਵਾਦੀ ਹਮਲੇ' ਨੂੰ 'ਜੰਗ ਦੀ ਕਾਰਵਾਈ' ਮੰਨਿਆ ਜਾਵੇਗਾ।

ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਇੱਕ ਪ੍ਰੈਸ ਬ੍ਰੀਫਿੰਗ ਵਿੱਚ ਇੱਕ ਫ਼ੋਟੋ ਦਿਖਾ ਕੇ ਕੂਟਨੀਤਕ ਹਮਲੇ ਦੀ ਸੰਭਾਵਨਾ ਨੂੰ ਵਧਾ ਦਿੱਤਾ ਹੈ।

ਫ਼ੋਟੋ ਵਿੱਚ ਦਿਖਾਈ ਦੇਣ ਵਾਲੇ ਇੱਕ ਵਿਅਕਤੀ ਦੀ ਪਛਾਣ ਭਾਰਤੀ ਮੀਡੀਆ ਵਿੱਚ 'ਸੰਯੁਕਤ ਰਾਸ਼ਟਰ ਦੁਆਰਾ ਨਾਮਜ਼ਦ ਅੱਤਵਾਦੀ' ਹਾਫਿਜ਼ ਅਬਦੁਲ ਰਉਫ਼ ਵਜੋਂ ਹੋਈ ਹੈ। ਤਸਵੀਰ ਵਿੱਚ ਉਨ੍ਹਾਂ ਭਾਰਤੀ ਹਮਲਿਆਂ ਵਿੱਚ ਮਾਰੇ ਗਏ ਲੋਕਾਂ ਲਈ ਪ੍ਰਾਰਥਨਾ ਕਰਦੇ ਦੇਖਿਆ ਗਿਆ ਸੀ।

ਵਿਦੇਸ਼ ਗਏ ਭਾਰਤੀ ਵਫ਼ਦ ਨੇ ਆਪਣੀਆਂ ਵੱਖ-ਵੱਖ ਮੀਟਿੰਗਾਂ ਵਿੱਚ ਇਹ ਤਸਵੀਰ ਦੂਜੇ ਦੇਸ਼ਾਂ ਨਾਲ ਸਾਂਝੀ ਕੀਤੀ।

ਪ੍ਰੋਫ਼ੈਸਰ ਹਰਸ਼ ਪੰਤ ਨੇ ਬੀਬੀਸੀ ਹਿੰਦੀ ਨੂੰ ਦੱਸਿਆ ਕਿ ਭਾਰਤੀ ਵਫ਼ਦ ਦੇ ਮੈਂਬਰ 'ਦੁਨੀਆ ਨੂੰ ਪਾਕਿਸਤਾਨ-ਪ੍ਰਯੋਜਿਤ ਅੱਤਵਾਦ ਪ੍ਰਤੀ ਭਾਰਤ ਦੇ ਬਦਲਦੇ ਰਵੱਈਏ ਬਾਰੇ ਦੱਸਣ ਦੇ ਮਕਸਦ ਨਾਲ ਕੰਮ ਕਰ ਰਹੇ ਹਨ।'

ਪਾਕਿਸਤਾਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਫ਼ੋਟੋ ਵਿੱਚਲਾ ਆਦਮੀ ਅੱਤਵਾਦੀ ਸੀ ਅਤੇ ਦਾਅਵਾ ਕੀਤਾ ਕਿ ਉਹ ਇੱਕ 'ਆਮ ਵਿਅਕਤੀ' ਸੀ।

ਪਾਕਿਸਤਾਨ ਨੇ ਅੱਤਵਾਦ ਦਾ ਸਮਰਥਨ ਕਰਨ ਅਤੇ ਆਪਣੀ ਧਰਤੀ 'ਤੇ 'ਅੱਤਵਾਦੀ ਬੁਨਿਆਦੀ ਢਾਂਚੇ' ਦੀ ਮੌਜੂਦਗੀ ਤੋਂ ਵੀ ਇਨਕਾਰ ਕੀਤਾ।

ਇਸ ਦੇ ਉਲਟ, ਪਾਕਿਸਤਾਨ ਦੇ ਜੌਹਰ ਸਲੀਮ ਕਹਿੰਦੇ ਹਨ, ਵਿਸ਼ਵ ਪੱਧਰ 'ਤੇ ਪਾਕਿਸਤਾਨੀ ਵਫ਼ਦ ਦਾ ਇੱਕ ਮਕਸਦ 'ਸਬੂਤ' ਦਿਖਾਉਣਾ ਹੈ ਕਿ 'ਭਾਰਤ ਪਾਕਿਸਤਾਨ ਦੇ ਅੰਦਰ ਅੱਤਵਾਦ ਨੂੰ ਸਪਾਂਸਰ ਕਰ ਰਿਹਾ ਹੈ।'

ਜੌਹਰ ਸਲੀਮ ਕਹਿੰਦੇ ਹਨ ਕਿ ਇਸ ਤੋਂ ਇਲਾਵਾ, ਹੋਰ ਮੁੱਦਿਆਂ ਵਿੱਚ ਕਸ਼ਮੀਰ ਮੁੱਦੇ ਨੂੰ ਕੌਮਾਂਤਰੀ ਪੱਧਰ 'ਤੇ ਲਿਆਉਣਾ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਿੰਧੂ ਜਲ ਸਮਝੌਤੇ (ਜਿਸ ਨੂੰ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਮੁਅੱਤਲ ਕਰ ਦਿੱਤਾ ਹੈ) ਵੱਲ ਦੁਨੀਆ ਦਾ ਧਿਆਨ ਖਿੱਚਣਾ ਸ਼ਾਮਲ ਹੈ।

'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਦੇਸ਼ ਦੇ ਨਾਮ ਆਪਣੇ ਸੰਬੋਧਨ ਵਿੱਚ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਰੱਖਣ ਦੀ ਮੰਗ ਕੀਤੀ ਅਤੇ ਕਿਹਾ ਕਿ 'ਖ਼ੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ'।

**ਮੁੱਦੇ 'ਤੇ ਰਾਜਨੀਤੀ** : ਇੱਕ ਪਾਸੇ, ਭਾਰਤ ਇਸ ਟਕਰਾਅ 'ਤੇ ਆਪਣਾ ਦ੍ਰਿਸ਼ਟੀਕੋਣ ਦੁਨੀਆ ਭਰ ਦੇ ਦੂਜੇ ਦੇਸ਼ਾਂ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਦੋਂ ਕਿ ਦੂਜੇ ਪਾਸੇ, ਪ੍ਰਧਾਨ ਮੰਤਰੀ ਮੋਦੀ ਘਰੇਲੂ ਸਿਆਸਤ ਵਿੱਚ ਇਸ ਮੁੱਦੇ ਨੂੰ ਲਗਾਤਾਰ ਚਰਚਾ ਦੇ ਕੇਂਦਰ ਵਿੱਚ ਰੱਖ ਰਹੇ ਹਨ।

ਜਦੋਂ ਤੋਂ 'ਆਪ੍ਰੇਸ਼ਨ ਸਿੰਦੂਰ' ਕੀਤਾ ਗਿਆ ਹੈ, ਇਸ ਦਾ ਜ਼ਿਕਰ ਨਿਯਮਿਤ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣਾਂ ਵਿੱਚ ਸ਼ਾਮਲ ਹੁੰਦਾ ਰਿਹਾ ਹੈ।

ਆਪਣੇ ਇੱਕ ਭਾਸ਼ਣ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਉਨ੍ਹਾਂ ਦੀਆਂ ਨਾੜੀਆਂ ਵਿੱਚ ਸਿੰਦੂਰ ਵਗਦਾ ਹੈ। ਉਨ੍ਹਾਂ ਪਾਕਿਸਤਾਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ, ਮੋਦੀ ਦੀ ਗੋਲੀ ਅੱਤਵਾਦ ਦੇ ਠਿਕਾਣਿਆਂ ਵਿਰੁੱਧ ਤਿਆਰ ਹੈ।'

ਇਸ ਦੇ ਨਾਲ ਹੀ, ਵਿਰੋਧੀ ਧਿਰ ਕਾਂਗਰਸ ਨੇ ਇਸ ਟਕਰਾਅ ਸੰਬੰਧੀ ਕਈ ਸਵਾਲ ਖੜ੍ਹੇ ਕੀਤੇ ਹਨ ਅਤੇ ਭਾਜਪਾ ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਲਈ ਸੰਸਦ ਦਾ ਸਾਂਝਾ ਸੈਸ਼ਨ ਬੁਲਾਉਣ ਲਈ ਕਿਹਾ ਹੈ।

ਸਿਆਸੀ ਟਿੱਪਣੀਕਾਰ ਅਦਿਤੀ ਫੜਨਿਸ ਦਾ ਕਹਿਣਾ ਹੈ, 'ਪ੍ਰਧਾਨ ਮੰਤਰੀ ਮੋਦੀ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਬਿਹਾਰ ਚੋਣਾਂ ਵਿੱਚ ਇਸ ਮੁੱਦੇ ਨੂੰ ਹੋਰ ਤਿੱਖਾ ਕਰਨਗੇ।'

ਉਨ੍ਹਾਂ ਇਹ ਵੀ ਕਿਹਾ ਕਿ ਵਿਦੇਸ਼ ਵਿੱਚ ਸਰਬ-ਪਾਰਟੀ ਵਫ਼ਦ ਭੇਜਣ ਦਾ ਫ਼ੈਸਲਾ ਇਹ ਦਰਸਾਉਣ ਲਈ ਇੱਕ ਰਣਨੀਤਿਕ ਕਦਮ ਹੈ ਕਿ ਵਿਰੋਧੀ ਧਿਰ ਵੀ ਕੌਮ ਹਿੱਤ ਲਈ ਮੋਦੀ ਨਾਲ ਇੱਕਜੁੱਟ ਹੈ।

ਸੀਨੀਅਰ ਭਾਰਤੀ ਪੱਤਰਕਾਰ ਨੀਰਜਾ ਚੌਧਰੀ ਦਾ ਮੰਨਣਾ ਹੈ ਕਿ ਇਸ ਮੁੱਦੇ 'ਤੇ ਮੋਦੀ ਦੇ ਪਿੱਛੇ ਖੜ੍ਹੀਆਂ ਸਾਰੀਆਂ ਪਾਰਟੀਆਂ ਇੱਕ ਆਗੂ ਦੇ ਰੂਪ ਵਿੱਚ ਉਨ੍ਹਾਂ ਦਾ ਅਕਸ ਹੋਰ ਵਧਾਉਣਗੀਆਂ, ਹਾਲਾਂਕਿ ਉਹ ਕਹਿੰਦੇ ਹਨ ਕਿ ਇਸਦਾ ਇੱਕ ਨਕਾਰਾਤਮਕ ਪਹਿਲੂ ਵੀ ਹੋ ਸਕਦਾ ਹੈ।

ਨੀਰਜਾ ਚੌਧਰੀ ਕਹਿੰਦੀ ਹੈ, 'ਇਸ ਤੋਂ ਵਿਰੋਧੀ ਧਿਰ ਨੂੰ ਵੀ ਫਾਇਦਾ ਹੋਇਆ ਹੈ। ਤੁਸੀਂ ਅਚਾਨਕ ਵਿਰੋਧੀ ਆਗੂਆਂ ਨੂੰ ਸੁਰਖੀਆਂ ਵਿੱਚ ਦੇਖ ਰਹੇ ਹੋ ਕਿਉਂਕਿ ਉਹ ਕੌਮਾਂਤਰੀ ਪੱਧਰ 'ਤੇ ਰਾਸ਼ਟਰਵਾਦ ਨੂੰ ਉਦਾਰਵਾਦੀ ਕਦਰਾਂ-ਕੀਮਤਾਂ ਨਾਲ ਜੋੜਨ ਵਿੱਚ ਸਫ਼ਲ ਹੋਏ ਹਨ।'

ਉਹ ਕਹਿੰਦੇ ਹਨ ਕਿ ਇਸ ਕਦਮ ਕਾਰਨ, ਭਾਜਪਾ ਸਿਰਫ਼ ਚੋਣ ਰਾਜਨੀਤੀ ਵਿੱਚ ਰਾਸ਼ਟਰਵਾਦ ਦੇ ਮੁੱਦੇ ਦਾ ਫਾਇਦਾ ਨਹੀਂ ਉਠਾ ਸਕੇਗੀ।

ਉਨ੍ਹਾਂ ਕਿਹਾ, 'ਹੁਣ ਉਨ੍ਹਾਂ ਨੂੰ ਵਿਰੋਧੀ ਧਿਰ ਨਾਲ ਵੀ ਰਾਸ਼ਟਰਵਾਦ ਦੀ ਕਹਾਣੀ ਸਾਂਝੀ ਕਰਨੀ ਪਵੇਗੀ।'

ਇਸ ਦੌਰਾਨ, ਪਾਕਿਸਤਾਨੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਟਕਰਾਅ ਤੋਂ ਬਾਅਦ ਸਭ ਤੋਂ ਵੱਡਾ ਸਿਆਸੀ ਬਦਲਾਅ ਇਹ ਹੈ ਕਿ ਦੇਸ਼ ਦੀ ਫੌਜ ਦੀ ਪ੍ਰਸਿੱਧੀ ਕਈ ਗੁਣਾ ਵਧ ਗਈ ਹੈ।

ਫੌਜ ਮੁਖੀ ਅਸੀਮ ਮੁਨੀਰ ਤੋਂ ਇਲਾਵਾ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਦੇ ਮੁਖੀ ਲੈਫਟੀਨੈਂਟ ਜਨਰਲ ਅਸੀਮ ਮਲਿਕ ਨੂੰ ਵੀ ਤਰੱਕੀ ਦਿੱਤੀ ਗਈ ਹੈ। ਉਹ ਹੁਣ ਪਾਕਿਸਤਾਨ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਬਣ ਗਏ ਹਨ।

ਲਾਹੌਰ ਸਥਿਤ ਪੱਤਰਕਾਰ ਮਾਜਿਦ ਨਿਜ਼ਾਮੀ ਕਹਿੰਦੇ ਹਨ ਕਿ ਸਾਬਕਾ ਫੌਜ ਮੁਖੀ ਪਰਵੇਜ਼ ਮੁਸ਼ੱਰਫ ਦੇ ਸ਼ਾਸਨ ਦੇ ਪਤਨ ਤੋਂ ਬਾਅਦ, ਇੱਕ ਆਮ ਧਾਰਨਾ ਸੀ ਕਿ ਫੌਜ ਅਤੇ ਜਨਤਾ ਵਿਚਕਾਰ ਸਬੰਧ ਕਮਜ਼ੋਰ ਹੋ ਗਏ ਸਨ।

ਨਿਜ਼ਾਮੀ ਕਹਿੰਦੇ ਹਨ, 'ਭਾਰਤ-ਪਾਕਿਸਤਾਨ ਟਕਰਾਅ ਦੌਰਾਨ ਜਨਤਾ ਨੇ ਜਿਸ ਤਰ੍ਹਾਂ ਫੌਜ ਦਾ ਮਜ਼ਬੂਤੀ ਨਾਲ ਸਮਰਥਨ ਕੀਤਾ ਅਤੇ ਉਸ ਦੇ ਨਾਲ ਖੜ੍ਹੀ ਰਹੀ, ਉਸ ਨੇ ਇਸ ਧਾਰਨਾ ਨੂੰ ਬਦਲ ਦਿੱਤਾ।'

ਹਾਲਾਂਕਿ, ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਸਿਆਸੀ ਪਾਰਟੀਆਂ ਨੂੰ ਇਸ ਤੋਂ ਕੋਈ ਲਾਭ ਨਹੀਂ ਮਿਲ ਸਕਦਾ।

**ਬੀਬੀਸੀ 'ਚੋਂ ਧੰਨਵਾਦ ਸਹਿਤ**

# 'ਆਪ' ਦੇ ਮਹਿਲਾ ਵਿੰਗ ਦੀ ਸਾਬਕਾ ਪ੍ਰਧਾਨ ਅਕਾਲੀ ਦਲ 'ਚ ਸ਼ਾਮਲ

## ਭਗਵੰਤ ਮਾਨ ਨੇ ਪੰਜਾਬ ਨੂੰ ਕਰਜ਼ਾਈ ਕੀਤਾ: ਸੁਖਬੀਰ ਬਾਦਲ



ਲੁਧਿਆਣਾ : ਆਮ ਆਦਮੀ ਪਾਰਟੀ ਦੀ ਸਾਬਕਾ ਸੂਬਾ ਮਹਿਲਾ ਵਿੰਗ ਦੀ ਪ੍ਰਧਾਨ ਪ੍ਰੀਤੀ ਮਲਹੋਤਰਾ ਅੱਜ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਈ ਹੈ। ਲੁਧਿਆਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰੀਤੀ ਮਲਹੋਤਰਾ ਤੇ ਉਸ ਦੇ ਸਾਥੀਆਂ ਨੂੰ ਸਿਰੋਪਾ ਦੇ ਕੇ ਪਾਰਟੀ ਵਿੱਚ ਸ਼ਾਮਲ ਕੀਤਾ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਪੰਜਾਬ ਸਰਕਾਰ ਦੇ ਕੰਮਾਂ ਵਿੱਚ ਦਖ਼ਲਅੰਦਾਜ਼ੀ ਨੂੰ ਵੇਖਦਿਆਂ 'ਆਪ' ਵਰਕਰਾਂ ਵਿੱਚ ਭਾਰੀ ਰੋਸ ਹੈ ਅਤੇ ਇਸੇ ਕਰਕੇ ਉਹ ਆਪਣੀ ਪਾਰਟੀ ਨੂੰ ਅਲਵਿਦਾ ਆਖ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਹੀ ਹਾਲ ਰਿਹਾ ਤਾਂ ਅਗਲੀਆਂ ਚੋਣਾਂ ਤੱਕ ਪਾਰਟੀ ਖ਼ਾਲੀ ਹੋ ਜਾਵੇਗੀ। ਸੁਖਬੀਰ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਨੇ ਪੰਜਾਬ ਨੂੰ ਲੱਖਾਂ ਕਰੋੜ ਦਾ ਕਰਜ਼ਾਈ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਹੁਤ ਗੰਭੀਰ ਬਣੀ ਹੋਈ ਹੈ ਅਤੇ ਇੱਥੋਂ ਦੇ ਕਈ ਸਨਅਤਕਾਰਾਂ ਨੇ ਦੱਸਿਆ ਕਿ ਗੈਂਗਸਟਰ ਫੋਨ ਕਰ ਕੇ ਉਨ੍ਹਾਂ ਕੋਲੋਂ ਫਿਰੌਤੀਆਂ ਮੰਗ ਰਹੇ ਹਨ ਪਰ ਪੁਲੀਸ ਬੇਵੱਸ ਹੈ। ਇਸ ਮੌਕੇ ਹਲਕਾ ਪੱਛਮੀ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਅਮਰਜੀਤ ਸਿੰਘ ਚਾਵਲਾ ਅਤੇ ਕਮਲ ਚੇਟਲੀ ਵੀ ਮੌਜੂਦ ਸਨ।

### ਭਗਵੰਤ ਮਾਨ ਨੇ ਬਾਹਰਲੇ ਬੰਦਿਆਂ ਨੂੰ ਚੇਅਰਮੈਨੀਆਂ ਸੌਂਪੀਆਂ: ਪ੍ਰੀਤੀ ਮਲਹੋਤਰਾ

ਪ੍ਰੀਤੀ ਮਲਹੋਤਰਾ ਨੇ ਦੱਸਿਆ ਕਿ ਭਗਵੰਤ ਮਾਨ ਨੇ ਪੰਜਾਬ ਤੋਂ ਬਾਹਰਲੇ ਬੰਦਿਆਂ ਨੂੰ ਚੇਅਰਮੈਨੀਆਂ ਤੇ ਹੋਰ ਅਹੁਦੇ ਦੇ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨ ਵਾਲੇ ਵਰਕਰਾਂ ਨਾਲ ਧੋਖਾ ਕੀਤਾ ਹੈ। ਪ੍ਰੀਤੀ ਮਲਹੋਤਰਾ ਨੇ ਕਿਹਾ ਕਿ ਉਸ ਨੇ ਆਪਣੀ ਗੱਲ ਪਾਰਟੀ ਪਲੇਟਫਾਰਮ 'ਤੇ ਰੱਖਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਉਨ੍ਹਾਂ ਦੀ ਕੋਈ ਵੀ ਗੱਲ ਨਹੀਂ ਸੁਣੀ ਗਈ। ਇਸ ਦੇ ਰੋਸ ਵਜੋਂ ਉਸ ਨੇ ਪਟਿਆਲਾ 'ਚ ਪਾਰਟੀ ਲੀਡਰਸ਼ਿਪ ਖ਼ਿਲਾਫ਼ ਧਰਨਾ ਦਿੱਤਾ ਸੀ।

# ਆਸ਼ੂ ਨਾਮਜ਼ਦ ਹੀ ਨਹੀਂ, ਅਗਾਊਂ ਜ਼ਮਾਨਤ ਅਰਜ਼ੀ ਹੋਈ ਰੱਦ

ਲੁਧਿਆਣਾ : ਸਾਬਕਾ ਮੰਤਰੀ ਤੇ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੂੰ ਬੁੱਧਵਾਰ ਨੂੰ ਵੱਡਾ ਝਟਕਾ ਲੱਗਾ ਜਦੋਂ ਲੁਧਿਆਣਾ ਦੇ ਵਧੀਕ ਸੈਸ਼ਨ ਜੱਜ ਗੁਰਪ੍ਰੀਤ ਕੌਰ ਦੀ ਅਦਾਲਤ ਨੇ ਉਨ੍ਹਾਂ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ। ਆਸ਼ੂ ਇਸ ਸਮੇਂ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਹਨ ਅਤੇ ਉਨ੍ਹਾਂ 'ਤੇ ਵਿਜੀਲੈਂਸ ਬਿਊਰੋ ਦੁਆਰਾ ਜਾਂਚ ਕੀਤੇ ਜਾ ਰਹੇ ਇੱਕ ਵਿਵਾਦਪੂਰਨ ਜ਼ਮੀਨ ਅਲਾਟਮੈਂਟ ਮਾਮਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਸੀ।



ਅਦਾਲਤ ਨੇ ਪਟੀਸ਼ਨ ਨੂੰ ਅਰਥਹੀਣ ਕਰਾਰ ਦਿੰਦੇ ਹੋਏ ਕਿਹਾ ਕਿ ਮਾਮਲੇ ਦੀ ਜਾਂਚ ਕਰ ਰਹੇ ਵਿਜੀਲੈਂਸ ਬਿਊਰੋ ਦੇ ਡੀਐਸਪੀ ਵਿਨੋਦ ਸ਼ਰਮਾ ਨੇ ਆਪਣੇ ਬਿਆਨ ਵਿੱਚ ਸਪੱਸ਼ਟ ਕੀਤਾ ਹੈ ਕਿ ਆਸ਼ੂ ਨੂੰ ਇਸ ਸਮੇਂ ਮੁਲਜ਼ਮ ਵਜੋਂ ਨਾਮਜ਼ਦ ਨਹੀਂ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 6 ਜੂਨ ਨੂੰ ਵਧੀਕ ਸੈਸ਼ਨ ਜੱਜ ਜਸਵਿੰਦਰ ਸਿੰਘ ਦੀ ਛੁੱਟੀਆਂ ਦੀ ਅਦਾਲਤ ਨੇ ਉਨ੍ਹਾਂ ਨੂੰ ਅੰਤਰਿਮ ਰਾਹਤ ਦਿੱਤੀ ਸੀ, ਜੋ 11 ਜੂਨ ਤੱਕ ਲਾਗੂ ਸੀ। ਅਦਾਲਤ ਦੀ ਕਾਰਵਾਈ ਦੌਰਾਨ, ਆਸ਼ੂ ਵੱਲੋਂ ਪੇਸ਼ ਹੋਏ ਵਕੀਲਾਂ ਨੇ ਗ੍ਰਿਫ਼ਤਾਰੀ ਦੀ ਸੂਰਤ ਵਿੱਚ ਜ਼ਮਾਨਤ ਦੇਣ ਜਾਂ ਘੱਟੋ-ਘੱਟ ਤਿੰਨ ਦਿਨਾਂ ਦਾ ਨੋਟਿਸ ਦੇਣ ਦੀ ਬੇਨਤੀ ਕੀਤੀ। ਦੂਜੇ ਪਾਸੇ, ਸਰਕਾਰ ਵੱਲੋਂ ਜ਼ਿਲ੍ਹਾ ਅਟਾਰਨੀ ਪੁਨੀਤ ਜਗੀ, ਵਧੀਕ ਸਰਕਾਰੀ ਵਕੀਲ ਰਮਨਦੀਪ ਤੂਰ ਗਿੱਲ ਅਤੇ ਵਿਜੀਲੈਂਸ ਬਿਊਰੋ ਦੇ ਏਪੀਪੀ ਗੁਰਪ੍ਰੀਤ ਗਰੇਵਾਲ ਨੇ ਮਾਮਲੇ ਵਿੱਚ ਜ਼ਮਾਨਤ ਦਾ ਵਿਰੋਧ ਕਰਦਿਆਂ ਸਖ਼ਤ ਰੁਖ਼ ਅਪਣਾਇਆ।

ਇਹ ਮਾਮਲਾ 8 ਜਨਵਰੀ, 2025 ਨੂੰ ਲੁਧਿਆਣਾ ਦੇ ਥਾਣਾ ਡਿਵੀਜ਼ਨ ਨੰਬਰ 5 ਵਿੱਚ ਲੁਧਿਆਣਾ ਦੇ ਨਗਰ ਸੁਧਾਰ ਟਰੱਸਟ ਦੇ ਕਾਰਜਕਾਰੀ ਅਧਿਕਾਰੀ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤੀ ਗਈ ਐੱਫਆਈਆਰ ਨਾਲ ਸਬੰਧਤ ਹੈ। ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ 4.7 ਏਕੜ ਜ਼ਮੀਨ ਨਿਊ ਹਾਇਰ ਸੈਕੰਡਰੀ ਸਕੂਲ, ਸਰਾਭਾ ਨਗਰ ਦੀ ਪ੍ਰਬੰਧਕ ਕਮੇਟੀ ਨੂੰ ਇੱਕ ਵਿਦਿਅਕ ਸੰਸਥਾ ਚਲਾਉਣ ਲਈ ਦਿੱਤੀ ਗਈ ਸੀ, ਜਿਸ ਨੂੰ ਬਾਅਦ ਵਿੱਚ ਤਿੰਨ ਸਕੂਲ ਅਤੇ ਨੌਂ ਦੁਕਾਨਾਂ ਦੇ ਰੂਪ ਵਿੱਚ ਵਪਾਰਕ ਵਰਤੋਂ ਵਿੱਚ ਲਿਆਂਦਾ ਗਿਆ। ਸ਼ੁਰੂ ਵਿੱਚ, ਇਹ ਮਾਮਲਾ ਆਈਪੀਸੀ ਦੀ ਧਾਰਾ 420 ਅਤੇ 120-ਬੀ ਦੇ ਤਹਿਤ ਦਰਜ ਕੀਤਾ ਗਿਆ ਸੀ, ਪਰ ਜਾਂਚ ਦੌਰਾਨ, ਧੋਖਾਧੜੀ ਅਤੇ ਗਬਨ ਨਾਲ ਸਬੰਧਤ ਗੰਭੀਰ ਧਾਰਾਵਾਂ, 467, 468, 471 ਅਤੇ 409 ਵੀ ਇਸ ਵਿੱਚ ਜੋੜੀਆਂ ਗਈਆਂ ਸਨ। ਹਾਲਾਂਕਿ ਆਸ਼ੂ ਦਾ ਨਾਮ ਐਫਆਈਆਰ ਵਿੱਚ ਨਹੀਂ ਸੀ, ਪਰ ਬਾਅਦ ਵਿੱਚ ਉਸਦਾ ਨਾਮ ਜਾਂਚ ਵਿੱਚ ਜੋੜਿਆ ਗਿਆ। ਇਹ ਧਿਆਨ ਦੇਣ ਯੋਗ ਹੈ ਕਿ ਇਸ ਮਾਮਲੇ ਨਾਲ ਸਬੰਧਤ ਕਾਰਵਾਈ ਨੂੰ ਲੈ ਕੇ ਵੀ ਵਿਵਾਦ ਖੜ੍ਹਾ ਹੋ ਗਿਆ ਹੈ, ਕਿਉਂਕਿ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਵਿਜੀਲੈਂਸ ਬਿਊਰੋ ਦੇ ਐਸਐਸਪੀ ਜਗਤਪ੍ਰੀਤ ਸਿੰਘ ਨੂੰ ਆਸ਼ੂ ਨੂੰ ਨੋਟਿਸ ਭੇਜਣ ਲਈ ਮੁਅੱਤਲ ਕਰ ਦਿੱਤਾ ਸੀ।

# ਅਮਰੀਕਨ ਫੌਜ ਦੀ 250ਵੀਂ ਵਰ੍ਹੇਗੰਢ 'ਤੇ ਪਾਕਿਸਤਾਨ ਦੇ ਆਰਮੀ ਚੀਫ਼ ਅਸੀਮ ਮੁਨੀਰ ਨੂੰ ਵਿਸ਼ੇਸ਼ ਸੱਦਾ

## ਮੁਨੀਰ ਦੇ ਸੱਦੇ ਨਾਲ ਭਾਰਤ ਦੀ ਵਧੀ ਚਿੰਤਾ, ਕਾਂਗਰਸ ਵਲੋਂ ਸਰਬ ਪਾਰਟੀ ਮੀਟਿੰਗ ਦੀ ਮੰਗ

ਪਾਕਿਸਤਾਨ ਦੇ ਸਭ ਤੋਂ ਸ਼ਕਤੀਸ਼ਾਲੀ ਆਦਮੀ, ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਇਸ ਹਫ਼ਤੇ ਅਮਰੀਕਾ ਦਾ ਦੌਰਾ ਕਰਨਗੇ। ਉਹ ਸ਼ਨੀਵਾਰ, 14 ਜੂਨ ਨੂੰ ਵਾਸ਼ਿੰਗਟਨ ਡੀਸੀ ਵਿੱਚ ਅਮਰੀਕੀ ਫੌਜ ਦੇ 250ਵੇਂ ਵਰ੍ਹੇਗੰਢ ਸਮਾਰੋਹ ਵਿੱਚ ਸ਼ਾਮਲ ਹੋਣਗੇ। ਇਸ ਦਿਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ 79ਵਾਂ ਜਨਮ ਦਿਨ ਵੀ ਹੈ।

ਇਸ ਮੌਕੇ 'ਤੇ ਵਾਸ਼ਿੰਗਟਨ ਵਿੱਚ ਇੱਕ ਪਰੇਡ ਦਾ ਆਯੋਜਨ ਵੀ ਕੀਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਮੁਨੀਰ ਦੇ ਇਸ ਦੌਰੇ ਦੌਰਾਨ ਚੀਨ, ਅੱਤਵਾਦ ਅਤੇ ਭਾਰਤ ਨਾਲ ਤਣਾਅ 'ਤੇ ਲੰਬੀ ਚਰਚਾ ਹੋ ਸਕਦੀ ਹੈ।

ਦੱਸ ਦਈਏ ਕਿ ਮੁਨੀਰ ਦਾ ਅਮਰੀਕਾ ਦਾ ਪਹਿਲਾਂ ਦੌਰਾ 2023 ਵਿੱਚ ਹੋਇਆ ਸੀ, ਜਦੋਂ ਉਹ ਤਤਕਾਲੀ ਅਮਰੀਕੀ ਰੱਖਿਆ ਸਕੱਤਰ ਲੋਇਡ ਆਸਟਿਨ, ਤਤਕਾਲੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੂੰ ਮਿਲੇ ਸਨ।

ਕਾਂਗਰਸ ਨੇ ਇਸਨੂੰ ਭਾਰਤ ਲਈ ਕੂਟਨੀਤਕ ਅਤੇ ਰਣਨੀਤਕ ਤੌਰ 'ਤੇ ਵੱਡਾ ਝਟਕਾ ਦੱਸਦੇ ਹੋਏ ਪ੍ਰਧਾਨ ਮੰਤਰੀ ਮੋਦੀ ਤੋਂ ਤੁਰੰਤ ਸਰਬ-ਪਾਰਟੀ ਮੀਟਿੰਗ ਅਤੇ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਹੈ।



ਕਾਂਗਰਸ ਸੰਸਦ ਮੈਂਬਰ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਅਸੀਮ ਮੁਨੀਰ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਠੀਕ ਪਹਿਲਾਂ ਭੜਕਾਊ ਭਾਸ਼ਾ ਵਰਤੀ ਸੀ, ਇਸ ਲਈ ਅਮਰੀਕਾ ਵੱਲੋਂ ਉਨ੍ਹਾਂ ਨੂੰ ਮਹਿਮਾਨ ਵਜੋਂ ਸੱਦੇ ਜਾਣ 'ਤੇ ਭਾਰਤ ਨੂੰ ਗੰਭੀਰ ਚਿੰਤਾ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਪੁੱਛਿਆ ਕਿ ਅਮਰੀਕਾ ਦਾ ਅਸਲ ਇਰਾਦਾ ਕੀ ਹੈ, ਖਾਸ ਕਰਕੇ ਜਦੋਂ ਹਾਲ ਹੀ ਵਿੱਚ ਅਮਰੀਕੀ ਫੌਜੀ ਅਧਿਕਾਰੀ ਨੇ ਪਾਕਿਸਤਾਨ ਨੂੰ ਅੱਤਵਾਦ ਵਿਰੋਧੀ ਲੜਾਈ ਵਿੱਚ 'ਮਹਾਨ ਭਾਈਵਾਲ' ਕਿਹਾ ਸੀ।

ਕਾਂਗਰਸ ਨੇ ਟਰੰਪ ਪ੍ਰਸ਼ਾਸਨ ਦੇ ਹਾਲੀਆ ਬਿਆਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਮਰੀਕਾ ਭਾਰਤ ਅਤੇ ਪਾਕਿਸਤਾਨ ਨੂੰ ਇੱਕੋ ਪੈਮਾਨੇ 'ਤੇ ਦੇਖ ਰਿਹਾ ਹੈ, ਜੋ ਭਾਰਤ ਦੀ ਕੂਟਨੀਤਕ ਸਥਿਤੀ ਲਈ ਚਿੰਤਾਜਨਕ ਹੈ। ਜੈਰਾਮ ਰਮੇਸ਼ ਨੇ ਇਹ ਵੀ ਖੁਲਾਸਾ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਅਜੇ ਵੀ ਉਹਨਾਂ ਵਫ਼ਦਾਂ ਦਾ ਸਵਾਗਤ ਕਰ ਰਹੇ ਹਨ ਜੋ ਪਾਕਿਸਤਾਨ ਦੀ ਅੱਤਵਾਦ ਵਿੱਚ ਭੂਮਿਕਾ ਬਾਰੇ ਅਮਰੀਕਾ ਅਤੇ ਦੁਨੀਆ ਨੂੰ ਦੱਸ ਕੇ ਆਏ ਹਨ, ਪਰ ਵਾਸ਼ਿੰਗਟਨ ਤੋਂ ਆ ਰਹੀਆਂ ਖ਼ਬਰਾਂ ਭਾਰਤ ਲਈ ਚੁਣੌਤੀ ਬਣ ਰਹੀਆਂ ਹਨ।

ਕਾਂਗਰਸ ਨੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੀ ਜ਼ਿੱਦ ਅਤੇ ਵੱਕਾਰ ਤੋਂ ਉੱਪਰ ਚੜ੍ਹ ਕੇ ਤੁਰੰਤ ਸਰਬ-ਪਾਰਟੀ ਮੀਟਿੰਗ ਅਤੇ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣਾ ਚਾਹੀਦਾ ਹੈ, ਤਾਂ ਜੋ ਦੇਸ਼ ਦੀ ਸਮੂਹਿਕ ਇੱਛਾ ਅਤੇ ਰਣਨੀਤਕ ਰੋਡਮੈਪ ਸਪੱਸ਼ਟ ਕੀਤਾ ਜਾ ਸਕੇ। ਕਾਂਗਰਸ ਨੇ ਚੇਤਾਵਨੀ ਦਿੱਤੀ ਕਿ ਦਹਾਕਿਆਂ ਦੀ ਕੂਟਨੀਤਕ ਪ੍ਰਗਤੀ ਨੂੰ ਇੰਨੀ ਆਸਾਨੀ ਨਾਲ ਕਮਜ਼ੋਰ ਨਹੀਂ ਹੋਣ ਦਿੱਤਾ ਜਾ ਸਕਦਾ।


# ਅੰਮ੍ਰਿਤਸਰ 'ਚ ਬਣੇਗਾ ਅੰਤਰਰਾਸ਼ਟਰੀ ਪੱਧਰ ਦਾ ਕ੍ਰਿਕਟ ਸਟੇਡੀਅਮ-ਭਗਵੰਤ ਮਾਨ

## ਜਲੰਧਰ 'ਚ 78 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮਲਟੀ ਸਪੋਰਟਸ ਕੰਪਲੈਕਸ ਦਾ ਰੱਖਿਆ ਨੀਂਹ ਪੱਥਰ

ਜਲੰਧਰ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇੱਥੇ ਬਰਲਟਨ ਪਾਰਕ ਵਿਖੇ ਕਰਵਾਏ ਗਏ ਇਕ ਸਮਾਗਮ ਦੌਰਾਨ 78 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮਲਟੀ ਸਪੋਰਟਸ ਕੰਪਲੈਕਸ ਦਾ ਬਟਨ ਦਬਾ ਕੇ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਇਹ ਮਲਟੀ ਸਪੋਰਟਸ ਕੰਪਲੈਕਸ ਇਕ ਸਾਲ ਦੇ ਅੰਦਰ ਬਣ ਕੇ ਤਿਆਰ ਹੋ ਜਾਵੇਗਾ ਤੇ ਇਹ ਸਪੋਰਟਸ ਕੰਪਲੈਕਸ ਸੂਬੇ ਅੰਦਰ ਨਾ ਕੇਵਲ ਨੌਜਵਾਨਾਂ ਨੂੰ ਹੀ ਖੇਡਾਂ ਨਾਲ ਜੋੜੇਗਾ, ਬਲਕਿ ਸੂਬੇ ਦੀ ਖੇਡ ਸਨਅਤ ਖਾਸ ਕਰਕੇ ਜਲੰਧਰ ਦੇ ਖੇਡ ਉਦਯੋਗ ਨੂੰ ਵੀ ਹੋਰ ਉਚਾਈਆਂ 'ਤੇ ਲੈ ਕੇ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਉੱਤਰੀ ਭਾਰਤ ਦਾ ਪਹਿਲਾ ਅਜਿਹਾ ਸਪੋਰਟਸ ਕੰਪਲੈਕਸ ਹੋਵੇਗਾ, ਜਿੱਥੇ ਨੌਜਵਾਨ ਵੱਖ-ਵੱਖ ਖੇਡਾਂ 'ਚ ਹਿੱਸਾ ਲੈ ਸਕਣਗੇ ਤੇ ਇਕ ਤਰ੍ਹਾਂ ਨਾਲ ਇਥੇ ਇਕ ਮਿੰਨੀ ਸ਼ਹਿਰ ਵਸ ਜਾਵੇਗਾ। ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਜਲੰਧਰ ਦੀ ਖੇਡ ਸਨਅਤ ਲਈ ਵੀ ਅਹਿਮ ਐਲਾਨ ਕਰਦਿਆਂ ਕਿਹਾ ਕਿ ਸਰਕਾਰ ਜਿੱਥੇ ਫੋਕਲ ਪੁਆਇੰਟ ਚਾਲੂ ਕਰਨ ਜਾ ਰਹੀ ਹੈ, ਉਥੇ ਕਿਸੇ ਵੀ ਤਰ੍ਹਾਂ ਦੀ ਖੇਡ ਸਨਅਤ ਲਈ ਜ਼ਮੀਨਾਂ ਸਮੇਤ ਹੋਰ ਹਰ ਤਰ੍ਹਾਂ ਦੀ ਮਨਜ਼ੂਰੀ 45 ਦਿਨਾਂ 'ਚ ਦਿੱਤੀ ਜਾਵੇਗੀ । ਇਸ ਦੇ ਨਾਲ ਹੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਅੰਦਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਤੇ ਜਲਦ ਹੀ ਖੇਡਾਂ ਦੇ ਖੇਤਰ 'ਚ ਪੰਜਾਬ ਮੁੜ ਦੇਸ਼ ਦਾ ਮੋਹਰੀ ਸੂਬਾ ਬਣੇਗਾ। ਉਨ੍ਹਾਂ ਕਿਹਾ ਕਿ ਇਕ ਸਮਾਂ ਅਜਿਹਾ ਵੀ ਸੀ, ਜਦੋਂ ਪੰਜਾਬ ਦੀ ਖੇਡਾਂ, ਖੇਤੀਬਾੜੀ ਤੇ ਸਨਅਤੀ ਖੇਤਰ 'ਚ ਤੂਤੀ ਬੋਲਦੀ ਸੀ, ਪਰ ਪਿਛਲੇ ਕੁਝ ਅਰਸੇ ਦੌਰਾਨ ਸਮੇਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਹਰ ਖੇਤਰ 'ਚ ਪੱਛੜ ਗਿਆ ਹੈ ਤੇ ਖਾਸ ਕਰਕੇ ਨਸ਼ਿਆਂ ਦਾ ਬੋਲਬਾਲਾ ਇਸ ਕਦਰ ਵਧ ਗਿਆ ਹੈ ਕਿ ਸੂਬੇ ਦੀ ਜਵਾਨੀ ਮੌਤ ਦੇ ਰਾਹ ਪੈ ਗਈ ਹੈ,



ਪਰ ਪੰਜਾਬ ਸਰਕਾਰ ਨੇ ਨਾ ਕੇਵਲ ਨਸ਼ਿਆਂ ਵਿਰੁੱਧ ਯੁੱਧ ਛੇੜਿਆ ਹੋਇਆ ਹੈ, ਬਲਕਿ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਅੰਦਰ ਖੇਡਾਂ ਦਾ ਬੁਨਿਆਦੀ ਢਾਂਚਾ ਵੀ ਤਿਆਰ ਕੀਤਾ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ 13 ਹਜ਼ਾਰ ਪਿੰਡ ਹਨ ਤੇ ਹਰ ਪਿੰਡ 'ਚ ਇਕ-ਇਕ ਖੇਡ ਮੈਦਾਨ ਹੀ ਨਹੀਂ ਬਣਾਇਆ ਜਾਵੇਗਾ, ਬਲਕਿ ਇਨ੍ਹਾਂ ਪਿੰਡਾਂ 'ਚ ਖਿਡਾਰੀਆਂ ਨੂੰ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਮੁਫ਼ਤ ਖੇਡ ਕਿੱਟਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੌਕੇ ਉਨ੍ਹਾਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਨੂੰ ਵੱਡੀ ਪੱਧਰ 'ਤੇ ਸਫਲਤਾ ਮਿਲ ਰਹੀ ਹੈ ਤੇ ਕਈ ਪਿੰਡ ਨਸ਼ਾ ਮੁਕਤ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਕਰਨ ਲਈ ਜਿੱਥੇ ਖੇਡਾਂ ਨੂੰ ਉਤਸ਼ਾਹਿਤ ਕਰ ਰਹੀ ਹੈ, ਉਥੇ ਉਨ੍ਹਾਂ ਲਈ ਰੁਜ਼ਗਾਰ ਦਾ ਵੀ ਪ੍ਰਬੰਧ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਭਗਤ ਕਬੀਰ ਜੈਅੰਤੀ ਦੀ ਸੰਗਤਾਂ ਨੂੰ ਵਧਾਈ ਦਿੱਤੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਜਲੰਧਰ ਵਾਸੀਆਂ ਨੂੰ ਬਣਨ ਵਾਲੇ ਸਪੋਰਟਸ ਕੰਪਲੈਕਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਨਾਲ ਨੌਜਵਾਨਾਂ ਅੰਦਰ ਖੇਡਾਂ ਪ੍ਰਤੀ ਲਗਾਅ ਹੋਰ ਵਧੇਗਾ। ਇਸ ਮੌਕੇ ਉਨ੍ਹਾਂ ਕਿਹਾ ਕਿ ਬਰਲਟਨ ਪਾਰਕ ਦਾ ਨਾਂਅ ਅੰਗਰੇਜ਼ਾਂ ਵੇਲੇ ਦਾ ਹੈ ਤੇ ਜਲਦ ਹੀ ਇਸ ਦਾ ਨਾਂਅ ਕਿਸੇ ਮਹਾਨ ਖਿਡਾਰੀ ਦੇ ਨਾਂਅ 'ਤੇ ਰੱਖਿਆ ਜਾਵੇਗਾ। ਇਸ ਮੌਕੇ ਉਨ੍ਹਾਂ ਦੇਸ਼-ਵਿਦੇਸ਼ 'ਚ ਜਲੰਧਰ ਦਾ ਨਾਂਅ ਰੌਸ਼ਨ ਕਰਨ ਵਾਲੇ ਵੱਖ-ਵੱਖ ਖਿਡਾਰੀਆਂ ਦਾ ਨਾਂਅ ਲੈ ਕੇ ਕਿਹਾ ਕਿ ਜਲੰਧਰ ਨੇ ਦੇਸ਼ ਨੂੰ ਅਨੇਕਾਂ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਦਿੱਤੇ ਹਨ ਤੇ ਖਾਸ ਕਰਕੇ ਹਾਕੀ 'ਚ ਤਾਂ ਕਦੇ ਜਲੰਧਰ ਦੇ ਹੀ 8 ਖਿਡਾਰੀ ਖੇਡਦੇ ਰਹੇ ਹਨ। ਇਸ ਸਮੇਂ ਦੇਸ਼ ਦੀ ਕ੍ਰਿਕਟ ਟੀਮ ਦਾ ਕਪਤਾਨ ਜਿੱਥੇ ਪੰਜਾਬ ਦਾ ਨੌਜਵਾਨ ਸ਼ੁਭਮਨ ਗਿੱਲ ਹੈ, ਉੱਥੇ ਮਹਿਲਾ ਕ੍ਰਿਕਟ ਟੀਮ ਦੀ ਕਪਤਾਨੀ ਵੀ ਹਰਮਨਪ੍ਰੀਤ ਕੌਰ ਦੇ ਹੱਥ ਹੈ ਤੇ ਇਸੇ ਤਰ੍ਹਾਂ ਫੁੱਟਬਾਲ ਟੀਮ ਦਾ ਕਪਤਾਨ ਵੀ ਪੰਜਾਬ ਦਾ ਹੀ ਨੌਜਵਾਨ ਹੈ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਜਲਦ ਹੀ ਅੰਮ੍ਰਿਤਸਰ 'ਚ ਵੀ ਇਕ ਅੰਤਰਰਾਸ਼ਟਰੀ ਪੱਧਰ ਦਾ ਕ੍ਰਿਕਟ ਸਟੇਡੀਅਮ ਉਸਾਰਿਆ ਜਾਵੇਗਾ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਦੁਆਬੇ ਦੇ ਦਿਲ ਜਲੰਧਰ ਵਿਖੇ ਪਹੁੰਚਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਅੱਜ ਮਲਟੀ ਸਪੋਰਟਸ ਕੰਪਲੈਕਸ ਦਾ ਨੀਂਹ ਪੱਥਰ ਰੱਖਣ ਨਾਲ ਸੂਬੇ ਅੰਦਰ ਖੇਡਾਂ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਮੌਕੇ ਰਾਜ ਸਭਾ ਮੈਂਬਰ ਡਾ. ਅਸ਼ੋਕ ਮਿੱਤਲ, ਸੰਤ ਬਲਬੀਰ ਸਿੰਘ ਸੀਚੇਵਾਲ ਸਮੇਤ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਮੌਜੂਦ ਸਨ।



*11 ਜੂਨ ਵਿਸ਼ੇਸ਼ ਜਨਮ ਦਿਹਾੜਾ 1440*

# ਭਗਤ ਕਬੀਰ ਜੀ

ਅੱਠਵੀਂ ਸਦੀ ਮੱਧਕਾਲੀਨ ਕਾਲ ਵਿਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਵਿਚ ਹੋਇਆ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਭਗਤੀ ਲਹਿਰ ਦੇ ਭਗਤਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਭਗਤਾਂ ਨੇ ਸੰਤ-ਲੋਕ ਭਾਸ਼ਾ ਵਿਚ ਅਧਿਆਤਮਕ ਉਪਦੇਸ਼ ਦਿੱਤਾ।

ਨਾਥ-ਜੋਗੀਆਂ ਅਤੇ ਸੂਫੀਆਂ ਦੇ ਰੰਗ ਵਿਚ ਆਪਣੀ ਰਚਨਾ ਨੂੰ ਗਾਇਆ। ਦੂਰ-ਦੂਰ ਤੱਕ ਪ੍ਰਚਾਰ ਭਰਮਣ ਕਰਦੇ ਰਹਿਣ ਨਾਲ ਭਗਤਾਂ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਗੁਰਮਤਿ ਵਿਚਾਰਧਾਰਾ ਕਰਕੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰਯੋਗ ਸਥਾਨ ਮਿਲਿਆ। ਕਾਵਿ-ਰਚਨਾ ਨਿਰਮਾਣ ਅਤੇ ਸਰਗੁਣ ਵਿਚ ਵੰਡੀ ਹੋਈ ਸੀ। ਨਿਰਗੁਣ ਧਾਰਾ ਵਿਚ ਭਗਤ ਰਵਿਦਾਸ ਅਤੇ ਕਬੀਰ ਜੀ ਪ੍ਰਮੁੱਖ ਆਗੂ ਹੋਏ ਹਨ, ਜੋ ਨਿਰੰਕਾਰ ਨੂੰ ਸਿਮਰਦੇ ਹਨ। ਗੁਰਬਾਣੀ ਵਿਚ ਭਗਤਾਂ ’ਤੇ ਕ੍ਰਿਪਾ ਹੋਈ ਹੈ ਕਿ:

ਪ੍ਰਭੂ ਨੇ ਭਗਤ ਜਨਾਂ ਤੋਂ ਆਪ ਹੀ ਆਪਣੀ ਭਗਤੀ ਕਰਾ ਕੇ, ਭਗਤੀ ਦੀ ਬਰਕਤ ਨਾਲ ਉਨ੍ਹਾਂ ਨੂੰ ਆਪਣੀ ਵਡਿਆਈ ਵਿਖਾਲੀ ਹੈ। ਪ੍ਰਭੂ ਭਗਤਾਂ ਦੇ ਹਿਰਦੇ ਵਿਚ ਆਪਣਾ ਭਰੋਸਾ ਆਪ ਉਤਪੰਨ ਕਰਦਾ ਹੈ। ਉਨ੍ਹਾਂ ਤੋਂ ਸੇਵਾ ਆਪ ਹੀ ਕਰਾਈ ਹੈ। ਉਹ ਆਪ ਹੀ ਭਗਤਾਂ ਨੂੰ ਆਪਣੇ ਭਜਨ ਦਾ ਆਨੰਦ ਬਖਸ਼ਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਹਿਰਦੇ ਵਿਚ ਅਡੋਲ ਟਿਕਾ ਰੱਖਿਆ ਹੈ। ਪਰ ਪਾਪੀਆਂ ਨੂੰ ਅਡੋਲ-ਚਿੱਤ ਨਹੀਂ ਰਹਿਣ ਦਿੰਦਾ। ਚੁਣ ਕੇ ਉਨ੍ਹਾਂ ਨੂੰ ਘੋਰ ਨਰਕ ਵਿਚ ਪਾ ਦਿੱਤਾ ਹੈ। ਭਗਤ ਜਨਾਂ ਨੂੰ ਪਿਆਰ ਕਰਦਾ ਹੈ। ਉਨ੍ਹਾਂ ਦਾ ਪੱਖ ਕਰਕੇ ਉਸ ਨੇ ਆਪ ਉਨ੍ਹਾਂ ਨੂੰ ਵਿਕਾਰਾਂ ਤੋਂ ਬਚਾਇਆ ਹੈ।

**ਭਗਤ ਕਬੀਰ ਦਾਸ ਜੀ ਦਾ ਜੀਵਨ:-** ਪੁਰਾਤਨ ਇਤਿਹਾਸ ਵਿਚ ਕਬੀਰ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ ਹਿੰਦੂ ਧਰਮ ਵਿਚ ਹੋਇਆ, ਪਰ ਉਨ੍ਹਾਂ ਨੂੰ ਨੀਰੂ ਮੁਸਲਮਾਨ ਜੁਲਾਹਾ ਅਤੇ ਉਸ ਦੀ ਪਤਨੀ ਗੋਦ ਲੈ ਲਿਆ। ਜਨਮ 1398 ਦਾ ਮੰਨਿਆ ਜਾਂਦਾ ਹੈ। ਆਪ ਜੀ ਦਾ ਨਾਮ ਕਬੀਰ ਦਾਸ ਰੱਖਿਆ ਗਿਆ। ਪਾਲਣ-ਪੋਸ਼ਣ ਇਸਲਾਮਿਕ ਸੱਭਿਆਚਾਰਕ ਢੰਗ ਨਾਲ ਹੋਇਆ। ਭਾਵੇਂ ਸੰਸਕਾਰਣ ਵਜੋਂ ਆਪ ਹਿੰਦੂ ਸਨ। ਕਿੱਤੇ ਵਜੋਂ ਪਿਤਾ-ਪੁਰਖੀ ਜੁਲਾਹਾ ਦਾ ਕੰਮ ਕੀਤਾ। ਆਪ ਜੀ ਦੀ ਧਰਮ ਪਤਨੀ ਦਾ ਨਾਮ ਲੋਈ ਸੀ। ਆਪ ਜੀ ਦੇ ਪੁੱਤਰ ਕਮਲ ਅਤੇ ਧੀ ਕਮਲੀ ਹੋਏ ਹਨ।

ਆਪ ਜੀ ਨੇ ਪ੍ਰਭੂ ਦਾ ਸਿਮਰਨ ਦ੍ਰਿੜ੍ਹਤਾ, ਵਿਸ਼ਵਾਸ ਤੇ ਲਗਨ ਨਾਲ ਕੀਤਾ। ਸਿਮਰਨ ਰਾਹੀਂ ਪ੍ਰਭੂ ਨਾਲ ਇਕੱਮਿਕਤਾ ਪ੍ਰਾਪਤ ਕੀਤੀ। ਆਪਣੀ ਆਤਮਿਕ ਪ੍ਰਾਪਤੀ ਬਾਰੇ ਕਹਿੰਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਮੈਂ ਹੁਣ ਉਚੇ ਆਤਮਿਕ ਟਿਕਾਣੇ ’ਤੇ ਅੱਪੜ ਗਿਆ ਹਾਂ। ਜਿੱਥੇ ਮੈਨੂੰ ਪ੍ਰਮਾਤਮਾ ਮਿਲ ਪਿਆ ਹੈ। ਮੈਂ ਕਬੀਰ ਅਤੇ ਮੇਰਾ ਰਾਮ ਇਕ-ਰੂਪ ਹੋ ਗਏ ਹਾਂ। ਕੋਈ ਸਾਡੇ ਵਿਚ ਫਰਕ ਨਹੀਂ ਦੱਸ ਸਕਦਾ। (ਅੰਗ : 969)।

ਭਗਤ ਕਬੀਰ ਜੀ ਪ੍ਰਮਾਣਿਕ ਕ੍ਰਾਂਤੀਕਾਰੀ ਲੋਕ ਕਵੀ ਸਨ। ਉਨ੍ਹਾਂ ਨੇ ਸਮਾਜ ਨੂੰ ਵਅੰਗਮਈ ਢੰਗ ਨਾਲ ਉਪਦੇਸ਼ ਦਿੱਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਮੌਖਿਕ ਅਤੇ ਲਿਖਤੀ ਰੂਪ ਵਿਚ ਮਿਲਦੀਆਂ ਹਨ। ਉਨ੍ਹਾਂ ਨੇ ਸਮਾਜਿਕ ਵਰਣ-ਵੰਡ ਨੂੰ ਨਹੀਂ ਸਵਿਕਾਰਿਆ। ਰੂੜੀਵਾਦੀ, ਕੱਟੜਪੰਥੀ, ਜਾਤੀਵਾਦ ਵਿਤਕਰੇ ਦਾ ਜ਼ੋਰਦਾਰ ਖੰਡਨ ਕੀਤਾ। ਉਨ੍ਹਾਂ ਨੇ ਇਨਕਲਾਬੀ ਢੰਗ ਨਾਲ ਸਮਾਜ ਦੀ ਦੁਰਦਸ਼ਾ ਨੂੰ ਬਦਲਿਆ। ਕਰਮਕਾਂਡਾਂ ਵਿਚੋਂ ਮਨੁੱਖਤਾ ਨੂੰ ਕੱਢ ਕੇ ਪ੍ਰਮਾਤਮਾ ਵੱਲ ਨਿਸ਼ਚਾ ਅਤੇ ਸ਼ਰਧਾ ਦਾ ਮਾਰਗ ਦਿੱਤਾ। ਮਨੁੱਖੀ ਜੀਵਨ ਵਿਚ ਆਤਮਾ ਮਨ ਦੇ ਦੁਖਾਂ ਦਾ ਨਾਸ਼ ਕਰਨ ਲਈ ਸਮਾਜਿਕ ਚੇਤਨਾ ਪ੍ਰਦਾਨ ਕਰਦੀ ਬਾਣੀ ਨਾਲ ਜੋੜਿਆ। ਆਪ ਜੀ ਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਸਾਧਾਰਨ ਬੋਲੀ ਅਤੇ ਰੋਜ਼ਮਰਾ ਜ਼ਿੰਦਗੀ ਵਿਚ ਵਿਚਰਦਿਆਂ ਅਨੁਭਵਾਂ ’ਤੇ ਆਧਰਿਤ ਹੈ। ਸਮਾਜ ਵਿਚ ਕੱਟੜਪੰਥੀਆਂ ’ਤੇ ਖੁੱਲ੍ਹ ਕੇ ਵਿਅੰਗਮਈ ਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੱਚੇ ਪ੍ਰਮਾਤਮਾ ਵਿਚ ਵਿਸ਼ਵਾਸ ਰੱਖੋ, ਨਾ ਕਿ ਪਾਖੰਡੀਆਂ ਦੇ ਝੂਠੇ ਕਰਮਕਾਂਡਾਂ ਵਿਚ ਫਸ ਕੇ ਰਹਿ ਜਾਇਉ। ਆਪ ਕਹਿਣੀ ਅਤੇ ਕਥਨੀ ਦੇ ਇਕ ਸਨ। ਉਹ ਇਕ ਨਿਡਰ ਪ੍ਰਚਾਰਕ ਸਨ।

ਆਪ ਜੀ ਦੀ ਭਗਤੀ ਦਾ ਮਾਰਗ ਬੜਾ ਕਠਿਨ ਰਿਹਾ। ਕਿਉਂਕਿ ਹਕੂਮਤ ਆਪ ਜੀ ਦੇ ਖਿਲਾਫ ਸੀ। ਆਪ ਜੀ ਦਾ ਉਪਦੇਸ਼ ਹਿੰਦੂ, ਮੁਸਲਮਾਨ ਦੋਨੋਂ ਹੁੰਮਹੁਮਾ ਕੇ ਸੁਣਨ ਲੱਗੇ। ਮੁਸਲਮਾਨ ਆਪ ਜੀ ਨੂੰ ਸੂਫੀ ਕਹਿੰਦੇ ਸਨ। ਹਿੰਦੂ ਆਪ ਜੀ ਨੂੰ ਸੰਤ ਕਹਿੰਦੇ ਸਨ। ਉਸ ਸਮੇਂ ਬਨਾਰਸ ਬ੍ਰਾਹਮਣਵਾਦ ਦਾ ਇਕ ਵੱਡਾ ਕੇਂਦਰ ਸੀ। ਉਥੇ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਕਬੀਰ ਦਾ ਵੱਡਾ ਨਾਉਂ ਸੀ। ਕਬੀਰ ਜੀ ਦੇ ਉਪਦੇਸ਼ ਤੋਂ ਬ੍ਰਾਹਮਣ ਦੁਖੀ ਸਨ। ਉਨ੍ਹਾਂ ਦੇ ਪਾਖੰਡ ਦੇ ਭੇਦ ਖੁੱਲ੍ਹਦੇ ਸਨ। ਉਨ੍ਹਾਂ ਮਖੌਲ ਉਡਾਇਆ ਕਿ ਕਬੀਰ ਭ੍ਰਿਸ਼ਟ ਅਤੇ ਨੀਚ ਜਾਤ ਦੇ ਲੋਕਾਂ ਨੂੰ ਸਿੱਖਿਆ ਦੇਣ ਲੱਗਾ ਹੈ। ਆਪ ਜੀ ਦੇ ਮੰਨਣ ਵਾਲਿਆਂ ਦੀ ਗਿਣਤੀ ਵੱਧਦੀ ਗਈ।

ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਬਾਦਸ਼ਾਹ ਸਿਕੰਦਰ ਲੋਧੀ ਕੋਲ ਸ਼ਿਕਾਇਤ ਕੀਤੀ ਕਿ ਇਕ ਮੁਸਲਮਾਨ ਹੋ ਕੇ ਰਾਮ ਦਾ ਜਾਪ ਕਰਦਾ ਹੈ। ਬਾਦਸ਼ਾਹ ਨੇ ਰਾਮ ਦਾ ਨਾਉਂ ਲੈਣ ਤੋਂ ਰੋਕਿਆ। ਪਰ ਕਬੀਰ ਜੀ ਨੇ ਸਾਫ ਇਨਕਾਰ ਕਰ ਦਿੱਤਾ। ‘‘ਕਹਿ ਕਬੀਰ ਰਾਜਾ ਰਾਮ ਨਾ ਛੋਡਓ ਸਗਲ ਊਚ ਤੇ ਊਚਾ॥’’ (ਅੰਗ : 338) ਮੁਗਲ ਹਾਕਮਾਂ ਦੀ ਆਦਤ ਅਨੁਸਾਰ ਕਈ ਲਾਲਚ, ਡਰਾਵੇ ਅਤੇ ਤਸੀਹੇ ਦੇਣ ਦੀ ਧਮਕੀ ਦਿੱਤੀ। ਜ਼ਿੰਦਾ ਸਾੜਨ ਦਾ ਹੁਕਮ ਤੱਕ ਦਿੱਤਾ। ਬਾਦਸ਼ਾਹ ਨੇ ਹਰ ਫਰੇਬੀ ਚਾਲ ਚੱਲੀ। ਹਰ ਵੰਗਾਰ ਨੂੰ ਨਿਸ਼ਚੈ, ਭਰੋਸੇ ਅਤੇ ਦ੍ਰਿੜ੍ਹਤਾ ਨਾਲ ਸਵਿਕਾਰਿਆ। ਜਦੋਂ ਬਾਦਸ਼ਾਹ ਦੀ ਇਕ ਨਾ ਚੱਲੀ, ਤਾਂ ਕਬੀਰ ਜੀ ਨੂੰ ਛੱਡ ਦਿੱਤਾ।

ਭਗਤ ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 17 ਰਾਗਾਂ ਵਿਚ ਦਰਜ ਹੈ। ਜਿਵੇਂ:- 219 ਸ਼ਬਦ, 247 ਸਲੋਕ, ਇਕ ਬਾਵਨ ਅੱਖਰੀ, ਇਕ ਪੰਦਰਾਂ ਥਿਤੀ, ਇਕ ਸਤਵਾਰੇ ਤੇ ਵਾਰਾਂ ਤੇ ਵਧੀਕ ਸਲੋਕ ਹਨ। ਆਪ ਜੀ ਦੀ ਬਾਣੀ ਦੇ ਕੁੱਝ ਹਵਾਲੇ ਹਨ। ‘ਜਗਤ ਵਿਚ ਜ਼ਿੰਦਗੀ ਅਜਿਹੀ ਹੀ ਹੈ, ਜਿਹਾ ਸੁਪਨਾ ਹੈ। ਜ਼ਿੰਦਗੀ ਸੁਪਨੇ ਵਰਗੀ ਹੀ ਹੈ। ਪਰ ਅਸਾਂ ਸਭ ਤੋਂ ਉਚੇ ਸੁਖਾਂ ਦੇ ਖਜ਼ਾਨੇ - ਪ੍ਰਭੂ ਨੂੰ ਛੱਡ



ਪ੍ਰਮਿੰਦਰ ਸਿੰਘ ‘ਪ੍ਰਵਾਨਾ’
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਕੇ ਇਸ ਸੁਪਨ-ਸਮਾਨ ਜੀਵਨ ਨੂੰ ਸਦਾ ਕਾਇਮ ਰਹਿਣ ਵਾਲਾ ਜਾਣ ਕੇ ਇਸ ਨੂੰ ਗੰਢ ਦੇ ਰੱਖੀ ਹੈ। ਹੇ ਬਾਬਾ! ਅਸਾਂ ਮਾਇਆ ਨਾਲ ਮੋਹ-ਪਿਆਰ ਪਾਇਆ ਹੋਇਆ ਹੈ। ਜਿਸ ਨੇ ਸਾਡਾ ਗਿਆਨ-ਰੂਪ ਹੀਰਾ ਚੁਰਾ ਲਿਆ ਹੈ’। (1) ਰਹਾਉ॥ ਭੰਬਟ ਅੱਖਾਂ ਨਾਲ ਦੀਵੇ ਦੀ ਲਾਟ ਦਾ ਰੂਪ ਵੇਖ ਕੇ ਭੁੱਲ ਜਾਂਦਾ ਹੈ। ਮੂਰਖ ਅੱਗ ਨੂੰ ਨਹੀਂ ਵੇਖਦਾ। ਤਿਵੇਂ ਹੀ ਮੂਰਖ ਜੀਵ ਸੋਨੇ ਅਤੇ ਇਸਤਰੀ ਦੇ ਮੋਹ ਵਿਚ ਫਸ ਕੇ ਮੌਤ ਦੀ ਫਾਹੀ ਨੂੰ ਚੇਤੇ ਨਹੀਂ ਰੱਖਦਾ। ਕਬੀਰ ਆਖਦਾ ਹੈ - ‘ਹੇ ਭਾਈ ਤੂੰ ਵਿਕਾਰ ਛੱਡ ਦੇ ਅਤੇ ਪ੍ਰਭੂ ਨੂੰ ਚੇਤੇ ਕਰ। ਉਹੀ ਇਸ ਸੰਸਾਰ ਸਮੁੰਦਰ ਵਿਚੋਂ ਤਾਰਨ ਲਈ ਜਹਾਜ਼ ਹੈ। ਉਹ ਸਾਡੇ ਜੀਵਨ ਦਾ ਆਸਰਾ ਹੈ। ਪ੍ਰਭੂ ਦਾ ਆਸਰਾ ਐਸਾ ਹੈ ਕਿ ਕੋਈ ਹੋਰ ਉਸ ਵਰਗਾ ਨਹੀਂ ਹੈ’। (ਅੰਗ : 482)

‘ਹੇ ਭਾਈ! ਕਿਸੇ ਪਸ਼ੂ-ਜੂਨ ਵਿਚ ਪੈ ਕੇ ਜਦੋਂ ਤੇਰੇ ਚਾਰ ਪੈਰ, ਦੋ ਸਿੰਙ ਹੋਣਗੇ ਤੇ ਮੂੰਹੋਂ ਗੂੰਗਾ ਹੋਵੇਂਗਾ। ਤਦੋਂ ਤੂੰ ਕਿਸ ਤਰ੍ਹਾਂ ਪ੍ਰਭੂ ਦੇ ਗੁਣ ਗਾ ਸਕੇਂਗਾ? ਉਠਦਿਆਂ, ਬੈਠਦਿਆਂ ਤੇਰੇ ਸਿਰ ਉਤੇ ਸੋਟਾ ਪਏਗਾ। ਤਦੋਂ ਤੂੰ ਕਿੱਥੇ ਸਿਰ ਲੁਕਾਏਂਗਾ? ਹੇ ਭਾਈ, ਪ੍ਰਭੂ ਦਾ ਸਿਮਰਨ ਕਰਨ ਤੋਂ ਬਿਨਾਂ ਬਲਦ ਆਦਿ ਪਸ਼ੂ ਬਣਕੇ ਪਰ-ਅਧੀਨ ਹੋ ਜਾਏਂਗਾ। ਨੱਥ ਨਾਲ ਨੱਕ ਵਿੰਨਿਆ ਜਾਏਗਾ। ਕੰਨ ਜੂਲੇ ਨਾਲ ਫਿਸੇ ਹੋਏ ਹੋਣਗੇ ਤੇ ਕੋਧਰੇ ਦਾ ਭੋਹ ਖਾਏਂਗਾ। (ਰਹਾਓ) ਜੰਗਲ ਜੂਹ ਵਿਚ ਸਾਰਾ ਦਿਨ ਭਟਕਦਿਆਂ ਭੀ ਪੇਟ ਨਹੀਂ ਰੱਜੇਗਾ। ਹੁਣ ਐਸ ਵੇਲੇ ਤੂੰ ਭਗਤ ਜਨਾਂ ਦਾ ਬਚਨ ਨਹੀਂ ਮੰਨਦਾ। ਉਮਰ ਵਿਹਾ ਜਾਣ ’ਤੇ ਆਪਣਾ ਕੀਤਾ ਪਾਏਂਗਾ। ਹੁਣ ਭੈੜੇ ਹਾਲ ਵਿਚ ਦਿਨ ਗੁਜ਼ਾਰ ਕੇ ਕੁਰਾਹੇ ਗਰਕ ਹੋਇਆ ਹੋਇਆਂ ਹੈ। ਆਖਰ ਅਨੇਕ ਜੂਨਾਂ ਵਿਚ ਭਟਕੇਂਗਾ। ਤੂੰ ਪ੍ਰਭੂ ਨੂੰ ਵਿਸਾਰ ਦਿੱਤਾ ਹੈ। ਸ੍ਰੇਸ਼ਟ ਮਨੁੱਖਾ ਜਨਮ ਗਵਾ ਲਿਆ ਹੈ। ਇਹ ਸਮਾਂ ਫੇਰ ਕਿਤੇ ਨਹੀਂ ਮਿਲੇਗਾ। ਤੇਰੀ ਜ਼ਿੰਦਗੀ ਰੂਪ ਸਾਰੀ ਰਾਤ ਤੇਲੀ ਦੇ ਬਲਦ ਅਤੇ ਬਾਂਦਰ ਵਾਂਗ ਭਟਕਦਿਆਂ ਵਿਕਾਰਾਂ ਤੋਂ ਖਲਾਸੀ ਹਾਸਲ ਕਰਨ ਤੋਂ ਬਿਨਾਂ ਹੀ ਲੰਘ ਜਾਵੇਗੀ। ਕਬੀਰ ਆਖਦਾ ਹੈ ਕਿ ਪ੍ਰਭੂ ਦਾ ਨਾਮ ਭੁਲਾ ਕੇ ਆਖਰ ਸਿਰ ਮਾਰ ਕੇ ਪਛਤਾਵੇਂਗਾ’। -(ਅੰਗ : 524)

ਕਬੀਰ ਜੀ ਕਥਨ ਕਰਦੇ ਹਨ ਕਿ ਮੇਰੀ ਮਾਲਾ ਏਹੀ ਹੈ ਕਿ ਮੇਰੀ ਜ਼ੁਬਾਨ ’ਤੇ ਹਰ ਵੇਲੇ ਰਾਮ ਦਾ ਨਾਮ ਰਹਿੰਦਾ ਹੈ। ਇਸ ਤੋਂ ਪਹਿਲਾਂ ਵੀ ਯੁੱਗਾਂ ਦੇ ਆਦਿ ਤੋਂ ਜੋ ਸਾਰੇ ਭਗਤ ਹੋਏ ਹਨ, ਉਨ੍ਹਾਂ ਨੇ ਵੀ ਇਸ ਰਾਮ ਦੀ ਮਾਲਾ ਦੁਆਰਾ ਹੀ ਆਤਮ-ਸੁੱਖ ਪ੍ਰਾਪਤ ਕੀਤਾ ਹੈ’। (ਸਲੋਕ 1) ਕਬੀਰ ਜੀ ਕਹਿੰਦੇ ਹਨ ਕਿ ਅਕਾਸ਼ ਵਿਚ ਬੱਦਲ ਛਾਇਆ ਹੋਇਆ ਹੈ। ਮੀਂਹ ਵਰ੍ਹੇ ਕਿ ਸਰੋਵਰ ਤੇ ਤਾਲ ਭਰ ਗਏ ਹਨ। ਪਰ ਪਪੀਹਾ ਫਿਰ ਟੀਂ-ਟੀਂ-ਟੀਂ ਕਰਦਾ ਤੇ ਇਕ ਬੂੰਦ ਨੂੰ ਤਰਸਦਾ ਰਹਿੰਦਾ ਹੈ। ਪਰ ਜਿਹੜੇ ਸਰਬ ਸਰੋਵਰ ਰੂਪ ਵਿਆਪਕ ਪ੍ਰਮਾਤਮਾ ਨੂੰ ਛੱਡ ਕੇ, ਮਾਇਆ ਪਿੱਛੇ ਤਰਸਦੇ ਫਿਰਦੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ? ਉਹ ਕਦੇ ਤ੍ਰਿਪਤ ਨਹੀਂ ਹੋ ਸਕਦੇ। (ਅੰਗ : 124)

ਕਬੀਰ ਜੀ ਫੁਰਮਾਉਂਦੇ ਹਨ ‘ਜੇ ਤੈਨੂੰ ਆਪਣੇ ਪਿਆਰੇ ਨੂੰ ਮਿਲਣ ਦੀ ਸ਼ਰਧਾ ਹੈ, ਤਾਂ ਪੱਕੇ ਗੁਰੂ ਨਾਲ ਖੇਡ। ਕਿਉਂਕਿ ਕੱਚੇ ਗੁਰੂ ਤੋਂ ਤਾਂ ਨਾ ਲੋਕ ਸੁੱਖ ਅਤੇ ਨਾ ਪਰਲੋਕ ਦਾ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਕੱਚੀ ਸਰ੍ਹੋਂ ਨੂੰ ਪੀੜਨ ਕਰਕੇ ਉਸ ਤੋਂ ਨਾ ਤੇਲ ਪ੍ਰਾਪਤ ਹੁੰਦਾ ਹੈ, ਨਾ ਹੀ ਖੱਲ ਪ੍ਰਾਪਤ ਹੁੰਦੀ ਹੈ’। (ਸਲੋਕ 240) ਕਬੀਰ ਜੀ ਨੇ ਆਪਣੀ ਕਾਵਿ-ਰਚਨਾ ਵਿਚ ਅਨੇਕ ਵੰਨਗੀਆਂ ਦਾ ਪ੍ਰਯੋਗ ਕੀਤਾ ਹੈ। ਉਹ ਭਾਸ਼ਾ ਦੇ ਧਨੀ ਸਨ। ਬਾਣੀ ਸਮਝਾਉਣ ਲਈ ਕਈ ਭਾਸ਼ਾਵਾਂ ਦੀ ਸ਼ਬਦਾਵਲੀ ਵਰਤੀ ਹੈ। ਕਬੀਰ ਜੀ ਇਕ ਸਮਾਜ ਸੁਧਾਰਕ ਕਵੀ ਮੰਨੇ ਜਾਂਦੇ ਹਨ। ਬਾਣੀ ਵਿਚੋਂ ਮਨੁੱਖ ਦੇ ਮੂਲ ਸਰੋਕਾਰ, ਸ੍ਰਿਸ਼ਟੀ ਦਾ ਪਸਾਰ, ਪ੍ਰਮਾਤਮਾ ਦੀ ਪ੍ਰਾਪਤੀ, ਅਧਿਆਤਮਕ ਸਾਧਨ, ਮਾਨਵੀ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ, ਜੀਵਨ ਜਾਚ, ਸਮਾਜਿਕ ਬਰਾਬਰੀ ਆਦਿ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਕਬੀਰ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਵੀ ਉਨ੍ਹਾਂ ਦੇ ਚੇਲਿਆਂ ਵੱਲੋਂ ਇਕੱਠੀ ਕੀਤੀ ਮਿਲਦੀ ਹੈ। ਸਮੁੱਚੀ ਰਚਨਾ ਪ੍ਰਭੂ ਮਿਲਾਪ ਲਈ ਅਧਿਆਤਮਕ ਸਾਧਨ ਦਾ ਉਪਦੇਸ਼ ਹੈ। ਸੰਨ 1518 ’ਚ 120 ਸਾਲ ਦੀ ਉਮਰ ’ਚ ਮਗਹਰ ਨਗਰ ਵਿਖੇ ਅਕਾਲ ਚਲਾਣਾ ਕਰ ਗਏ। ਅੰਤਲੇ ਸਮੇਂ ਇਹ ਭਰਮ ਦੂਰ ਕਰਨ ਲਈ ਕਿ ਮਗਹਰ ਵਿਚ ਪ੍ਰਾਣ ਤਿਆਗਣ ਵਾਲਾ ਖੋਤੇ ਦੀ ਜੂਨ ਵਿਚ ਪੈਂਦਾ ਹੈ। ‘‘ਜੈਸਾ ਮਗਹਰੁ ਤੈਸੀ ਕਾਸ਼ੀ ਹਮ ਏਕੈ ਕਰਿ ਜਾਨੀ॥’’ (ਅੰਗ : 969) ਆਪ ਜੀ ਦੀ ਯਾਦ ਵਿਚ ਬਨਾਰਸ ਦੇ ਰਾਜਾ ਵੀਰ ਸਿੰਘ ਬਘੇਲਾ ਨੇ ਸਮਾਧ ਬਣਾਈ ਤੇ ਗੋਰਖਪੁਰ ਦੇ ਨਵਾਬ ਬਿਜਲੀ ਖਾਨ ਨੇ ਕਬਰ ਬਣਵਾਈ।

ਅੰਤਿਕਾ:- ਮੁਕਤੀ ਦੇ ਮਾਰਗ ਵੱਲ ਤੋਰਦੇ ਹੋਏ ਬਿਆਨ ਕਰਦੇ ਹਨ:- ਹੇ ਕਬੀਰ! ਗੰਗਾ ਆਦਿਕ ਤੀਰਥਾਂ ਦੇ ਸਾਫ ਜਲ ਦੇ ਕੰਢੇ ਰਿਹਾਇਸ਼ ਰੱਖਿਆ, ਤਾਂ ਕਾਮਾਦਿਕ ਵਿਕਾਰ ਖਲਾਸੀ ਨਹੀਂ ਕਰਦੇ। ਤੇ ਨਾ ਹੀ ਮਨ ਪਵਿੱਤਰ ਹੋ ਸਕਦਾ ਹੈ। ਪਰ ਜਦੋਂ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕੀਤਿਆਂ, ਮੇਰਾ ਮਨ ਗੰਗਾ ਦੇ ਸਾਫ ਪਾਣੀ ਵਰਗਾ ਪਵਿੱਤਰ ਹੋ ਗਿਆ, ਤਾਂ ਪ੍ਰਮਾਤਮਾ ਮੈਨੂੰ ਕਬੀਰ ਕਬੀਰ ਆਖ ਕੇ ਵਾਜਾਂ ਮਾਰਦਾ, ਮੇਰੇ ਪਿੱਛੇ ਤੁਰਿਆ ਫਿਰੇਗਾ। (ਅੰਗ : 1367)





ਕਬੀਰ ਜੈਅੰਤੀ 'ਤੇ ਵਿਸ਼ੇਸ਼

# ਭਗਤ ਕਬੀਰ ਬਾਣੀ ਵਿਚ ਰੰਗਾਂ ਦੇ ਸਰੋਕਾਰ

**ਜਤਿੰਦਰ ਸਿੰਘ**

ਭਗਤ ਕਬੀਰ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਇਕ ਅਹਿਮ ਹਿੱਸਾ ਹੈ ਜਿਸ ਵਿਚ 229 ਸ਼ਬਦ ਅਤੇ 243 ਸਲੋਕ ਹਨ। ਵਿਚਾਰਧਾਰਕ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਇਕੋ ਸੂਤਰ ਵਿਚ ਬੱਝੀ ਹੋਈ ਹੈ। ਵਿਚਾਰਧਾਰਾ ਹੀ ਸਮਾਜਿਕ ਦ੍ਰਿਸ਼ਟੀ ਅਤੇ ਬਣਤਰ ਨੂੰ ਸਮਝਣ ਦਾ ਆਧਾਰ ਬਣਾਉਂਦੀ ਹੈ। ਮੱਧਕਾਲੀ ਸਮਾਜ ਆਡੰਬਰ ਤੇ ਪਾਖੰਡਵਾਦ ਵਿਚ ਘਿਰਿਆ ਹੋਇਆ ਸੀ। ਪਰ ਸਮੁੱਚੀ ਗੁਰਬਾਣੀ ਤੇ ਭਗਤ ਬਾਣੀ ਇਸ ਸਮਾਜਿਕ ਵਿਵਸਥਾ ਨੂੰ ਆਲੋਚਨਾਤਮਕ ਦ੍ਰਿਸ਼ਟੀ ਨਾਲ ਦੇਖਦੀ ਅਤੇ ਅਗੰਮ ਤੇ ਪਾਰਬ੍ਰਹਮ ਦੀ ਉਸਤਤ ਦੀ ਵਿਆਖਿਆ ਕਰਦੀ ਹੈ। ਵਿਚਾਰਧਾਰਾ ਦਾ ਮੁੱਖ ਤੌਰ 'ਤੇ ਦਿਸਦੇ ਸੰਸਾਰ ਨਾਲ ਗੂੜ੍ਹਾ ਸਬੰਧ ਹੁੰਦਾ ਹੈ। ਸਾਹਿਤਕਾਰ, ਚਿੱਤਰਕਾਰ, ਕਲਾਕਾਰ ਦੀ ਕ੍ਰਿਤ ਵਿਚੋਂ ਉਸ ਦੇ ਵਿਚਾਰ ਪ੍ਰਤੱਖ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੇ ਹਨ। ਭਾਸ਼ਾ ਦੀ ਵਰਤੋਂ ਸਾਹਿਤਕਾਰ ਦੇ ਅਵਚੇਤਨ ਤੇ ਵਿਚਾਰਧਾਰਾ ਦੀ ਪੇਸ਼ਕਾਰੀ ਕਰਦੀ ਹੈ। ਇਸੇ ਤਰ੍ਹਾਂ ਰੰਗ ਦੀ ਵਰਤੋਂ ਚਿੱਤਰਕਾਰ ਦੀ ਵਿਚਾਰਧਾਰਾ ਨੂੰ ਅਭਿਵਿਅਕਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਰਾਹੀਂ ਸਮਾਜਿਕ ਯਥਾਰਥ ਨੂੰ ਰੰਗਾਂ ਦੇ ਸੰਦਰਭ ਰਾਹੀਂ ਸਮਝਣ ਦਾ ਵੀ ਯਤਨ ਕੀਤਾ ਗਿਆ ਹੈ।

ਭਗਤ ਕਬੀਰ ਜੀ ਸਮਾਜਿਕ ਯਥਾਰਥ ਨੂੰ ਰੰਗਾਂ ਦੀ ਦ੍ਰਿਸ਼ਟੀ ਰਾਹੀਂ ਸਮਝਦੇ ਹਨ। ਉਹ ਆਪਣੀ ਰਚਨਾ 'ਬਾਵਨ ਅਖਰੀ' ਵਿਚ ਸੰਸਾਰਕ ਚਿੱਤਰ ਅਤੇ ਚਿੱਤਰਕਾਰ (ਅਕਾਲ ਪੁਰਖ) ਬਾਰੇ ਵਰਣਨ ਕਰਦੇ ਹਨ ਕਿ ਚਿੱਤਰਕਾਰ ਨੇ ਇਸ ਦੁਨੀਆਂ ਨੂੰ ਮੋਹ ਲੈਣ ਵਾਲੇ ਰੰਗਾਂ ਅਤੇ ਅਕਾਲ ਪੁਰਖ ਨਾਲ ਸਾਂਝ ਪਾਉਣ ਵਾਲੇ ਰੰਗਾਂ ਨਾਲ ਚਿਤਰਿਆ ਹੈ। ਅਕਾਲ ਪੁਰਖ ਦੇ ਦੱਸੇ ਮਾਰਗ 'ਤੇ ਚੱਲਣ ਲਈ ਰੰਗਾਂ ਬਾਰੇ ਬੜੀ ਸੂਖ਼ਮਤਾ ਨਾਲ ਬਿਆਨ ਕੀਤਾ ਹੈ:

**ਚਚਾ ਰਚਿਤ ਚਿਤ੍ਰ ਹੈ ਭਾਰੀ ॥**
**ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥**
**ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥**
**ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥**

ਮੱਧਕਾਲੀ ਸਮਾਜ ਵਿਚ ਵਰਣ-ਪ੍ਰਥਾ, ਭੇਦ ਭਾਵ ਪੂਰੇ ਜ਼ੋਰਾਂ 'ਤੇ ਸੀ। ਸਮਾਜ ਜਾਤਾਂ, ਰੰਗਾਂ ਅਤੇ ਵਰਣਾਂ ਵਿਚ ਵੰਡਿਆ ਹੋਇਆ ਸੀ। ਸਮਾਜਿਕ ਵੰਡਾਂ ਦੇ ਆਧਾਰ ਨੂੰ ਸਮਾਜ ਵਿਗਿਆਨੀ ਇਮਾਈਲ ਦੁਰਖੀਮ ਪਵਿੱਤਰ ਅਤੇ ਅਪਵਿੱਤਰ ਸੰਕਲਪਾਂ ਰਾਹੀਂ ਸਮਝਦਾ ਹੈ। ਭਗਤ ਕਬੀਰ ਬਾਣੀ ਵਿਚ ਸਮਾਜ ਵਿਚ ਪਸਰੇ ਜਾਤ-ਪਾਤ ਤੇ ਵਰਣ ਪ੍ਰਥਾ ਪਿੱਛੇ ਲੁਕੇ ਕਾਰਨ ਪਵਿੱਤਰ ਅਤੇ ਅਪਵਿੱਤਰ ਵਸਤੂਆਂ ਦੇ ਬਿੰਬਾਂ ਰਾਹੀਂ ਬਿਆਨ ਕਰਦੇ ਹਨ:

**ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ ॥**
**ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ ॥**
**ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ ॥**
ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ ॥

ਕਬੀਰ ਸਾਹਿਬ ਲਿਖਦੇ ਹਨ ਕਿ ਹਲਦੀ ਪੀਲੇ ਰੰਗ ਅਤੇ ਚੂਨਾ ਸਫ਼ੈਦ ਰੰਗ ਦਾ ਹੁੰਦਾ ਹੈ, ਜਦੋਂ ਇਹ ਦੋਵੇਂ ਆਪਸ ਵਿਚ ਮਿਲਦੇ ਹਨ ਤਾਂ ਪੀਲਾ ਅਤੇ ਚਿੱਟਾ ਰੰਗ ਆਪਣਾ ਰੂਪ ਗੁਆ ਕੇ ਲਾਲ ਰੰਗ ਵਿਚ ਤਬਦੀਲ ਹੋ ਜਾਂਦੇ ਹਨ। ਇਸ ਦ੍ਰਿਸ਼ਟੀ ਤੋਂ ਆਪ ਮਾਨਵਤਾ ਦੇ ਮਾਰਗ ਅਤੇ ਸਮਾਜ ਵਿਚ ਪਈਆਂ ਵੰਡੀਆਂ ਦੇ ਸੰਕਲਪ ਨੂੰ ਪੇਸ਼ ਕਰਦੇ ਹਨ। ਕਹਿਣ ਤੋਂ ਭਾਵ ਸਮਾਜਿਕ ਬਰਾਬਰੀ ਵਿਚ ਉੱਚੀ ਜਾਤ ਵਾਲੇ ਬੰਦੇ ਦੇ ਮਨ ਵਿਚ ਉਤਮਤਾ ਅਤੇ ਨੀਵੀਂ ਜਾਤ ਵਾਲੇ ਬੰਦੇ ਦੇ ਮਨ ਵਿਚ ਨੀਵੇਂਪਣ ਦੀ ਹੀਣਤਾ ਦੂਰ ਹੋ ਜਾਵੇਗੀ।

ਇਉਂ ਮੱਧਕਾਲੀ ਬਾਣੀ ਵਿਚ ਵਿਸ਼ੇਸ਼ ਤੌਰ 'ਤੇ ਭਗਤ ਕਬੀਰ ਬਾਣੀ ਵਿਚ ਰੰਗਾਂ ਦੀ ਸਮਾਜਿਕ ਬਣਤਰ ਨੂੰ ਪ੍ਰਗਟਾਉਣ ਦਾ ਆਪਣਾ ਹੀ ਇਕ ਪਾਸਾਰ ਹੈ। ਭਗਤ ਕਬੀਰ ਜੀ ਰੰਗਾਂ ਦੇ ਸੁਮੇਲ ਤੋਂ ਬਣਨ ਵਾਲੇ ਨਵੇਂ ਰੰਗਾਂ ਨੂੰ ਸਮਾਜਿਕ ਬਣਤਰ ਅਧੀਨ ਰੱਖ ਕੇ ਵਿਚਾਰਦੇ ਹਨ। ਹਲਦੀ ਦੇ ਪੀਲੇ ਅਤੇ ਚੂਨੇ ਦੀ ਸਫ਼ੈਦੀ ਦੇ ਮੇਲ ਤੋਂ ਲਾਲ ਰੰਗ ਪੈਦਾ ਹੁੰਦਾ ਹੈ ਜੋ ਪਰਮ ਸੱਚ ਦਾ ਰੰਗ ਹੈ। ਇਹ ਜੀਵਨ ਦੀ ਸ੍ਰੇਸ਼ਟਤਾ ਅਤੇ ਅਧਿਆਤਮ ਮਾਰਗ ਦਾ ਵੀ ਰੰਗ ਹੈ। ਇਸੇ ਰੰਗ ਵਿਚ ਸ਼੍ਰੇਣੀਆਂ ਵਿਚ ਵੰਡੇ ਬੰਦੇ ਸ਼੍ਰੇਣੀ ਰਹਿਤ ਹੋ ਜਾਂਦੇ ਹਨ। ਬੰਦੇ ਦੀ ਜਾਤੀ ਪਛਾਣ ਦਰਕਿਨਾਰ ਹੋ ਜਾਂਦੀ ਹੈ। ਸਾਰੇ ਸਮਾਜ ਦੇ ਲੋਕ ਸਾਂਝਾ ਵਿਹਾਰਕ ਜੀਵਨ ਜਿਉਂਦੇ ਹਨ। ਲਾਲ ਰੰਗ ਦੀ ਅਣਹੋਂਦ ਵਿਚ ਉੱਚ ਤੇ ਨੀਵੀਂ ਜਾਤ ਦੇ ਲੋਕ ਅਧਿਆਤਮਕ ਮਾਰਗ ਦੇ ਪਾਂਧੀ ਦਿਸਣ ਦੇ ਬਾਵਜੂਦ ਮੰਜ਼ਿਲ ਤੋਂ ਖੁੰਝ ਜਾਂਦੇ ਹਨ। ਮੰਜ਼ਿਲ ਤਾਂ ਮਜੀਠ ਰੰਗ (ਪੱਕੇ ਲਾਲ ਰੰਗ) ਵਾਲਾ ਨਾਮ ਰਸਕ ਬਣ ਜਾਣਾ ਹੈ।

ਪੱਕਾ ਲਾਲ ਰੰਗ ਗੁਰਮਤਿ ਕਾਵਿ ਦਾ ਆਧਾਰ ਰੰਗ ਹੈ। ਗੁਰੂ ਨਾਨਕ ਸਾਹਿਬ ਇਸ ਰੰਗ ਵਿਚ ਰੰਗੇ ਬੰਦੇ ਨੂੰ 'ਸੱਚ ਦੇ ਮਾਰਗ' 'ਤੇ ਚੱਲਣ ਲਈ ਪ੍ਰੇਰਦੇ ਹਨ:

**ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥**
**ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥**

ਗੁਰੂ ਨਾਨਕ ਸਾਹਿਬ ਆਪਣੀ ਦ੍ਰਿਸ਼ਟੀ ਵਿਚ ਮੈਲਾ, ਧੁੰਧਲਾ, ਭਗਵੇ ਅਤੇ ਕੱਚੇ ਰੰਗਾਂ ਨੂੰ ਲਾਲ ਰੰਗ ਦੇ ਸਮਾਂਨਤਰ ਨਹੀਂ ਰੱਖਦੇ। ਲਾਲ ਰੰਗ ਉਨ੍ਹਾਂ ਲਈ ਜ਼ਿੰਦਗੀ ਦਾ ਰੰਗ ਹੈ। ਗੁਰਮਤਿ ਕਾਵਿ ਵਿਚ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਕੱਚੇ ਅਤੇ ਪੱਕੇ ਰੰਗਾਂ ਦਾ ਨਿਖੇੜਾ ਕਰਦੇ ਹਨ:

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥**
**(ਭਗਤ ਰਵਿਦਾਸ ਜੀ)**

**ਜੈਸਾ ਰੰਗੁ ਕਸੁੰਭ ਕਾ ਮਨ**
**ਬਉਰਾ ਰੇ ਤਿਉ ਪਸਰਿਓ ਪਾਸਾਰੁ ॥**
**(ਭਗਤ ਕਬੀਰ ਜੀ)**

**ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥**
**(ਗੁਰੂ ਨਾਨਕ ਦੇਵ ਜੀ)**

ਕਸੁੰਭ ਅਤੇ ਮਜੀਠ ਦਾ ਇਹ ਦਵੰਦ ਮੈਲੇ, ਧੁੰਧਲੇ, ਭਗਵੇ ਅਤੇ ਲਾਲ ਰੰਗ ਵਾਲਾ ਹੀ ਹੈ। ਰੰਗ ਮਿਲਦੇ ਜੁਲਦੇ ਹੋਣ ਦੇ ਬਾਵਜੂਦ ਲੱਛਣਾਂ ਵਿਚ ਅੰਤਰ ਹੈ। ਭਾਵੇਂ ਇਹ ਕਸੁੰਭ ਵੀ ਲਾਲ ਰੰਗ ਦੀ ਭਾਹ ਮਾਰਦਾ ਹੈ। ਕਸੁੰਭ ਰੰਗ ਦੇ ਲੱਛਣ ਪ੍ਰਤਿਕੂਲ ਹਾਲਾਤ ਵਿਚ ਆਪਣੇ ਰੰਗ ਛੱਡ ਦੇਣ ਵਿਚ ਹੈ ਜਦੋਂਕਿ ਮਜੀਠ (ਪੱਕਾ ਲਾਲ ਰੰਗ) ਹਾਲਾਤ ਦੇ ਉਲਟ ਹੋਣ ਦੇ ਬਾਵਜੂਦ ਆਪਣੀ ਆਭਾ ਨਹੀਂ ਛੱਡਦਾ। ਬਾਬਾ ਨਾਨਕ ਜਿਸ ਨੂੰ 'ਕਚੁ' ਕਹਿ ਰਹੇ ਹਨ, ਭਗਤ ਰਵਿਦਾਸ ਸਾਹਿਬ ਉਸੇ ਵਿਚਾਰ ਦਾ ਚਿਤਰਣ 'ਕਸੁੰਭ' ਦੇ ਸੁਭਾਅ ਨਾਲ ਕਰ ਰਹੇ ਹਨ। ਗੁਰੂ ਨਾਨਕ ਸਾਹਿਬ ਜਿਸ ਰੰਗ ਨੂੰ ਲਾਲੋ ਲਾਲੁ ਕਹਿ ਰਹੇ ਹਨ, ਭਗਤ ਰਵਿਦਾਸ ਸਾਹਿਬ ਦੇ ਸ਼ਬਦ ਵਿਚ ਉਸ ਦੀ ਪਛਾਣ ਮਜੀਠ ਵਜੋਂ ਕੀਤੀ ਜਾ ਰਹੀ ਹੈ।

ਕਸੁੰਭ ਰੰਗ 'ਚੋਂ ਰੱਤੇ, ਮਜੀਠ, ਸੂਹੇ, ਲਾਲ ਰੰਗ ਵਾਲਾ ਜਲੌਅ ਪ੍ਰਗਟ ਹੁੰਦਾ ਹੈ ਪਰ ਇਹ ਸਮਾਜਿਕ ਮਰਿਯਾਦਾ ਅਤੇ ਸੰਸਥਾਵਾਂ ਦੇ ਅੰਤਰਗਤ ਨਿਖੇਧਾਤਮਕ ਰੰਗ ਵਜੋਂ ਉਭਰਦਾ ਹੈ ਜਿਹਦੇ ਨਾਲ ਆਡੰਬਰ, ਸੰਕੀਰਨਤਾ ਅਤੇ ਦਾਇਰਿਆਂ ਵਾਲੀ ਸੋਚ ਉੱਭਰਦੀ ਹੈ। ਮਜੀਠ ਰੰਗ ਪਰਮ ਸੱਚ ਦੀ ਵਿਰਾਟਤਾ, ਨੇੜਤਾ ਅਤੇ ਅਪਣੱਤ ਨੂੰ ਪ੍ਰਗਟ ਕਰਦਾ ਹੈ। ਬਾਬਾ ਨਾਨਕ ਦੀ ਦ੍ਰਿਸ਼ਟੀ ਵਿਚ ਇਸ ਰੰਗ ਦੀ ਮਹੱਤਤਾ ਹੋਰ ਵਧੇਰੇ ਬਣਦੀ ਹੈ:

**ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥**
**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥**

ਬਾਬਾ ਨਾਨਕ ਲਿਖਦੇ ਹਨ ਕਿ ਜੇ ਮੇਰੇ ਸਰੀਰ ਨੂੰ ਰੰਗਿਆ ਜਾਵੇ ਤਾਂ ਉਹ ਮਜੀਠ ਰੰਗ ਹੋਵੇ। ਮਜੀਠ ਵਰਗੇ ਪੱਕੇ ਰੰਗ ਨਾਲ ਰੰਗੇ ਜਾਣ ਕਰਕੇ ਹੀ ਪ੍ਰਭੂ/ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ। ਅਕਾਲ ਪੁਰਖ ਦੇ ਪੱਕੇ ਰੰਗ ਨਾਲ ਰੰਗਣ ਵਾਲਾ ਪਹਿਲਾਂ ਕਦੇ ਮੈਂ ਨਹੀਂ ਦੇਖਿਆ। ਭਾਵ ਪ੍ਰਭੂ ਦੇ ਪ੍ਰੇਮ ਵਿਚ ਇਸ ਤਰ੍ਹਾਂ ਰੰਗਿਆ ਜਾਵੇ ਜਿਸ ਤਰ੍ਹਾਂ ਰੰਗ ਮਜੀਠ ਹੈ ਜੋ ਇਕ ਵਾਰੀ ਇਸ ਰੰਗ ਵਿਚ ਰੰਗਿਆ ਜਾਂਦਾ ਹੈ ਤਾਂ ਹਮੇਸ਼ਾਂ ਉਹ ਬੰਦਾ ਇਸੇ ਰੰਗ ਵਿਚ ਰੰਗਿਆ ਰਹਿੰਦਾ ਹੈ।

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਪ੍ਰੋੜਤਾ ਕਰਦੇ ਹਨ:

**ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥**
**ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨੁ ॥**

ਭਾਵ ਹੇ ਕਬੀਰ! ਜਦੋਂ ਕੋਈ ਇਸਤਰੀ ਹੱਥ ਵਿਚ ਸੰਧੂਰਿਆ (ਲਾਲ) ਹੋਇਆ ਨਾਰੀਅਲ ਫੜ ਲੈਂਦੀ ਹੈ ਤਾਂ ਉਹ ਮਰਨ ਤੋਂ ਨਹੀਂ ਡਰਦੀ। ਜਿਸ ਮਨੁੱਖ ਨੂੰ ਪ੍ਰਭੂ ਮਨਭਾਉਂਦੀ ਦਾਤਿ ਬਖ਼ਸ਼ਦਾ ਹੈ ਤਾਂ ਉਹ ਮਰਨ ਤੋਂ ਭੀ ਨਹੀਂ ਡਰਦਾ। ਇੱਥੇ ਸਿਧਉਰਾ ਤੋਂ ਭਾਵ ਨਾਰੀਅਲ ਤੇ ਸੰਧੂਰ/ਲਾਲ ਰੰਗ ਤੋਂ ਹੈ ਜੋ ਆਪਣੇ ਆਪ ਨੂੰ ਸਿਰ 'ਤੇ ਲਾਲ ਰੰਗ ਲਗਾ ਕੇ ਕੁਰਬਾਨੀ ਦੇਣ ਲਈ ਤਤਪਰ ਹੈ ਤਾਂ ਇਸ ਵਿਚ ਸੰਧੂਰੀ ਰੰਗ ਬਲੀਦਾਨ/ਸ਼ਹਾਦਤ ਦਾ ਪ੍ਰੇਰਕ ਬਣ ਜਾਂਦਾ ਹੈ। ਇੱਥੇ ਜ਼ਿੰਦਗੀ ਦੀ ਵਿਹਾਰਕਤਾ ਵਿਚੋਂ ਦੋਗਲਾਪਣ, ਨਕਲੀਪਣ ਖਾਰਜ ਹੁੰਦਾ ਦਿਸਦਾ ਹੈ। ਇਸੇ ਲਈ ਸੰਧੂਰੀ ਰੰਗ ਸ੍ਰੇਸ਼ਟ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਇਕੋ ਵਿਚਾਰਧਾਰਾ ਵਿਚ ਬੱਝੀ ਹੋਈ ਹੈ। ਰੰਗਾਂ ਦੇ ਸੰਦਰਭਾਂ ਰਾਹੀਂ ਪਰਮਾਤਮਾ/ਪ੍ਰਭੂ ਦੇ ਰੰਗ ਨੂੰ ਮਜੀਠ/ਲਾਲ ਰੰਗ ਵਿਚ ਪ੍ਰਗਟਾਇਆ ਗਿਆ ਹੈ। ਇਉਂ ਗੁਰਮਤਿ ਵਿਚਾਰਧਾਰਾ ਅਤੇ ਭਗਤ ਕਬੀਰ ਜੀ ਦੀ ਬਾਣੀ ਵਿਚ ਰੰਗਾਂ ਦੀ ਦ੍ਰਿਸ਼ਟੀ ਦਾ ਸਮਾਜਿਕ ਯਥਾਰਥ ਨਾਲ ਜੁੜੀ ਹੋਈ ਹੈ।

# ਕ੍ਰਾਂਤੀਕਾਰੀ ਤੇ ਦਾਰਸ਼ਨਿਕ ਗਿਆਨ ਦਾ ਸੋਮਾ ਭਗਤ ਕਬੀਰ

**ਦਲਬੀਰ ਸਿੰਘ ਧਾਲੀਵਾਲ**

ਵੈਸੇ ਤਾਂ ਭਾਰਤ ਦੀ ਧਰਤੀ ਮਹਾਨ ਰਿਸ਼ੀਆਂ-ਮੁਨੀਆਂ, ਪੀਰਾਂ ਤੇ ਪੈਗੰਬਰਾਂ ਦੀ ਧਰਤੀ ਰਹੀ ਹੈ ਪਰ ਭਾਰਤੀ ਇਤਿਹਾਸ ਦਾ 12ਵੀਂ-13ਵੀਂ ਸਦੀ ਦਾ ਯੁੱਗ ਬਹੁਤ ਗ਼ੈਰ-ਬਰਾਬਰੀ, ਧਾਰਮਿਕ ਤੇ ਜਾਤੀਪਾਤੀ ਵਿਤਕਰੇ ਵਾਲੇ ਮਨੂੰਵਾਦੀ, ਰੂੜੀਵਾਦੀ ਸਿਸਟਮ ਵਿਚ ਜਕੜਿਆ ਹੋਇਆ ਸੀ। ਪੁਜਾਰੀਵਾਦ ਵਲੋਂ ਆਪਣੇ-ਆਪ ਨੂੰ ਰੱਬ ਦੇ ਦੂਤ ਐਲਾਨ ਕੇ ਬਾਕੀ ਗਰੀਬ ਖ਼ਲਕਤ ਨੂੰ ਕਰਮ ਕਾਂਡਾਂ, ਪਖੰਡਾਂ, ਅੰਧਵਿਸ਼ਵਾਸਾਂ, ਊਚ-ਨੀਚ ਅਤੇ ਤਰ੍ਹਾਂ ਤਰ੍ਹਾਂ ਦੇ ਧਾਰਮਿਕ ਵਹਿਮਾਂ-ਭਰਮਾਂ ਦਾ ਗੁਲਾਮ ਬਣਾ ਰੱਖਿਆ ਸੀ। 13ਵੀ-14ਵੀਂ ਸਦੀ ਦੌਰਾਨ ਭਗਤਾਂ ਦਾ ਆਗਮਨ ਹੋਇਆ, ਜਿਨ੍ਹਾਂ ਨੇ ਉਸ ਸਮੇਂ ਦੇ ਕੱਟੜਵਾਦੀ ਸਮਾਜਿਕ ਪ੍ਰਣਾਲੀ ਦਾ ਵਿਰੋਧ ਕੀਤਾ ਅਤੇ ਹੀਣਭਾਵਨਾ ਦੇ ਸ਼ਿਕਾਰ ਦੱਬੇ-ਕੁਚਲੇ ਲੋਕਾਂ ਵਿਚ ਆਤਮ-ਵਿਸ਼ਵਾਸ ਅਤੇ ਹੌਸਲਾ ਪੈਦਾ ਕੀਤਾ। ਇਹ ਮਹਾਂਪੁਰਖ ਭਗਤਾਂ ਵਜੋਂ ਪ੍ਰਸਿੱਧ ਹੋਏ ਅਤੇ ਇਸ ਸਮਾਜ ਸੁਧਾਰਕ ਇਨਕਲਾਬੀ ਕਾਰਨਾਮੇ ਨੂੰ ਭਗਤੀ ਲਹਿਰ ਦਾ ਨਾਂਅ ਦਿੱਤਾ ਗਿਆ। ਇਸ ਕ੍ਰਾਂਤੀਕਾਰੀ ਲਹਿਰ ਨੂੰ ਸਿਖ਼ਰ ਅਤੇ ਸਮਰੱਥਾ ਪ੍ਰਦਾਨ ਕਰਨ ਵਾਲੇ ਉੱਚ ਕੋਟੀ ਦੇ ਭਗਤ ਵਜੋਂ ਕਬੀਰ ਜੀ ਸਤਿਕਾਰੇ ਜਾਂਦੇ ਹਨ। ਭਗਤ ਕਬੀਰ ਜੀ ਦੇ ਜਨਮ ਇਤਿਹਾਸ ਬਾਰੇ ਬੇਸ਼ੱਕ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ ਪਰ ਭਾਈ ਕਾਹਨ ਸਿੰਘ ਨਾਭਾ ਵਲੋਂ ਰਚਿਤ ਮਹਾਨਕੋਸ਼ ਅਨੁਸਾਰ ਜੋ ਪੁਸ਼ਟੀ ਹੁੰਦੀ ਹੈ ਕਿ ਇਨ੍ਹਾਂ ਦਾ ਜਨਮ 1398 ਈ. (ਜੇਠ ਸੁਦੀ 15 ਸਮੰਤ 1455) ਨੂੰ ਬਨਾਰਸ ਵਿਖੇ ਹੋਇਆ। ਭਗਤ ਕਬੀਰ ਜੀ ਦਾ ਵਿਆਹ ਮਾਈ ਲੋਈ ਨਾਲ ਹੋਇਆ ਤੇ ਇਨ੍ਹਾਂ ਦੇ ਘਰ ਇਕ ਪੁੱਤਰ ਕਮਾਲ ਅਤੇ ਪੁੱਤਰੀ ਕਮਾਲੀ ਨੇ ਜਨਮ ਲਿਆ।

ਕਬੀਰ ਜੀ ਨੇ ਉਦੋਂ ਇਸ ਬ੍ਰਾਹਮਣਵਾਦੀ ਸਿਸਟਮ ਨਾਲ ਡਟ ਕੇ ਟੱਕਰ ਲਈ ਅਤੇ ਫਿਰ 71 ਸਾਲ ਬਾਅਦ ਗੁਰੂ ਨਾਨਕ ਦੇਵ ਜੀ ਨੇ ਵੀ ਬਾਬਰ ਨੂੰ 'ਰਾਜੇ ਸੀਹ ਮੁਕਦਮ ਕੁਤੇ' ਜਿਹੇ ਲਫ਼ਜ਼ਾਂ ਨਾਲ ਸੰਬੋਧਨ ਕਰਦੇ ਹੋਏ ਰੱਬ ਨੂੰ ਵੀ ਮਿਹਣਾ ਮਾਰਿਆ ਸੀ ਕਿ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦੁ ਨ ਆਇਆ'। ਖ਼ੈਰ ਗੁਰੂ ਨਾਨਕ ਦੇਵ ਜੀ ਤਾਂ ਬੇਦੀ ਖ਼ਾਨਦਾਨ ਵਿਚ ਹੋਣ ਕਰਕੇ ਉਨ੍ਹਾਂ ਦਾ ਪਰਿਵਾਰ ਕਿਸੇ ਜਾਤੀ ਵਿਤਕਰੇ ਦਾ ਸ਼ਿਕਾਰ ਨਹੀਂ ਸੀ ਪਰ ਭਗਤ ਕਬੀਰ ਵੇਲੇ ਤਾਂ ਕਿਸੇ ਸ਼ੂਦਰ ਵਿਅਕਤੀ ਦੀ ਏਨੀ ਜੁਰਅਤ ਹੀ ਨਹੀਂ ਸੀ ਕਿ ਉਹ ਬ੍ਰਾਹਮਣਵਾਦੀ ਸਿਸਟਮ ਦੇ ਵਿਰੁੱਧ ਮੂੰਹ ਵੀ ਖੋਲ੍ਹ ਸਕੇ। ਪਰ ਭਗਤ ਕਬੀਰ ਜੀ ਨੇ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਉਸ ਵੇਲੇ ਦੇ ਬ੍ਰਾਮਹਣਵਾਦ ਨੂੰ ਸਿੱਧੀ ਚੁਣੌਤੀ ਦਿੰਦਿਆਂ ਪੁੱਛਿਆ ਕਿ:

**ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥**

ਭਾਵ ਕਿ (ਸਾਰੇ ਜੀਵ ਮਾਤਾ ਦੇ ਪੇਟ 'ਚੋਂ ਹੀ ਪੈਦਾ ਹੁੰਦੇ ਹਨ। ਜੇ ਬ੍ਰਾਹਮਣ ਦੂਜੇ ਮਨੁੱਖਾਂ ਤੋਂ ਉੱਚਾ ਕਹਾਉਂਦਾ ਹੈ ਤਾਂ ਉਸ ਨੇ ਕਿਸੇ ਹੋਰ ਰਸਤੇ ਤੋਂ ਜਨਮ ਕਿਉਂ ਨਹੀਂ ਲਿਆ। ਕੁਦਰਤ ਦੀ ਇਸ ਅਟਲ ਸੱਚਾਈ ਵਾਲੀ ਬਾਣੀ ਪ੍ਰਤੀ ਬੇਸ਼ੱਕ ਬ੍ਰਾਹਮਣ ਨਿਰਉੱਤਰ ਹੋ ਗਏ ਸਨ ਪਰ ਫਿਰ ਵੀ ਉਨ੍ਹਾਂ ਨੇ ਆਪਣੀ ਹਉਮੈ ਭਰੀ ਚਲਾਕੀ ਰਾਹੀਂ ਦੱਬੇ-ਕੁਚਲੇ ਲੋਕਾਂ ਦੀ ਸੋਚ ਨੂੰ ਖੁੰਢੀ ਕਰੀ ਰੱਖਿਆ। ਇਹ ਮੰਨਿਆ ਜਾਂਦਾ ਹੈ ਕਿ ਭਗਤ ਕਬੀਰ ਨੇ ਸੁਆਮੀ ਰਾਮਾਨੰਦ ਨੂੰ ਆਪਣਾ ਗੁਰੂ ਧਾਰਿਆ ਸੀ। ਪਰ ਕਬੀਰ ਜੀ ਧਾਰਨਾ ਨੂੰ ਝੁਠਲਾਉਂਦੇ ਹੋਏ ਕਹਿੰਦੇ ਹਨ:

**ਕਬੀਰ ਬਾਮਨੁ ਗੁਰੂ ਹੈ ਜਗਤ ਕਾ**
**ਭਗਤਨ ਕਾ ਗੁਰੁ ਨਾਹਿ ॥**
**ਅਰਝਿ ਉਰਝਿ ਕੈ ਪਚਿ ਮੂਆ**
**ਚਾਰਉ ਬੇਦਹੁ ਮਾਹਿ ॥**

ਮੂਰਤੀ ਪੂਜਾ ਦਾ ਖੰਡਨ ਕਰਦੇ ਹੋਏ ਭਗਤ ਜੀ ਲਿਖਦੇ ਹਨ:


**ਕਬੀਰ ਠਾਕੁਰੁ ਪੂਜਹਿ ਮੋਲਿ ਲੇ**
**ਮਨਹਠਿ ਤੀਰਥ ਜਾਹਿ ॥**
**ਦੇਖਾ ਦੇਖੀ ਸ੍ਵਾਂਗੁ ਧਰਿ**
**ਭੂਲੇ ਭਟਕਾ ਖਾਹਿ ॥**

(ਅਰਥ) ਠਾਕੁਰ ਦੀ ਮੂਰਤੀ ਨੂੰ ਮੁੱਲ ਲੈ ਕੇ ਪੂਜਾ ਕਰਨ ਵਾਲੇ ਅਤੇ ਤੀਰਥਾਂ 'ਤੇ ਜਾਣ ਵਾਲੇ ਲੋਕ ਇਕ-ਦੂਜੇ ਦੀ ਰੀਸ ਕਰੀ ਜਾਂਦੇ ਹਨ ਕਿਉਂਕਿ ਇਹ ਸਹੀ ਮਾਰਗ ਤੋਂ ਖੁੰਝੇ ਹੋਏ ਲੋਕ ਇਵੇਂ ਹੀ ਭਟਕਦੇ ਫਿਰਦੇ ਹਨ।

ਤੀਰਥ ਇਸ਼ਨਾਨਾਂ ਬਾਰੇ ਬ੍ਰਾਹਮਣਵਾਦ ਦੇ ਪ੍ਰਚਾਰ ਦਾ ਕਬੀਰ ਜੀ ਇੰਝ ਖੰਡਨ ਕਰਦੇ ਹਨ:

**ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ ॥**
**ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥**

(ਅਰਥ) ਜੋ ਮਨ ਵਿਚ ਵਿਕਾਰਾਂ ਦੀ ਮੈਲ ਲੈ ਕੇ ਮਨੁੱਖ ਤੀਰਥਾਂ 'ਤੇ ਨਹਾਉਂਦਾ ਫਿਰੇ ਉਸ ਨੂੰ ਸਵਰਗ ਨਹੀਂ ਮਿਲਦਾ। ਅਜਿਹਾ ਵਿਅਕਤੀ ਆਪਣੇ-ਆਪ ਨੂੰ ਬੇਸ਼ੱਕ ਭਗਤ ਕਹਾਉਂਦਾ ਫਿਰੇ ਪਰ ਰੱਬ ਸਭ ਕੁਝ ਜਾਣਦਾ ਹੈ।




ਭਗਤ ਕਬੀਰ ਜੀ ਨੇ 17 ਰਾਗਾਂ ਵਿਚ 224 ਸ਼ਬਦ ਉਚਾਰੇ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸ ਤੋਂ ਇਲਾਵਾ ਬਾਵਨ ਅਖਰੀ, ਥਿਤੀ ਵਾਰ 7ਵੀਂ ਅਤੇ 'ਸਲੋਕ ਭਗਤ ਕਬੀਰ ਜੀਓ ਕੇ' ਸਿਰਲੇਖ ਹੇਠ 243 ਸਲੋਕ ਹਨ, ਜਿਨ੍ਹਾਂ ਦੇ ਨਾਲ ਹੀ ਕੁਝ ਸਲੋਕ ਗੁਰੂ ਅਰਜਨ ਦੇਵ ਜੀ ਦੇ ਤੇ ਗੁਰੂ ਅਮਰਦਾਸ ਜੀ ਦੇ ਹਨ।

ਭਗਤ ਕਬੀਰ ਜੀ ਦਾ ਦਿਹਾਂਤ 1518 ਈਸਵੀ ਵਿਚ ਮਗਹਰ (ਉੱਤਰ ਪ੍ਰਦੇਸ਼) ਵਿਖੇ ਹੋਇਆ। ਸੋ ਭਗਤ ਕਬੀਰ ਜੀ ਦੇ ਉਪਰੋਕਤ ਬਿਆਨ ਕੀਤੇ ਜੀਵਨ ਇਤਿਹਾਸ ਅਤੇ ਉਨ੍ਹਾਂ ਦੀ ਸਮੁੱਚੀ ਬਾਣੀ ਨੂੰ ਪੂਰੀ ਗੰਭੀਰਤਾ ਨਾਲ ਵਾਚਣ 'ਤੇ ਸਾਨੂੰ ਪਤਾ ਲਗਦਾ ਹੈ ਕਿ ਅੱਜ 21ਵੀਂ ਸਦੀ ਵਿਚ ਵੀ ਜੋ ਸਾਡਾ ਸਮਾਜ ਜਾਤਾਂ-ਪਾਤਾਂ, ਊਚ ਨੀਚ, ਕਰਮਾਂ ਕਾਂਡਾਂ ਅਤੇ ਮਨੁੱਖਤਾ ਵਿਰੋਧੀ ਗਲਤ ਰੀਤੀ ਰਿਵਾਜਾਂ ਵਿਚ ਉਲਝਿਆ ਪਿਆ ਹੈ, ਉਸ ਦੇ ਸੁਧਾਰ ਲਈ ਅੱਜ ਸਾਨੂੰ ਇਹ ਵਿਚਾਰਨ ਦੀ ਸਖ਼ਤ ਲੋੜ ਹੈ ਕਿ ਅਜਿਹੀਆਂ ਕੁਰੀਤੀਆਂ ਦੇ ਵਿਰੁੱਧ ਭਗਤ ਕਬੀਰ ਜੀ ਨੇ 625 ਸਾਲ ਪਹਿਲਾਂ ਹੀ ਬਾਣੀ ਦੀ ਰਚਨਾ ਕਰ ਦਿੱਤੀ ਸੀ, ਜੋ ਬਾਅਦ ਵਿਚ ਗੁਰੂ ਸਾਹਿਬਾਨ ਵਲੋਂ ਸਤਿਕਾਰ ਸਹਿਤ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਕੀਤੀ ਹੈ ਜਿਸ ਨੂੰ ਅੱਜ ਸਿਰਫ਼ ਮੱਥੇ ਟੇਕਣਾ ਹੀ ਕਾਫ਼ੀ ਨਹੀਂ, ਬਲਕਿ ਉਸ 'ਤੇ ਅਮਲ ਕਰਨਾ ਵੀ ਅਤਿ ਜ਼ਰੂਰੀ ਹੈ।

ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਮੀਰੀ ਪੀਰੀ ਸਿਧਾਂਤ ਦੇ ਸਿਰਜਕ ਗੁਰੂ ਹਰਿਗੋਬਿੰਦ



ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੇ ਜਿਥੇ ਸਿੱਖਾਂ ਨੂੰ ਸ਼ਬਦ ਗੁਰੂ ਅਤੇ ਹਰਿਮੰਦਰ ਸਾਹਿਬ ਦੀ ਬਖਸ਼ਿਸ਼ ਕੀਤੀ, ਉਥੇ ਆਪਣਾ ਬਲੀਦਾਨ ਦੇ ਕੇ ਦੱਬੇ-ਕੁੱਚਲੇ, ਨੀਵੇਂ ਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਦੇ ਮਨਾਂ 'ਚੋਂ ਮੌਤ ਦੇ ਭੈਅ ਨੂੰ ਦੂਰ ਕੀਤਾ। ਮੌਕੇ ਦੀ ਹਕੂਮਤ ਨੇ ਸੋਚਿਆ ਕਿ ਇਸ ਸ਼ਹੀਦੀ ਨੂੰ ਦੇਖ ਸਿੱਖੀ ਦੇ ਰੂਪ ਵਿਚ ਸੱਚ, ਹੱਕ ਦੀ ਰਾਖੀ ਅਤੇ ਜ਼ੁਲਮ ਵਿਰੁੱਧ ਬਣੀ ਲਹਿਰ ਰੁਕ ਜਾਵੇਗੀ ਅਤੇ ਹੌਲੀ-ਹੌਲੀ ਮੁਕ ਜਾਵੇਗੀ। ਪਰ ਇਹ ਉਨ੍ਹਾਂ ਦੀ ਗਲਤਫ਼ਹਿਮੀ ਸੀ। ਸ਼ਹਾਦਤ ਨੇ ਤਾਂ ਸਗੋਂ ਬਲਦੀ ਉੱਤੇ ਘਿਓ ਦਾ ਕੰਮ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਲਈ ਲਾਹੌਰ ਜਾਣ ਤੋਂ ਪਹਿਲਾਂ ਗੁਰਗੱਦੀ ਆਪਣੇ ਪੁੱਤਰ ਹਰਿਗੋਬਿੰਦ ਨੂੰ ਸੌਂਪ ਦਿੱਤੀ। ਬਾਬਾ ਬੁੱਢਾ ਜੀ, ਜਿਨ੍ਹਾਂ ਨੂੰ ਪੰਜ ਗੁਰੂ ਸਾਹਿਬਾਨ ਨੂੰ ਗੁਰਗੱਦੀ ਦਾ ਤਿਲਕ ਲਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਨੇ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦਿੰਦੇ ਸਮੇਂ ਤਲਵਾਰ ਵੀ ਪਹਿਨਾ ਦਿੱਤੀ। ਇਤਿਹਾਸ ਵਿੱਚ ਇਹ ਇਕ ਨਵਾਂ ਮੋੜ ਸੀ। ਹਰਿਗੋਬਿੰਦ ਸਾਹਿਬ ਸਿਰਫ 11 ਵਰ੍ਹਿਆਂ ਦੀ ਉਮਰ ਵਿਚ 25 ਮਈ, 1606 ਨੂੰ ਗੁਰਗੱਦੀ 'ਤੇ ਬੈਠੇ।

ਗੁਰੂ ਸਾਹਿਬ ਦਾ ਜਨਮ 1595 ਨੂੰ ਗੁਰੂ ਕੀ ਵਡਾਲੀ ਵਿਖੇ ਹੋਇਆ। ਗੁਰਗੱਦੀ ਸੌਂਪਦੇ ਸਮੇਂ ਗੁਰੂ ਅਰਜਨ ਦੇਵ ਜੀ ਦੇ ਬਚਨ ਸਨ, 'ਕਰੜੇ ਸਮੇਂ ਆ ਰਹੇ ਹਨ। ਗੁਰੂ ਨਾਨਕ ਸਾਹਿਬ ਵੱਲੋਂ ਸੱਚ, ਹੱਕ ਤੇ ਬਰਾਬਰੀ ਦੀ ਸ਼ੁਰੂ ਕੀਤੀ ਲਹਿਰ ਦੀਆਂ ਜੜ੍ਹਾਂ ਕੱਟਣ ਲਈ ਬਦੀ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ। ਗੁਰੂ ਨਾਨਕ ਦਾ ਘਰ ਹੁਣ ਤੱਕ ਸੱਚ, ਹੱਕ, ਪ੍ਰੇਮ, ਅਣਖ, ਬਰਾਬਰੀ ਅਤੇ ਆਜ਼ਾਦੀ ਦੀ ਰਾਖੀ ਲਈ ਲੋਕ ਲਹਿਰ ਨੂੰ ਅਮਨ ਅਤੇ ਸ਼ਾਂਤਮਈ ਢੰਗ ਨਾਲ ਮਜ਼ਬੂਤ ਕਰਦਾ ਰਿਹਾ ਹੈ। ਜੇ ਜਾਬਰ ਇਸ ਨੂੰ ਸਾਡੀ ਕਮਜ਼ੋਰੀ ਸਮਝਦਾ ਹੈ ਤਾਂ ਇਹ ਉਸ ਦੀ ਭੁੱਲ ਹੈ। ਸਾਡੀ ਸ਼ਹਾਦਤ ਲੋਕ ਮਨਾਂ ਵਿੱਚੋਂ ਜ਼ੁਲਮ ਅਤੇ ਮੌਤ ਦੇ ਭੈਅ ਨੂੰ ਦੂਰ ਕਰ ਦੇਵੇਗੀ ਤੇ ਉਹ ਇਸ ਧਰਮ ਯੁੱਧ ਵਿੱਚ ਆਪਣੀਆਂ ਜਾਨਾਂ ਵਾਰਨ ਤੋਂ ਵੀ ਕਦੇ ਗੁਰੇਜ਼ ਨਹੀਂ ਕਰਨਗੇ।'

ਗੁਰੂ ਹਰਗੋਬਿੰਦ ਸਾਹਿਬ ਨੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਫ਼ੌਜ ਤਿਆਰ ਕਰਨੀ ਸ਼ੁਰੂ ਕੀਤੀ। ਸਿਰਫ ਰੋਟੀ ਉਤੇ ਹੀ ਨੌਜਵਾਨ ਗੁਰੂ ਜੀ ਦੀ ਫੌਜ ਵਿਚ ਭਰਤੀ ਹੋਣ ਲੱਗ ਪਏ। ਗੁਰੂ ਜੀ ਨੇ ਆਪਣਾ ਪਹਿਰਾਵਾ ਸ਼ਹਿਨਸ਼ਾਹਾਂ ਵਾਲਾ ਬਣਾਇਆ। ਪਗੜੀ 'ਤੇ ਕਲਗੀ ਸਜਾਈ। ਪਰਮਾਤਮਾ ਦੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ। ਅਕਾਲ ਤਖ਼ਤ ਦੀ ਉਸਾਰੀ ਕਰਵਾ ਕੇ ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਦੇ ਹੁਕਮਾਂ ਦੀ ਹੀ ਪਾਲਣਾ ਕੀਤੀ। ਗੁਰੂ ਨਾਨਕ ਸਾਹਿਬ ਦਾ ਹੁਕਮ ਹੈ ਕਿ ਵਾਹਿਗੁਰੂ ਹੀ ਸੱਚਾ ਪਾਤਸ਼ਾਹ ਹੈ ਅਤੇ ਉਸ ਦਾ ਤਖ਼ਤ ਸੱਚਾ ਹੈ। ਅਕਾਲ ਤਖ਼ਤ ਦੀ ਸਥਾਪਨਾ ਨਾਲ ਸਿੱਖਾਂ ਨੂੰ ਸੱਚੇ ਪਾਤਿਸ਼ਾਹ ਦਾ ਤਖ਼ਤ ਮਿਲ ਗਿਆ ਤੇ ਉਨ੍ਹਾਂ ਦੇ ਮਨੋਂ ਦੁਨਿਆਵੀ ਤਖ਼ਤ ਦਾ ਡਰ ਜਾਂਦਾ ਰਿਹਾ। ਜਿੱਥੇ ਹਰਿਮੰਦਰ ਸਾਹਿਬ ਵਿਖੇ ਨਿਰੋਲ ਗੁਰਬਾਣੀ ਦਾ ਕੀਰਤਨ ਹੁੰਦਾ ਸੀ, ਉਥੇ ਅਕਾਲ ਤਖ਼ਤ ਸਾਹਿਬ ਸਾਹਮਣੇ ਸ਼ਸਤਰਾਂ ਦੀਆਂ ਮਸ਼ਕਾਂ ਹੋਣ ਲੱਗੀਆਂ। ਰਾਗੀ ਅਤੇ ਢਾਡੀ ਬੀਰ ਰਸ ਦੀਆਂ ਵਾਰਾਂ ਗਾਉਣ ਲੱਗ ਪਏ। ਗੁਰੂ ਸਾਹਿਬ ਆਪਣਾ ਦਰਬਾਰ ਅਕਾਲ ਤਖ਼ਤ 'ਤੇ ਲਾਉਂਦੇ, ਫਰਿਆਦੀਆਂ ਦੀਆਂ ਫਰਿਆਦਾਂ ਸੁਣਦੇ ਤੇ ਫ਼ੈਸਲੇ ਸੁਣਾਉਂਦੇ। ਉਨ੍ਹਾਂ ਨਗਾਰਾ ਵਜਾਉਣਾ ਵੀ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ 52 ਚੋਣਵੇਂ ਨੌਜਵਾਨਾਂ ਨੂੰ ਆਪਣੇ ਨਿਜੀ ਅੰਗਰੱਖਿਅਕ ਬਣਾਇਆ। ਸਾਰੀ ਫੌਜ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ ਗਿਆ। ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਪਿਰਾਨਾ, ਭਾਈ ਲੰਗਾਹ ਤੇ ਭਾਈ ਪਰਾਗ ਛਿੱਬਰ ਨੂੰ ਇਨ੍ਹਾਂ ਜਥਿਆਂ ਦੇ ਜਥੇਦਾਰ ਥਾਪਿਆ ਤੇ ਪੰਜ ਕਿਲਿਆਂ ਦੀ ਉਸਾਰੀ ਕਰਵਾਈ। ਅੰਮ੍ਰਿਤਸਰ ਸਿੱਖਾਂ ਦੀ ਰਾਜਧਾਨੀ ਹੀ ਬਣ ਗਿਆ।

ਜਦੋਂ ਮੁਰਤਜ਼ਾ ਖਾਨ ਲਾਹੌਰ ਦਾ ਗਵਰਨਰ ਬਣਿਆ ਤਾਂ ਉਸ ਨੇ ਬਾਦਸ਼ਾਹ ਜਹਾਂਗੀਰ ਕੋਲ ਗੁਰੂ ਜੀ ਵਿਰੁੱਧ ਸ਼ਿਕਾਇਤ ਕੀਤੀ। ਉਹ

ਡਾ. ਰਣਜੀਤ ਸਿੰਘ

ਗੁਰੂ ਘਰ ਦਾ ਵਿਰੋਧੀ ਸੀ ਤੇ ਉਸ ਨੇ ਬਾਦਸ਼ਾਹ ਕੋਲੋਂ ਗੁਰੂ ਜੀ ਦੀ ਗ੍ਰਿਫਤਾਰੀ ਦੇ ਹੁਕਮ ਪ੍ਰਾਪਤ ਕਰ ਲਏ। ਗੁਰੂ ਜੀ ਦਾ ਫੌਜ ਰੱਖਣਾ, ਬਾਦਸ਼ਾਹਾਂ ਵਾਂਗ ਤਖ਼ਤ 'ਤੇ ਬੈਠ ਦਰਬਾਰ ਸਜਾਉਣਾ, ਕਿਲੇ ਦੀ ਉਸਾਰੀ, ਹਾਰੇ ਹੋਏ ਰਾਜਿਆਂ ਤੇ ਸਰਦਾਰਾਂ ਨੂੰ ਆਪਣੀ ਸ਼ਰਨ ਵਿਚ ਲੈਣਾ, ਸੰਗਤ ਨੂੰ ਸਿਰਫ ਅਕਾਲ ਪੁਰਖ ਦਾ ਹੁਕਮ ਮੰਨਣ ਦਾ ਆਦੇਸ਼ ਦੇਣਾ, ਜਬਰ ਜ਼ੁਲਮ ਦਾ ਵਿਰੋਧ ਕਰਨਾ, ਲੋਕਾਂ ਨੂੰ ਸੱਚ, ਹੱਕ, ਆਜ਼ਾਦੀ ਤੇ ਅਣਖ ਲਈ ਜੂਝਣ ਦੀ ਪ੍ਰੇਰਨਾ ਦੇਣਾ ਆਦਿ ਉਨ੍ਹਾਂ ਦੀ ਗ੍ਰਿਫਤਾਰੀ ਲਈ ਬਹਾਨੇ ਬਣ ਗਏ। ਲਾਹੌਰ ਦੇ ਗਵਰਨਰ ਨੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਵਜ਼ੀਰ ਖਾਨ ਤੇ ਗੁੰਚਾ ਬੇਗ ਨੂੰ ਗੁਰੂ ਜੀ ਵੱਲ ਭੇਜਿਆ। ਵਜ਼ੀਰ ਖ਼ਾਨ ਗੁਰੂ ਘਰ ਦਾ ਸ਼ਰਧਾਲੂ ਸੀ। ਉਸ ਨੂੰ ਪਤਾ ਸੀ ਕਿ ਜੇ ਗੁਰੂ ਜੀ ਲਾਹੌਰ ਗਏ ਤਾਂ ਗਵਰਨਰ ਨੇ ਉਨ੍ਹਾਂ ਨਾਲ ਭਲੀ ਨਹੀਂ ਕਰਨੀ। ਉਨ੍ਹਾਂ ਗੁਰੂ ਜੀ ਨੂੰ ਆਗਰੇ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਸਿਰਫ 17 ਵਰ੍ਹਿਆਂ ਦੇ ਸਨ, ਜਦੋਂ ਉਨ੍ਹਾਂ ਆਗਰੇ ਵੱਲ ਚਾਲੇ ਪਾਏ। ਦਿੱਲੀ ਪੁੱਜ ਕੇ ਉਨ੍ਹਾਂ ਨੇ ਮਜਨੂੰ ਦੇ ਟਿੱਲੇ 'ਤੇ ਪੜਾਅ ਕੀਤਾ ਤੇ ਇਥੇ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ 12 ਸਾਲ ਦੀ ਕੈਦ ਦਾ ਹੁਕਮ ਸੁਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ। ਇਸ ਕਿਲ੍ਹੇ ਵਿਚ ਸਿਰਫ ਸ਼ਾਹੀ ਕੈਦੀ ਹੀ ਰੱਖੇ ਜਾਂਦੇ ਸਨ। ਇਥੇ ਪਹਿਲਾਂ ਹੀ 101 ਰਾਜੇ ਕੈਦ ਸਨ। ਗੁਰੂ ਜੀ ਨੇ ਆਪਣੇ ਸਾਥੀਆਂ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਤਾਂ ਜੋ ਧਰਮ ਪ੍ਰਚਾਰ ਦਾ ਕੰਮ ਜਾਰੀ ਰੱਖਿਆ ਜਾ ਸਕੇ। ਗੁਰੂ ਜੀ ਨੇ ਕਿਲ੍ਹੇ ਦੇ ਅੰਦਰ ਹੀ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਵਜ਼ੀਰ ਖ਼ਾਨ, ਸਾਈਂ ਮੀਆਂ ਮੀਰ ਤੇ ਨਿਜ਼ਾਮਉਦੀਨ ਔਲੀਆ ਨੇ ਜਹਾਂਗੀਰ ਨੂੰ ਆਪਣੀ ਗਲਤੀ ਦਾ ਅਹਿਸਾਸ ਦੁਆਣ ਦੀਆਂ ਕੋਸ਼ਿਸ਼ਾਂ ਜਾਰੀ ਕਰ ਦਿੱਤੀਆਂ। ਉਨ੍ਹਾਂ ਨੂਰਜਹਾਂ ਨੂੰ ਵੀ ਗੁਰੂ ਜੀ ਦੇ ਹੱਕ ਵਿੱਚ ਕਰ ਲਿਆ। ਹੁਣ ਜਹਾਂਗੀਰ ਬਿਮਾਰ ਰਹਿਣ ਲੱਗ ਪਿਆ। ਉਸ ਨੂੰ ਦੱਸਿਆ ਗਿਆ ਕਿ ਇਸ ਬਿਮਾਰੀ ਦਾ ਮੁੱਖ ਕਾਰਨ ਕਿਸੇ ਪੀਰ ਨੂੰ ਦੁੱਖ ਦੇਣਾ ਹੈ। ਜਹਾਂਗੀਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਤੇ ਉਸ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿੱਤਾ, ''ਜਹਾਂ ਤਬੀਅਤ ਹੋਇ ਜਾਈਏ, ਜਹਾਂ ਖ਼ੁਸ਼ੀ ਹੋਏ ਰਹੀਏ।'

ਗੁਰੂ ਜੀ ਜਦੋਂ ਕਿਲ੍ਹਾ ਛੱਡਣ ਲੱਗੇ ਤਾਂ ਉਥੇ ਕੈਦ ਰਾਜਿਆਂ ਨੇ ਬੇਨਤੀ ਕੀਤੀ, 'ਮਹਾਰਾਜ ਸਾਨੂੰ ਕਿਸ ਦੇ ਸਹਾਰੇ ਛੱਡ ਕੇ ਜਾ ਰਹੇ ਹੋ?' ਗੁਰੂ ਜੀ ਨੇ ਜਹਾਂਗੀਰ ਨੂੰ ਆਖਿਆ, 'ਮੈਂ ਉਦੋਂ ਤਕ ਕਿਲ੍ਹੇ 'ਚੋਂ ਨਹੀਂ ਜਾਵਾਂਗਾ, ਜਦੋਂ ਤਕ ਇਨ੍ਹਾਂ ਸਾਰਿਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ।' ਜਹਾਂਗੀਰ ਨੇ ਹੁਕਮ ਦਿੱਤਾ ਕਿ ਛੋਟੇ ਰਾਜਿਆਂ ਨੂੰ ਛੱਡ ਦਿੱਤਾ ਜਾਵੇ। ਬਾਕੀ ਜਿੰਨੇ ਗੁਰੂ ਜੀ ਦੇ ਚੋਲੇ ਨੂੰ ਫੜ ਸਕਣ, ਉਹ ਬਾਹਰ ਆ ਸਕਦੇ ਹਨ। ਉਦੋਂ ਕੈਦ ਵਿਚ 49 ਛੋਟੇ ਰਾਜੇ ਸਨ, ਬਾਕੀ 52 ਰਾਜਿਆਂ ਦੀ ਰਿਹਾਈ ਲਈ ਗੁਰੂ ਜੀ ਨੇ 52 ਕਲੀਆਂ ਵਾਲਾ ਚੋਲਾ ਬਣਵਾਇਆ ਤੇ ਸਾਰੇ ਰਾਜਿਆਂ ਦੀ ਰਿਹਾਈ ਹੋਈ। ਉਦੋਂ ਤੋਂ ਹੀ ਗੁਰੂ ਜੀ ਨੂੰ ਬੰਦੀ ਛੋੜ ਆਖਿਆ ਜਾਣ ਲੱਗ ਪਿਆ। ਮੈਕਾਲਿਫ਼ ਲਿਖਦਾ ਹੈ ਕਿ ਜਦੋਂ ਗੁਰੂ ਜੀ ਗਵਾਲੀਅਰ ਤੋਂ ਰਿਹਾ ਹੋ ਕੇ ਅੰਮ੍ਰਿਤਸਰ ਆਉਣ ਦੀ ਤਿਆਰੀ ਕਰ ਰਹੇ ਸਨ ਤਾਂ ਬਾਦਸ਼ਾਹ ਨੇ ਉਨ੍ਹਾਂ ਦੇ ਦਰਸ਼ਨਾਂ ਦੀ ਇੱਛਾ ਜ਼ਾਹਿਰ ਕੀਤੀ। ਗੁਰੂ ਜੀ ਜਦੋਂ ਜਹਾਂਗੀਰ ਨੂੰ ਮਿਲੇ ਤਾਂ ਉਸ ਨੇ ਬੇਨਤੀ ਕੀਤੀ, 'ਗੁਰੂ ਜੀ ਮੈਂ ਵੀ ਲਾਹੌਰ ਰਾਹੀਂ ਕਸ਼ਮੀਰ ਜਾ ਰਿਹਾ ਹਾਂ। ਮੇਰੀ ਇੱਛਾ ਹੈ ਕਿ ਤੁਸੀਂ ਮੇਰੇ ਨਾਲ ਚੱਲੋ।' ਗੁਰੂ ਜੀ ਅੰਮ੍ਰਿਤਸਰ ਤੱਕ ਬਾਦਸ਼ਾਹ ਦੇ ਨਾਲ ਆਏ। ਇਸੇ ਸਫ਼ਰ ਦੌਰਾਨ ਮਲਕਾ ਨੂਰਜਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਮੈਕਾਲਿਫ਼ ਅੱਗੇ ਲਿਖਦਾ ਹੈ ਕਿ ਬਾਦਸ਼ਾਹ ਨੇ ਆਪਣਾ ਪੜਾਅ ਅੰਮ੍ਰਿਤਸਰ ਨੇੜੇ ਗੁਮਦਾਲਾ ਪਿੰਡ ਕੀਤਾ। ਬਾਦਸ਼ਾਹ ਨੇ ਮਲਕਾ ਨੂਰਜਹਾਂ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਕੜਾਹ ਪ੍ਰਸਾਦਿ ਕਰਵਾਇਆ। ਉਸ ਨੇ ਗੁਰੂ ਘਰ ਦੀ ਉਸਾਰੀ ਲਈ ਮਾਇਆ ਦੇਣੀ ਚਾਹੀ ਪਰ ਗੁਰੂ ਜੀ ਨੇ ਸ਼ਾਹੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਨੇ ਧਰਮ ਪ੍ਰਚਾਰ ਲਈ ਵੱਡੀਆਂ ਯਾਤਰਾਵਾਂ ਕੀਤੀਆਂ। ਜਦੋਂ ਗੁਰੂ ਜੀ ਕਸ਼ਮੀਰ ਵਿਚ ਸਨ ਤਾਂ ਉਨ੍ਹਾਂ ਦੀ ਮੁਲਾਕਾਤ ਸ਼ਿਵਾ ਜੀ ਦੇ ਗੁਰੂ ਸੰਤ ਰਾਮਦਾਸ ਜੀ ਨਾਲ ਹੋਈ। ਰਾਮਦਾਸ ਜੀ ਨੇ ਗੁਰੂ ਜੀ ਤੋਂ ਪੁੱਛਿਆ, 'ਤੁਸੀਂ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਹੋ ਕੇ ਸ਼ਸਤਰ ਧਾਰਨ ਕਰਕੇ ਸ਼ਾਹੀ ਠਾਠ ਨਾਲ ਕਿਉਂ ਰਹਿੰਦੇ ਹੋ?' ਗੁਰੂ ਜੀ ਦਾ ਉੱਤਰ ਸੀ, 'ਗੁਰੂ ਨਾਨਕ ਨੇ ਮਾਇਆ ਤਿਆਗੀ ਸੀ, ਸੰਸਾਰ ਨਹੀਂ। ਅਸੀਂ ਸ਼ਸਤਰ ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭਖਿਆ ਲਈ ਪਾਏ ਹਨ।' ਦੋਵਾਂ ਵਿਚਕਾਰ ਮੁਗਲਾਂ ਦੇ ਜ਼ੁਲਮ ਨੂੰ ਖ਼ਤਮ ਕਰਨ ਬਾਰੇ ਵਿਚਾਰ-ਵਟਾਂਦਰਾ ਹੋਇਆ। ਇਸੇ ਵਿਚਾਰ-ਵਟਾਂਦਰੇ ਦੇ ਆਧਾਰ 'ਤੇ ਗੁਰੂ ਜੀ ਨੇ ਉੱਤਰ ਵਿੱਚ ਤੇ ਸ਼ਿਵਾ ਜੀ ਮਰਹੱਟਾ ਨੇ ਪੱਛਮ ਵਿੱਚ ਸ਼ਾਹੀ ਜ਼ੁਲਮ ਵਿਰੁੱਧ ਮੁਹਿੰਮ ਸ਼ੁਰੂ ਕੀਤੀ।

ਜਹਾਂਗੀਰ ਦੀ ਮੌਤ ਪਿੱਛੋਂ ਸ਼ਾਹ ਜਹਾਨ ਤਖ਼ਤ 'ਤੇ ਬੈਠਿਆ। ਉਸ ਦਾ ਹੁਕਮ ਸੀ ਕਿ ਇਸਲਾਮ ਤੋਂ ਬਗੈਰ ਹੋਰ ਕਿਸੇ ਧਰਮ ਦਾ ਪ੍ਰਚਾਰ ਨਾ ਹੋਣ ਦਿੱਤਾ ਜਾਵੇ। ਗੁਰੂ ਘਰ ਦੇ ਦੋਖੀਆਂ ਵਿਸ਼ੇਸ਼ ਕਰਕੇ ਚੰਦੂ, ਸੁਲਹੀ ਖਾਨ ਅਤੇ ਪ੍ਰਿਥੀ ਚੰਦ ਦੇ ਪੁੱਤਰਾਂ ਗੁਰੂ ਘਰ ਵਿਰੁੱਧ ਸ਼ਿਕਾਇਤਾਂ ਸ਼ੁਰੂ ਕਰ ਦਿੱਤੀਆਂ। ਉਦੋਂ ਲਾਹੌਰ ਦਾ ਗਵਰਨਰ ਕੁਲੀਜ ਖਾਨ ਸੀ, ਜਿਹੜਾ ਗੁਰੂ ਘਰ ਦਾ ਵਿਰੋਧੀ ਸੀ। ਜਦੋਂ ਸ਼ਾਹ ਜਹਾਨ 1633 ਵਿਚ ਲਾਹੌਰ ਆਇਆ ਤਾਂ ਉਸ ਕੋਲੋਂ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਪ੍ਰਾਪਤ ਕਰ ਲਿਆ। ਗੁਰੂ ਜੀ ਨੂੰ ਫੜਨ ਲਈ ਮੁਰਤਜ਼ਾ ਖਾਨ ਦੀ ਅਗਵਾਈ ਹੇਠ ਆਈ ਮੁਗਲ ਫੌਜ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸੇ ਤਰ੍ਹਾਂ ਲੱਲਾ ਬੇਗ, ਕਮਰ ਬੇਗ ਤੇ ਪੈਂਦੇ ਖਾਨ ਦੀ ਅਗਵਾਈ ਹੇਠ ਹਮਲੇ ਕੀਤੇ ਗਏ ਪਰ ਹਮੇਸ਼ਾ ਸ਼ਾਹੀ ਫੌਜਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਤਿੰਨ ਦਹਾਕਿਆਂ ਪਿੱਛੋਂ ਹੀ ਗੁਰੂ ਦੇ ਸਿੱਖਾਂ ਨੇ ਸ਼ਾਹੀ ਫੌਜਾਂ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਸੱਚ ਤੇ ਹੱਕ ਦੀ ਰਾਖੀ ਲਈ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਮੈਦਾਨ-ਏ-ਜੰਗ ਵਿਚ ਕੁੱਦੇ ਅਤੇ ਸ਼ਾਹੀ ਫੌਜਾਂ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ।

ਨਿੱਤ ਦੀਆਂ ਲੜਾਈਆਂ ਦਾ ਧਰਮ ਪ੍ਰਚਾਰ 'ਤੇ ਅਸਰ ਪੈ ਰਿਹਾ ਸੀ। ਗੁਰੂ ਜੀ ਨੇ ਅੰਮ੍ਰਿਤਸਰ ਨੂੰ ਤਿਆਗ ਕੀਰਤਪੁਰ ਸਾਹਿਬ ਰਹਿਣ ਦਾ ਫੈਸਲਾ ਕੀਤਾ। ਕੀਰਤਪੁਰ ਸਾਹਿਬ ਦਰਿਆ ਸਤਲੁਜ ਦੇ ਕੰਢੇ ਪਹਾੜੀਆਂ ਦੀ ਗੋਦ ਵਿਚ ਜੰਗਲਾਂ ਨਾਲ ਘਿਰਿਆ ਰਮਣੀਕ ਥਾਂ ਸੀ। ਇਸ ਨੂੰ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਗੁਰੂ ਸਾਹਿਬ 1635 ਵਿਚ ਕੀਰਤਪੁਰ ਸਾਹਿਬ ਆਏ ਅਤੇ ਆਖਰੀ ਸਮੇਂ ਤਕ ਇਥੇ ਰਹਿ ਕੇ ਧਰਮ ਪ੍ਰਚਾਰ ਕਰਦੇ ਰਹੇ। ਗੁਰੂ ਜੀ 3 ਮਾਰਚ, 1645 ਨੂੰ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਸਸਕਾਰ ਦਰਿਆ ਸਤਿਲੁਜ ਦੇ ਕੰਢੇ ਗੁਰਦੁਆਰਾ ਪਤਾਲਪੁਰੀ ਵਾਲੀ ਥਾਂ 'ਤੇ ਕੀਤਾ ਗਿਆ। ਗੁਰੂ ਜੀ ਗੁਰਗੱਦੀ ਬਾਬਾ ਗੁਰਦਿੱਤਾ ਜੀ ਦੇ ਪੁੱਤਰ ਤੇ ਆਪਣੇ ਪੋਤਰੇ ਗੁਰੂ ਹਰਿ ਰਾਏ ਜੀ ਨੂੰ ਸੌਂਪ ਗਏ।

ਜਬਰ, ਜ਼ੁਲਮ, ਨਾ-ਬਰਾਬਰੀ ਅਤੇ ਅਨਿਆਂ ਵਿਰੁੱਧ ਜਿਹੜੀ ਸ਼ਾਂਤਮਈ ਮੁਹਿੰਮ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਕੀਤੀ ਸੀ, ਉਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਨਵਾਂ ਮੋੜ ਦਿੱਤਾ। ਉਨ੍ਹਾਂ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰ ਚੁੱਕੇ ਅਤੇ ਆਪਣੇ ਸਿੱਖਾਂ ਨੂੰ ਸੱਚ ਤੇ ਹੱਕ ਦੀ ਲੜਾਈ ਲੜਨ ਲਈ ਤਿਆਰ ਕੀਤਾ। ਉਨ੍ਹਾਂ ਪੀਰੀ ਤੇ ਮੀਰੀ ਦਾ ਸੁਮੇਲ ਕਰਕੇ ਧਰਮ ਅਤੇ ਰਾਜਨੀਤੀ ਨੂੰ ਇਕੱਠਿਆਂ ਕੀਤਾ, ਤਾਂ ਜੋ ਰਾਜਨੀਤੀ ਧਾਰਮਿਕ ਅਸੂਲਾਂ ਅਨੁਸਾਰ ਸੱਚ, ਹੱਕ ਤੇ ਬਰਾਬਰੀ ਦਾ ਰਾਜ ਬਣਾਇਆ ਜਾ ਸਕੇ ਅਤੇ ਗਰੀਬਾਂ ਤੇ ਕਮਜ਼ੋਰਾਂ ਦੀ ਰਾਖੀ ਕੀਤੀ ਜਾ ਸਕੇ।



# ਪ੍ਰਕਾਸ਼ ਦਿਹਾੜਾ, ਗੁਰੂ ਹਰਿਗੋਬਿੰਦ ਸਾਹਿਬ ਜੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ, ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਕੈਲੰਡਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਹਾੜ ਵਦੀ 1, 30 ਜੇਠ, 12 ਜੂਨ ਦਰਜ ਹੈ। ਪਿਛਲੇ ਸਾਲ (556 ਨ: ਸ:) ਦੇ ਕੈਲੰਡਰ ਵਿੱਚ ਇਹ ਦਿਹਾੜਾ 9 ਹਾੜ, 22 ਜੂਨ ਦਾ ਦਰਜ ਸੀ। (ਯਾਦ ਰਹੇ ਕਮੇਟੀ ਨੇ ਆਪਣੇ ਕੈਲੰਡਰ ਵਿੱਚ ਵਦੀਆਂ-ਸੁਦੀਆਂ, ਇਸ ਸਾਲ ਹੀ ਦਰਜ ਕੀਤੀਆਂ ਹਨ) ਇਥੇ ਪ੍ਰਵਿਸ਼ਟਿਆਂ ਅਤੇ ਤਾਰੀਖਾਂ ਦੇ ਅੰਤਰ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਚੰਦ ਦੇ ਕੈਲੰਡਰ ਮੁਤਾਬਕ, ਹਾੜ ਵਦੀ 1 ਨੂੰ ਮਨਾਉਂਦੀ ਹੈ।

ਹੈਰਾਨੀ ਹੋਈ ਜਦੋਂ ਸ਼ ?ੋਮਣੀ ਕਮੇਟੀ ਦੀ ਵੈੱਬ ਸਾਈਟ ਵੇਖੀ ਤਾਂ ਉਥੇ ਇਹ ਹਾੜ ਵਦੀ 7, 21 ਹਾੜ ਦਰਜ ਹੈ। "Sri Guru Hargobind Sahib ji was born at village Guru ki Wadali (district Amritsar) on Harh Vadi 7 (21 Harh) Samvat 1652 (19 th June 1595)'' (sgpc.net) ਇਨ੍ਹਾਂ ਦੋਵਾਂ ਤਾਰੀਖਾਂ ਵਿੱਚ ਇਕ ਹਫ਼ਤੇ ਦਾ ਫ਼ਰਕ ਹੋਣ ਕਾਰਨ, ਅਸੀਂ ਦਾਵੇ ਨਾਲ ਕਹਿ ਸਕਦੇ ਹਾਂ ਕਿ ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਆਓ ਵੇਖੀਏ ਕਿ ਸਹੀ ਤਾਰੀਖ ਕਿਹੜੀ ਹੈ?

ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਉੱਪਰ ਦਰਜ ਤਾਰੀਖ, ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ (19 ਜੂਨ 1595 ਈ: ਜੂਲੀਅਨ, ਵੀਰਵਾਰ) ਦਰਜ ਹੈ। ਜੇ ਕਮੇਟੀ ਦੇ ਕੈਲੰਡਰ ਮੁਤਾਬਕ ਵੇਖੀਏ ਤਾਂ ਇਹ, ਹਾੜ ਵਦੀ 1, 14 ਹਾੜ ਸੰਮਤ 1652 ਬਿਕ੍ਰਮੀ (12 ਜੂਨ 1595 ਈ: ਜੂਲੀਅਨ) ਦਿਨ ਵੀਰਵਾਰ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਲੱਖਾਂ ਦੀ ਗਿਣਤੀ ਵਿੱਚ ਛਾਪੀ ਜਾ ਚੁੱਕੀ, ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ "ਗੁਰਮਤਿ ਗਿਆਨ-ਦਰਜਾ ਦੂਜਾ" ਦੇ ਕਰਤਾ ਡਾ ਇੰਦਰਜੀਤ ਸਿੰਘ ਗੋਗੋਆਣੀ ਲਿਖਦੇ ਹਨ, "ਪ੍ਰਕਾਸ਼:- 19 ਜੂਨ 1595 ਈ" (ਪੰਨਾ 8) ਹੁਣ ਜੇ ਇਸ ਅੰਗਰੇਜ਼ੀ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ, ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ ਹੀ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਹੀ ਛਾਪੀ ਗਈ, 'ਸ਼੍ਰੀ ਗੁਰੂ ਹਰਿਗੋਬੰਦ ਸਾਹਿਬ ਜੀ' (ਡਾ ਜੋਧ ਸਿੰਘ) ਵਿੱਚ ਵੀ 21 ਹਾੜ ਹੀ ਦਰਜ ਹੈ। "ਵਡਾਲੀ ਵਿਖੇ ਹੀ ਸੰਮਤ 1652 (1595 ਈ:) ਦੇ ਇੱਕੀ ਹਾੜ ਨੂੰ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। (ਪੰਨਾ 6)

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਛਾਪੀ ਗਈ ਇਕ ਹੋਰ ਪੁਸਤਕ, "ਸਿੱਖ ਇਤਿਹਾਸ' (ਪ੍ਰੋ: ਕਰਤਾਰ ਸਿੰਘ) ਵਿੱਚ ਵੀ 'ਹਾੜ ਵਦੀ 7, 21 ਹਾੜ ਸੰਮਤ 1652, ਮੁਤਾਬਕ 19 ਜੂਨ ਸੰਨ 1595" (ਪੰਨਾ 223) ਹੀ ਦਰਜ ਹੈ।

'History And Philosophy of the Sikh Religion' ਕਰਤਾ ਖਜਾਨ ਸਿੰਘ ਵੀ ਇਸੇ ਤਾਰੀਖ ਨਾਲ ਸਹਿਮਤ ਹੈ। "Guru Arjan had only one son, Hargobind. He was born on 21st har Sambat 1652 (June 1595A.D.) at vadali in Amritsar District. (Page 126)

"ਹਰਿਗੋਬਿੰਦ, ਗੁਰੂ (1595-1644): ਗੁਰੂ ਨਾਨਕ ਦੇਵ ਤੋਂ ਪਿੱਛੋਂ ਅਧਿਆਤਮਿਕ ਪੀੜ੍ਹੀ ਵਿਚੋਂ ਛੇਵੇਂ ਗੁਰੂ ਨੇ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਅੰਮ੍ਰਿਤਸਰ ਦੇ ਨੇੜੇ ਵਡਾਲੀ ਵਿਖੇ ਜਿਸ ਨੂੰ ਹੁਣ ਗੁਰੂ ਕੀ ਵਡਾਲੀ ਕਹਿੰਦੇ ਹਨ, ਹਾੜ੍ਹ ਵਦੀ 7, 1652 ਬਿਕਰਮੀ/ 19 ਜੂਨ 1595 ਈ. ਨੂੰ ਜਨਮ ਲਿਆ ਸੀ। (ਸਿੱਖ ਧਰਮ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ) ਕਵੀ ਸੰਤੋਖ ਸਿੰਘ ਵੀ 21 ਹਾੜ ਸੰਮਤ 1652 ਬਿ: ਹੀ ਲਿਖ ਰਿਹਾ ਹੈ। ਪਰ ਕਵੀ ਜੀ ਵੱਲੋਂ ਲਿਖਿਆ ਨਛੱਤਰ 'ਪੁੱਖ' ਸਹੀ ਨਹੀਂ ਹੈ। ਇਹ ਅੱਠਵਾਂ ਨਛੱਤਰ ਹੈ ਜਦੋਂ ਕਿ 21 ਹਾੜ, ਹਾੜ ਵਦੀ 7 (ਜੂਨ 19) ਨੂੰ ਛਬੀਵਾਂ ਨਛੱਤਰ 'ਉਤ੍ਰਾ ਭਾਦ੍ਰਪਦ' ਸੀ।

"ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕਸਵੀ ਕੋ ਦਿਨ ਸੋਊ।
ਜਾਮਨੀ ਆਧਿ ਬਿਤੀਤਿ ਭਈ ਜਬਿ ਪੁੱਖ ਨਿਚੱਤ ਸਮੋਂ ਤਬਿ ਹੋਊ।" (ਰਾਸ 3 ਅਧਿਆਇ 4)

ਡਾ ਹਰਜਿੰਦਰ ਸਿੰਘ ਦਿਲਗੀਰ, ਭੱਟ ਵਹੀ 'ਮੁਲਤਾਨੀ ਸਿੰਧੀ' ਦੇ ਹਵਾਲੇ ਨਾਲ ਲਿਖਦੇ ਹਨ, "ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਮਾਤਾ ਗੰਗਾ ਜੀ ਦੀ ਕੁਖ ਤੋਂ ਗੁਰੂ ਅਰਜਨ ਸਾਹਿਬ ਦੇ ਘਰ 19 ਜੂਨ 1590 ਦੇ ਦਿਨ ਵਡਾਲੀ, ਨੇੜੇ ਛੇਹਰਟਾ ਸਾਹਿਬ (ਅੰਮ੍ਰਿਤਸਰ) ਵਿੱਚ ਹੋਇਆ। ਇਥੇ ਤਾਰੀਖ ਤਾਂ '19 ਗੁਰੂ ਹਰਿਗੋਬੰਦ ਮਾਹ', (21 ਹਾੜ) ਹੀ ਲਿਖਦੇ ਹਨ ਪਰ ਸਾਲ 1590 ਈ: ਲਿਖਦੇ ਹਨ। ਜਦੋਂਕਿ ਅਸਲ ਲਿਖਤ ਵਿੱਚ "ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਹਾੜ ਦਿਹੁੰ ਇਕੀਸ ਗਿਆ" (19 ਜੂਨ 1690 ਈ) ਦਰਜ ਹੈ। "ਇਸ ਇੰਦਰਾਜ ਤੋਂ ਸਾਫ਼ ਪਤਾ ਲਗਦਾ ਹੈ ਕਿ ਗੁਰੂ ਜੀ ਦਾ ਜਨਮ ਬਿਕਰਮੀ ਸੰਮਤ 1747, ਯਾਨਿ 1690 ਵਿੱਚ ਹੋਇਆ ਸੀ"। (ਪੰਨਾ 225)

ਡਾ. ਸੁਖਦਿਆਲ ਸਿੰਘ ਜੀ ਵੀ, ਇਸੇ ਭੱਟ ਵਹੀ ਦੇ ਹਵਾਲੇ ਨਾਲ ਲਿਖਦੇ ਹਨ, "ਗੁਰੂ ਹਰਿਗੋਬੰਦ ਸਾਹਿਬ ਜੀ ਦਾ ਜਨਮ ਪ੍ਰਚਲਿਤ ਰਵਾਇਤ ਅਨੁਸਾਰ 9 ਜੂਨ 1595 ਈ: ਨੂੰ ਹੋਇਆ ਮੰਨਿਆ ਜਾਂਦਾ ਹੈ। ਆਧੁਨਿਕ ਸਿਖ ਇਤਿਹਾਸਕਾਰ ਵੀ ਇਸੇ ਤਿਥੀ ਨੂੰ ਅਪਣਾ ਕੇ ਚਲਦੇ ਹਨ ਪਰ ਭੱਟ ਵਹੀ ਵਿੱਚ ਗੁਰੂ ਜੀ ਦਾ ਜਨਮ ਇੱਕੀ ਹਾੜ ਸੰਮਤ ਸਤਾਰਾਂ ਸੌ ਸੰਤਾਲੀ ਬਿ. ਮੁਤਾਬਕ ਜੁਲਾਈ-ਅਗਸਤ, 1690 ਈ. ਵਿੱਚ ਹੋਇਆ ਦੱਸਿਆ ਗਿਆ ਹੈ।... ਇਨ੍ਹਾਂ ਦੋਹਾਂ ਮਿਤੀਆਂ ਵਿੱਚ ਛੇ ਪੰਜ ਸਾਲ ਦਾ ਫ਼ਰਕ ਹੈ। ਭੱਟ ਵਹੀਆਂ ਵਿੱਚ ਦਿੱਤੀਆਂ ਗਈਆਂ ਮਿਤੀਆਂ ਆਮ ਤੌਰ 'ਤੇ ਸਾਡੇ ਇਤਿਹਾਸਕਾਰਾਂ ਵੱਲੋਂ ਠੀਕ ਹੀ ਮੰਨੀਆਂ ਗਈਆਂ ਹਨ। ਅਗਲੀ ਕੋਈ ਹੋਰ ਭਰੋਸੇ ਯੋਗ ਗਵਾਹੀ ਮਿਲਣ ਦੀ ਉਡੀਕ ਵਿੱਚ ਇਸ ਬਾਰੇ ਫੈਸਲਾ ਖੁੱਲਾ ਰੱਖਦੇ ਹਾਂ। (ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਅਤੇ ਯਾਤਰਾਵਾਂ, ਪਹਿਲੀ ਵਾਰ 1998, ਪੰਨਾ 15)।



ਸਰਵਜੀਤ ਸਿੰਘ
ਸੈਕਰਾਮੈਂਟੋ
Isarbjits@gmail.com



ਇਥੇ 9 ਜੂਨ ਛਪਿਆ ਵੇਖ ਕੇ ਸੋਚਿਆ ਕਿ ਇਹ ਗਲਤੀ ਨਾਲ 19 ਜੂਨ ਦੀ ਬਿਜਾਏ 9 ਜੂਨ ਛਪ ਗਿਆ ਹੋਵੇਗਾ। ਪਰ ਹੈਰਾਨੀ ਹੋਈ ਜਦੋਂ ਡਾ ਸੁਖਦਿਆਲ ਸਿੰਘ ਦੀ ਦੋ ਹੋਰ ਲਿਖਤਾਂ, 'ਸ਼ਿਰੋਮਣੀ ਸਿੱਖ ਇਤਿਹਾਸ' ( ਪੰਨਾ 146, 2010 ਈ) ਅਤੇ 'ਪੰਜਾਬ ਦਾ ਇਤਿਹਾਸ' (ਪੰਨਾ 116, 2012 ਈ:) ਵੇਖੀਆਂ। ਇਨ੍ਹਾਂ ਦੋਵਾਂ ਕਿਤਾਬਾਂ ਵਿੱਚ 9 ਜੂਨ ਅਤੇ ਸਾਲ ਬਾਰੇ ਫੈਸਲਾ ਭਰੋਸੇ ਯੋਗ ਗਵਾਹੀ ਮਿਲਣ ਦੀ ਉਡੀਕ ਵਿੱਚ ਖੁੱਲਾ ਛੱਡਿਆ ਹੋਇਆ ਹੈ। ਪਹਿਲੀ ਕਿਤਾਬ 1998 ਵਿੱਚ ਛਪੀ ਸੀ ਅਤੇ ਤੀਜੀ 2010 ਈ: , ਭਾਵ 12 ਸਾਲਾਂ ਪਿਛੋਂ ਵੀ ਤਾਰੀਖ ਅਤੇ ਸਾਲ ਬਾਰੇ ਫੈਸਲਾ ਭਵਿੱਖ ਵਿੱਚ ਮਿਲਣ ਵਾਲੀ "ਭਰੋਸੇ ਯੋਗ ਗਵਾਹੀ" ਦੀ ਉਡੀਕ ਵਿੱਚ ਖੁੱਲਾ ਛੱਡਿਆ ਹੋਇਆ ਹੈ। ਉਂਝ ਕਿਤਾਬਾਂ ਦੇ ਅਖੀਰ ਤੇ ਸਾਰੀ ਲਾਇਬਰੇਰੀ ਦੀਆਂ ਕਿਤਾਬਾਂ ਦੀ ਸੂਚੀ ਛਾਪੀ ਹੋਈ ਹੈ। ਜੇ 21ਵੀਂ ਸਦੀ ਦੇ ਵਿਦਵਾਨਾਂ ਦਾ ਇਹ ਹਾਲ ਹੈ ਤਾਂ ਸਤ੍ਹਾਰਵੀਂ-ਅਠਾਰਵੀਂ ਸਦੀ ਦੇ ਲੇਖਕਾਂ ਦਾ ਕੀ ਦੋਸ਼?

"ਗੁਰਮਤਿ ਰਹਿਤ ਮਰਯਾਦਾ" ਵਿੱਚ ਗਿਆਨੀ ਗੁਰਬਚਨ ਸਿੰਘ ਭਿੰਡਰ ਕਲਾਂ ਲਿਖਦੇ ਹਨ, "ਅਵਤਾਰ ਧਾਰਨ ਸੰਮਤ:-1652 ਬਿ: ਹਾੜ ਵਦੀ ਏਕਮ, ਦਿਨ ਐਤਵਾਰ, ਪੁੰਨਿਆ ਦੀ ਰਾਤ ਸੀ, 6 ਜੂਨ 1595 ਈ: ਪੁੱਖ ਨਛੱਤਰ ਸੰਗਰਾਂਦੀ 21 ਹਾੜ" (ਪੰਨਾ 37)

ਇਸ ਕਿਤਾਬ ਵਿੱਚ ਦਰਜ ਹੋਰ ਬਹੁਤੀਆਂ ਤਾਰੀਖਾਂ ਵਾਂਗੂੰ, ਇਹ ਤਾਰੀਖ ਵੀ ਗੋਲ ਮਾਲ ਹੀ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਪ੍ਰਵਿਸ਼ਟਾ ਇਥੇ ਵੀ 21 ਹਾੜ ਹੀ ਹੈ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, ਚੇਤ ਸੁਦੀ ਪੰਚਮੀ, ਸੰਮਤ 1695 ਬਿ:, 28 ਮਾਰਚ 1638 ਈ: ਅਤੇ ਕੁਲ ਉਮਰ 42 ਬਰਸ ਨੌਂ ਮਹੀਨੇ ਉਨੀ ਦਿਨ ਦਰਜ ਹੈ ਜੋ ਕਿ ਮੰਨਣ ਯੋਗ ਨਹੀ ਹੈ।

'ਬੰਸਾਵਲੀਨਾਮਾ' ਦਾ ਕਰਤਾ, ਕੇਸਰ ਸਿੰਘ ਛਿੱਬਰ (ਸੰਪਾਦਕ ਪਿਆਰਾ ਸਿੰਘ ਪਦਮ) ਪ੍ਰਵਿਸ਼ਟਾ ਤਾਂ 21 ਹਾੜ ਹੀ ਲਿਖਦਾ ਹੈ ਪਰ ਸੰਮਤ ਇਹ ਵੀ 1647 ਲਿਖਦਾ ਹੈ। ਸਾਹਿਬ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ। ਸੰਮਤੁ ਸੋਲਾਂ ਸੈ ਗਏ ਸੈਂਤਾਲੀ। ਹਾੜ ਮਾਸ ਦਿਨ ਬੀਤੇ ਇੱਕੀ ਮਾਤਾ ਗੰਗਾ ਜੀ ਦੇ ਉਦਰੋਂ ਜਨਮ ਪਤ੍ਰੀ ਦਿਜ ਲਿਖੀ। (ਪੰਨਾ 86) ਪਰ ਇਸ ਵੱਲੋਂ ਲਿਖੀ ਗਈ ਕੁਲ ਉਮਰ 48 ਸਾਲ ਸਾਡੀ ਸਮੱਸਿਆ ਨੂੰ ਹਲ ਕਰਨ ਵਿੱਚ ਸਹਾਈ ਹੁੰਦੀ ਹੈ। "ਅਠਤਾਲੀ ਬਰਸ ਕੀ ਆਉਧ ਗੁਜਾਰੀ" (ਪੰਨਾ 102)

ਹੁਣ ਜੇ ਇਸ ਦੇ ਹਿਸਾਬ ਕਿਤਾਬ ਦੀਆਂ ਕੜੀਆਂ ਮੇਲੀਏ ਤਾਂ ਤਸਵੀਰ ਕਾਫੀ ਸਾਫ ਹੋ ਜਾਂਦੀ ਹੈ। ਗੁਰੂ ਜੀ ਜੋਤੀ ਜੋਤਿ ਸਮਾਉਣ ਦੀ ਤਾਰੀਖ, 6 ਚੇਤ, ਚੇਤ ਸੁਦੀ 5 ਸੰਮਤ 1701 ਬਿਕ੍ਰਮੀ (3 ਮਾਰਚ 1644 ਈ: ਜੂਲੀਅਨ) ਦਿਨ ਐਤਵਾਰ, ਬਾਰੇ ਕੋਈ ਮੱਤ-ਭੇਦ ਨਹੀ ਹੈ। ਕੁਲ ਉਮਰ 48 ਸਾਲ ਦੇ ਹਿਸਾਬ ਨਾਲ ਵੇਖੀਏ ਤਾਂ ਗੁਰੂ ਜੀ ਦੀ ਜਨਮ ਤਾਰੀਖ 21 ਹਾੜ ਸੰਮਤ 1652 ਸਹੀ ਬਣਦੀ ਹੈ।

ਗਿਆਨੀ ਗਿਆਨ ਸਿੰਘ, ਇਕ ਥਾਂ ਗੁਰੂ ਜੀ ਦਾ ਜਨਮ ਤਾਰੀਖ, ਹਾੜ ਵਦੀ 1, ਸੰਮਤ 1652 ਬਿਕ੍ਰਮੀ, ਅਤੇ ਦੂਜੀ ਥਾਂ ਹਾੜ ਸੁਦੀ 2, ਕੁਲ ਉਮਰ 48 ਸਾਲ 9 ਮਹੀਨੇ 4 ਦਿਨ ਲਿਖਦੇ ਹਨ। "ਏਹ ਗੁਰੂ ਸੰਮਤ 1652 ਬਿਕ੍ਰਮੀ ਹਾੜ ਸੁਦੀ 2 ਨੂੰ ਪ੍ਰਗਟ ਹੋ ਕੇ, 10 ਬਰਸ 11 ਮਹੀਨੇ ਇੱਕ ਦਿਨ ਦੀ ਉਮਰ ਵਿੱਚ ਗੱਦੀ ਬੈਠ ਕਰ, 31 ਸਾਲ 10 ਮਹੀਨੇ ਤਿੰਨ ਦਿਨ ਗੁਰਿਆਈ ਕਰ ਕੇ, 48 ਵਰ੍ਹੇ 9 ਮਹੀਨੇ 4 ਦਿਨ ਸਾਰੀ ਉਮਰ ਭੋਗ ਕੇ, ਚੇਤਰ ਸੁਦੀ 5 ਸ਼ੁਕ੍ਰਵਾਰ 9 ਘੜੀ ਰਾਤੀ ਰਹੀ, ਸੰਮਤ 1701 ਬਿਕ੍ਰਮੀ ਤੇ ਸਾਲ 174 ਨਾਨਕਸ਼ਾਹੀ ਨੂੰ ਚੋਲਾ ਛੱਡ ਕੇ ਸੱਚਖੰਡ ਗੁਰਪੁਰ ਵਿੱਚ ਜਾ ਬਸੇ। (ਤਵਾਰੀਖ਼ ਗੁਰੂ ਖਾਲਸਾ ਪਾ:6)

ਸਿੱਖ ਇਤਿਹਾਸ ਰੀਸਰਚ ਬੋਰਡ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿੱਚ, ਗੁਰੂ ਜੀ ਪ੍ਰਕਾਸ਼ ਦਿਹਾੜੇ ਦੀ ਤਾਰੀਖ 21 ਹਾੜ 1652 ਸੰਮਤ (14 ਜੂਨ 1595 1.4.) ਦਰਜ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਗਈ ਖਾਲਸਾ ਡਾਇਰੀ 1975-76 ਈ: ਵਿੱਚ , "ਹਾੜ ਵਦੀ 7, ਹਾੜ ਪ੍ਰਵਿਸ਼ਟੇ 21 ਸੰਮਤ 1652 ਬਿ:, 19 ਜੂਨ, ਸੰਨ 1594 ਈ: ਦਿਨ ਵੀਰਵਾਰ ਦਰਜ ਹੈ। ਸ਼੍ਰੋਮਣੀ ਡਾਇਰੀ 1991 ਵਿੱਚ, "ਹਾੜ ਵਦੀ 6, ਸੰਮਤ 1652 ਬਿ:, 14 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਡਾਇਰੀ 1992 ਵਿੱਚ, "ਹਾੜ ਵਦੀ 1, ਸੰਮਤ 1652 ਬਿ:, 19 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 1998 ਈ: ਵਿੱਚ ਛਾਪੀ ਗਈ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ ਅਮਰਜੀਤ ਸਿੰਘ ਵੱਲੋਂ ਸੰਪਾਦਨ ਕੀਤੀ ਗਈ 'ਗੁਰਬਿਲਾਸ ਪਾਤਸ਼ਾਹੀ 6' ਮੁਤਾਬਕ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21 ਹਾੜ ਸੰਮਤ 1652 ਬਿਕ੍ਰਮੀ ਨੂੰ ਹੀ ਹੋਇਆਂ ਸੀ।

ਸੰਮਤ ਸੋਰਹ ਸੈ ਸੁ ਬਵੰਜਾ ਹਾੜ ਇੱਕੀ ਨਿਸਿ ਆਧੀ ਮੰਝਾ। (ਪੰਨਾ 19)

ਉਪ੍ਰੋਕਤ ਖੋਜ-ਪੜਤਾਲ ਤੋਂ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21 ਹਾੜ, ਹਾੜ ਵਦੀ 7 ਸੰਮਤ 1652 ਬਿ: ਦਿਨ ਵੀਰਵਾਰ ਨੂੰ ਹੋਇਆ ਸੀ। ਜਦੋਂ ਇਸ ਨੂੰ ਅੰਗਰੇਜੀ ਕੈਲੰਡਰ ਵਿੱਚ ਬਦਲਿਆ ਗਿਆ ਤਾਂ ਇਹ 19 ਜੂਨ 1595 ਈ: (ਜੂਲੀਅਨ) ਲਿਖੀ ਗਈ। ਨਾਨਕਸ਼ਾਹੀ ਕੈਲੰਡਰ ਵਿੱਚ ਇਹ ਦਿਹਾੜਾ 21 ਹਾੜ ਦਾ ਹੀ ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਜੇ ਇਹ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਦਰਜ ਕਰਨ ਦੀ ਬਿਜਾਏ ਵਦੀ-ਸੁਦੀ ਮੁਤਾਬਕ ਦਰਜ ਕਰਨਾ ਤੁਹਾਡੀ ਕੋਈ ਮਜ਼ਬੂਰੀ ਹੈ ਤਾਂ ਘੱਟੋ-ਘੱਟ ਆਪਣੇ ਕੈਲੰਡਰ ਵਿੱਚ ਤਿੱਥ (ਹਾੜ ਵਦੀ 7) ਤਾਂ ਸਹੀ ਛਾਪੋ।

# ਹਰਿਆਣਾ 'ਚ ਯਮੁਨਾ ਦੀ ਸਫ਼ਾਈ



ਹਰਿਆਣਾ ਵਿੱਚ ਯਮੁਨਾ ਨਦੀ, ਗ਼ੈਰ-ਕਾਨੂੰਨੀ ਰੇਤਾ ਖਣਨ ਦੀ ਚੁੱਪ-ਚਾਪ ਅਤੇ ਤਬਾਹਕੁਨ ਸ਼ਕਤੀ ਦੇ ਪੰਜਿਆਂ ਵਿੱਚ ਆ ਗਈ ਹੈ। ਪਲਵਲ ਦੇ ਆਸ-ਪਾਸ ਨਦੀ ਦੇ ਆਰ-ਪਾਰ ਸਰਕਾਰੀ ਮਨਜ਼ੂਰੀ ਤੇ ਵਾਤਾਵਰਨ ਬਾਬਤ ਹਰੀ ਝੰਡੀ ਮਿਲਣ ਤੋਂ ਬਿਨਾਂ ਹੀ ਆਰਜ਼ੀ ਪੁਲ ਬਣ ਗਏ ਹਨ। ਇਨ੍ਹਾਂ ਦਾ ਇੱਕੋ-ਇੱਕ ਮਕਸਦ ਰੇਤ ਮਾਫ਼ੀਆ ਨੂੰ ਨਦੀ ਦੇ ਧੁਰ ਅੰਦਰ ਤੱਕ ਸਿੱਧੀ ਰਸਾਈ ਮੁਹੱਈਆ ਕਰਾਉਣਾ ਹੈ ਤਾਂ ਕਿ ਇਸ ਦੇ ਰੇਤੇ ਨੂੰ ਲੁੱਟਿਆ ਜਾ ਸਕੇ ਤੇ ਇਸ ਦੇ ਚੌਗਿਰਦੇ ਨੂੰ ਤਬਾਹ ਕਰ ਦਿੱਤਾ ਜਾਵੇ। ਇਹ ਕੋਈ ਵਿਕੋਲਿਤਰਾ ਵਰਤਾਰਾ ਨਹੀਂ। ਹਰਿਆਣਾ ਦੇ ਹੀ ਸੋਨੀਪਤ ਜ਼ਿਲ੍ਹੇ ਦੇ ਪਿੰਡ ਅਸਦਪੁਰ ਤੋਂ ਲੈ ਕੇ ਮਹਿੰਦਰਗੜ੍ਹ ਜ਼ਿਲ੍ਹੇ ਦੇ ਡੋਹਾਂ ਤੱਕ ਨਦੀ ਦੇ ਬੈੱਡ ਅੰਦਰ ਗ਼ੈਰ-ਕਾਨੂੰਨੀ ਰੇਤਾ ਖਣਨ ਫੈਲ ਚੁੱਕਿਆ ਹੈ। ਸੋਨੀਪਤ ਜ਼ਿਲ੍ਹੇ ਵਿੱਚ ਰੇਤ ਮਾਫ਼ੀਆ ਖੁਦਾਈ ਕਰਦੇ-ਕਰਦੇ ਇਸ ਹੱਦ ਤੱਕ ਪਹੁੰਚ ਗਿਆ ਹੈ ਕਿ ਯਮੁਨਾ ਨਦੀ ਦਾ ਮੁਹਾਣ ਹੀ ਬਦਲ ਦਿੱਤਾ ਗਿਆ ਹੈ ਤਾਂ ਕਿ ਹੋਰ ਜ਼ਿਆਦਾ ਰੇਤਾ ਕੱਢਿਆ ਜਾ ਸਕੇ, ਜਿਸ ਦੀ ਪੁਸ਼ਟੀ ਸੂਬੇ ਦੇ ਸਿੰਜਾਈ ਵਿਭਾਗ ਦੀ ਰਿਪੋਰਟ ਵਿੱਚ ਹੋਈ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਐੱਨਜੀਟੀ ਨੇ ਵਾਤਾਵਰਨ ਨੇਮਾਂ ਦੀ ਅਣਦੇਖੀ ਕਰਨ ਬਦਲੇ ਖਣਨ ਕੰਪਨੀਆਂ ਦੀ ਖਿਚਾਈ ਕੀਤੀ ਹੈ ਅਤੇ ਨਾਲ ਹੀ ਇਸ ਗੱਲ ਵੱਲ ਧਿਆਨ ਖਿੱਚਿਆ ਹੈ ਕਿ ਖਣਨ ਦਾ ਕੰਮ ਪ੍ਰਵਾਨਿਤ ਖੇਤਰਾਂ ਤੋਂ ਬਹੁਤ ਦੂਰ ਤੱਕ ਫੈਲਿਆ ਹੋਇਆ ਹੈ। ਮਹਿੰਦਰਗੜ੍ਹ ਵਿੱਚ ਕਈ ਲੋਕਾਂ ਨੂੰ ਕਈ ਮਹੀਨਿਆਂ ਤੋਂ ਬਿਨਾਂ ਕਿਸੇ ਰੋਕ-ਟੋਕ ਤੋਂ ਨਦੀ ਖੇਤਰ 'ਚੋਂ ਰੇਤਾ ਕੱਢ ਕੇ ਟਰੈਕਟਰ ਟਰਾਲੀਆਂ 'ਤੇ ਲਿਜਾਂਦਿਆਂ ਦੇਖਿਆ ਗਿਆ ਹੈ।

ਪਿੰਡ ਵਾਸੀਆਂ ਨੇ ਰਾਜ ਮੰਤਰੀ ਅਤੇ ਵਿਧਾਇਕ ਨੂੰ ਕਾਨੂੰਨ ਵਿਵਸਥਾ ਅਤੇ ਖਣਨ ਮਾਫੀਆ ਤੋਂ ਖ਼ਤਰੇ ਸਬੰਧੀ ਆਪਣੀਆਂ ਚਿੰਤਾਵਾਂ ਬਾਰੇ ਜਾਣੂ ਕਰਵਾਇਆ ਹੈ। ਨੇਤਾ ਨੇ ਲੋਕਾਂ ਨੂੰ ਨਾਜਾਇਜ਼ ਖਣਨ ਵਿਰੁੱਧ ਕੋਈ ਵੀ ਢਿੱਲ ਨਾ ਵਰਤਣ ਦਾ ਭਰੋਸਾ ਦਿੱਤਾ ਹੈ ਤੇ ਕਿਹਾ ਹੈ ਕਿ ਮੌਕੇ ਉੱਤੇ ਜਾਂਚ ਕਰਵਾਈ ਜਾਵੇਗੀ। ਮੁੱਖ ਮੰਤਰੀ ਦੇ ਧਿਆਨ ਵਿੱਚ ਵੀ ਮਾਮਲਾ ਲਿਆਂਦਾ ਗਿਆ ਹੈ ਤੇ ਜਾਂਚ ਮੰਗੀ ਗਈ ਹੈ। ਜਿਸ ਢੰਗ ਨਾਲ ਇਹ ਪੁਲ ਬਣੇ ਹਨ ਤੇ ਕਿਵੇਂ ਇਨ੍ਹਾਂ ਨੂੰ ਮਾਈਨਿੰਗ ਮਾਫੀਆ ਵਰਤ ਰਿਹਾ ਹੈ, ਬਾਰੇ ਸਰਕਾਰ ਨੂੰ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਯਮੁਨਾ ਦੇ ਵਹਾਅ ਉੱਤੇ ਪੈਣ ਵਾਲੇ ਅਸਰ ਤੇ ਚੌਗਿਰਦੇ ਦੀ ਬਰਬਾਦੀ ਦਾ ਵੀ ਹਵਾਲਾ ਦਿੱਤਾ ਗਿਆ ਹੈ।

ਵਿਰੋਧਾਭਾਸ ਸਪੱਸ਼ਟ ਹੈ: ਜਿਹੜੀ ਭਾਜਪਾ ਸਰਕਾਰ 'ਗਰੀਨ ਵਾਲ ਆਫ ਅਰਾਵਲੀ' ਵਰਗੇ ਪ੍ਰਾਜੈਕਟਾਂ ਨਾਲ ਹਰੇ-ਭਰੇ ਕਾਰਜਾਂ ਨੂੰ ਉਤਸ਼ਾਹਿਤ ਕਰਨ ਦਾ ਦਾਅਵਾ ਕਰਦੀ ਹੈ, ਨਾਲ-ਨਾਲ ਵਾਤਾਵਰਨ ਦੀ ਖ਼ਰਾਬੀ 'ਚ ਵੀ ਮੋਹਰੀ ਬਣੀ ਹੋਈ ਹੈ। ਨਦੀ ਖ਼ਰਾਬ ਹੋਣ ਨਾਲ ਪੂਰੇ ਪਿੰਡ ਦਾ ਚੌਗਿਰਦਾ ਨਸ਼ਟ ਹੋ ਰਿਹਾ ਹੈ। ਵਾਤਾਵਰਨ ਦੀ ਲੁੱਟ ਦੇ ਇਸ ਪਿਛੋਕੜ 'ਚ ਯਮੁਨਾ ਬਚਾਉਣ ਬਾਰੇ ਪਾਰਟੀ ਦੀ ਸਿਆਸੀ ਬਿਆਨਬਾਜ਼ੀ ਖੋਖ਼ਲੀ ਨਜ਼ਰ ਆਉਂਦੀ ਹੈ। ਇਹ ਸਥਿਤੀ ਫੌਰੀ ਪਾਰਦਰਸ਼ੀ ਕਾਰਵਾਈ ਮੰਗਦੀ ਹੈ: ਨਾਜਾਇਜ਼ ਢਾਂਚਿਆਂ ਨੂੰ ਤੁਰੰਤ ਢਾਹਿਆ ਜਾਵੇ, ਖਣਨ ਦੇ ਠੇਕਿਆਂ ਦੀ ਨਿਆਂਇਕ ਜਾਂਚ ਹੋਵੇ ਤੇ ਪ੍ਰਸ਼ਾਸਨ ਵਿਚਲੇ ਉਨ੍ਹਾਂ ਵਿਅਕਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ ਜਿਨ੍ਹਾਂ ਇਸ ਸਭ 'ਤੇ ਅੱਖਾਂ ਮੀਚੀਆਂ ਹੋਈਆਂ ਹਨ।

# ਸ੍ਰੀ ਹਰਿਮੰਦਰ ਸਾਹਿਬ ਵਿਚ ਨਿਭਾਈ ਜਾਣ ਵਾਲੀ ਰੋਜ਼ਾਨਾ ਦੀ ਮਰਿਆਦਾ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਸਿੱਖ ਕੌਮ ਦਾ ਸ਼੍ਰੋਮਣੀ ਕੇਂਦਰੀ ਧਾਰਮਿਕ ਸਥਾਨ ਹੈ। ਇਸ ਦੇ ਚਾਰ-ਚੁਫ਼ੇਰੇ ਅੰਮ੍ਰਿਤ ਜਲ ਦੀਆਂ ਪਵਿੱਤਰ ਲਹਿਰਾਂ ਨਾਲ ਲਹਿਰਾਉਂਦਾ ਅੰਮ੍ਰਿਤ ਸਰੋਵਰ ਇਸ ਦੀ ਸ਼ਾਨ ਤੇ ਮਹਾਨਤਾ ਨੂੰ ਚਾਰ ਚੰਨ ਲਾਉਂਦਾ ਪ੍ਰਤੀਤ ਹੁੰਦਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਦੀ ਮਰਿਆਦਾ ਸਵੇਰ ਤੋਂ ਲੈ ਕੇ ਸ਼ਾਮ ਤੀਕ ਜੋ ਨਿਭਾਈ ਜਾਂਦੀ ਹੈ। ਇਹ ਮਰਿਆਦਾ ਗੁਰੂ ਕਾਲ ਤੋਂ ਲੈ ਕੇ ਹੁਣ ਤੀਕ ਉਸੇ ਤਰ੍ਹਾਂ ਨਿਭਾਈ ਜਾ ਰਹੀ ਹੈ। ਇਹ ਸੇਵਾ ਸਵੇਰ ਤੋਂ ਸ਼ੁਰੂ ਹੋ ਕੇ ਰਾਤ ਤੱਕ ਵੱਖ-ਵੱਖ ਪੜਾਵਾਂ ਵਿਚ ਹੁੰਦੀ ਰਹਿੰਦੀ ਹੈ, ਜੋ ਕਿ ਇਸ ਪ੍ਰਕਾਰ ਹੈ:

**ਇਸ਼ਨਾਨ (ਗਿੱਲੀ) ਸੇਵਾ:** ਗਰਮੀਆਂ ਅਤੇ ਸਰਦੀਆਂ ਦੇ ਮੌਸਮ ਵਿਚ ਇਸ਼ਨਾਨ ਦੀ ਸੇਵਾ ਦਾ ਵੱਖਰਾ-ਵੱਖਰਾ ਸਮਾਂ ਹੁੰਦਾ ਹੈ, ਜਿਵੇਂ ਗਰਮੀਆਂ ਵਿਚ ਰਾਤ 12 ਵਜੇ ਅਤੇ ਸਰਦੀਆਂ ਵਿਚ 1 ਵਜੇ ਇਹ ਸੇਵਾ ਸ਼ੁਰੂ ਹੁੰਦੀ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਸਮਾਪਤੀ ਤੋਂ ਬਾਅਦ ਕਿਵਾੜ ਬੰਦ ਹੋਣ 'ਤੇ ਸੰਗਤ ਰਜਿਸਟਰ ਵਿਚ ਨਾਂਅ ਦਰਜ ਕਰ ਕੇ ਇਸ਼ਨਾਨ ਸੇਵਾ ਲਈ ਕਿਵਾੜ ਦੇ ਬਾਹਰ ਲਾਈਨ ਵਿਚ ਬੈਠਣਾ ਸ਼ੁਰੂ ਕਰ ਦਿੰਦੀ ਹੈ। ਸੇਵਾ 'ਤੇ ਜਾਣ ਵਾਲੀ ਸੰਗਤ ਮੁੱਖ ਦਰਵਾਜ਼ੇ ਵਿਚ ਰੱਖੀ ਗਈ ਛੋਟੀ ਬਾਰੀ ਰਾਹੀਂ ਲੰਘ ਕੇ ਜਾਂਦੀ ਹੈ। ਇਸ਼ਨਾਨ ਸੇਵਾ 'ਤੇ ਜਾਣ ਵਾਲੀ ਸੰਗਤ ਦੇ ਪਾਸ ਬਣਦੇ ਹਨ ਅਤੇ ਇਨ੍ਹਾਂ ਦਾ ਡਰੈੱਸ ਕੋਡ ਵੀ ਹੁੰਦਾ ਹੈ। ਸੇਵਾ 'ਤੇ ਜਾਣ ਵਾਲੀ ਸੰਗਤ ਦਾ ਚਿੱਟੇ ਰੰਗ ਦਾ ਕਛਹਿਰਾ, ਚੋਲ੍ਹਾ ਜਾਂ ਲੰਮਾ ਕੁੜਤਾ ਹੁੰਦਾ ਹੈ ਅਤੇ ਸ੍ਰੀ ਸਾਹਿਬ ਉੱਪਰੋਂ ਦੀ ਪਾਈ ਹੁੰਦੀ ਹੈ। ਜੇਕਰ ਕਿਸੇ ਦੇ ਮੁੱਛ ਜਾਂ ਦਾੜ੍ਹੀ (ਉਮਰ ਘੱਟ) ਨਾ ਹੋਵੇ ਤਾਂ ਉਹ ਸ੍ਰੀ ਦਰਬਾਰ ਸਾਹਿਬ ਵਿਚ ਸੇਵਾ ਕਰਨ ਲਈ ਨਹੀਂ ਜਾ ਸਕਦਾ ਪ੍ਰੰਤੂ ਸੰਬੰਧਿਤ ਦੀ ਸੇਵਾ ਭਾਵਨਾ ਨੂੰ ਦੇਖਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੇਵਾ ਕਰਨ ਲਈ ਭੇਜ ਦਿੱਤਾ ਜਾਂਦਾ ਹੈ।

ਫ਼ਰਾਸ ਵਲੋਂ ਇਸ਼ਨਾਨ ਸੇਵਾ ਦੀ ਆਰੰਭਤਾ ਅਰਦਾਸ ਨਾਲ ਕੀਤੀ ਜਾਂਦੀ ਹੈ। ਕੱਚੇ ਦੁੱਧ ਨਾਲ ਸੱਚਖੰਡ ਸਾਹਿਬ ਦੇ ਫ਼ਰਸ਼ ਨੂੰ ਧੋਤਾ ਜਾਂਦਾ ਹੈ। ਫ਼ਰਾਸ ਦਾ ਅਰਥ ਹੈ ਫ਼ਰਸ਼ ਵਿਛਾਉਣ ਵਾਲਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਰਾਤ ਨੂੰ ਤਿਆਰੀ ਕਰਨ ਜਿਵੇਂ ਚੰਦੋਆ ਸਾਹਿਬ ਨਵਾਂ ਲਗਾਉਣਾ, ਰਾਤੀ ਇਸ਼ਨਾਨ ਦੀ ਸੇਵਾ, ਇਸ਼ਨਾਨ ਦੀ ਸੇਵਾ ਤੋਂ ਬਾਅਦ ਫ਼ਰਸ਼ ਆਦਿ ਵਿਛਾਉਣਾ, ਪੀੜ੍ਹਾ ਸਾਹਿਬ ਅਤੇ ਰੁਮਾਲਾ ਸਾਹਿਬ ਲਗਾਉਣਾ ਆਦਿ ਸਮੁੱਚੀ ਸੇਵਾ ਕਰਨ ਦੀ ਜ਼ਿੰਮੇਵਾਰੀ ਫ਼ਰਾਸ ਦੀ ਹੁੰਦੀ ਹੈ। ਜਲ ਲਗਾਉਣ ਉਪਰੰਤ ਤੌਲੀਏ ਦੇ ਨਾਲ ਸਫ਼ਾਈ ਕੀਤੀ ਜਾਂਦੀ ਹੈ। ਸਫ਼ਾਈ ਕਰਕੇ ਫ਼ਰਸ਼ ਨੂੰ ਸੁਕਾਉਣ ਤੋਂ ਬਾਅਦ ਗਲੀਚੇ ਦੀ ਵਿਛਾਈ ਤੇ ਚਾਦਰਾਂ ਦੀ ਵਿਛਾਈ ਸੰਗਤਾਂ ਵਲੋਂ ਕੀਤੀ ਜਾਂਦੀ ਹੈ। ਇਸ਼ਨਾਨ ਸੇਵਾ ਤਕਰੀਬਨ ਅੱਧੇ ਘੰਟੇ ਵਿਚ ਸੰਪੂਰਨ ਹੋ ਜਾਂਦੀ ਹੈ। ਕਿਵਾੜ ਖੁੱਲ੍ਹਣ ਤੋਂ ਅੱਧਾ ਘੰਟਾ ਪਹਿਲਾਂ ਅਨੰਦ ਸਾਹਿਬ ਦਾ ਪਾਠ ਕਰ ਕੇ ਅਰਦਾਸ ਹੁੰਦੀ ਹੈ ਅਤੇ ਉਪਰੰਤ ਕੜਾਹਿ ਪ੍ਰਸਾਦਿ ਦੀ ਦੇਗ਼ ਵਰਤਾਈ ਜਾਂਦੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ ਕਿਵਾੜ ਗਰਮੀਆਂ ਨੂੰ ਜੇਠ ਤੇ ਹਾੜ ਦੇ ਦੋ ਮਹੀਨੇ ਅੰਮ੍ਰਿਤ ਵੇਲੇ 2 ਵਜੇ ਖੁੱਲ੍ਹਦੇ ਹਨ, ਵਿਸਾਖ ਤੇ ਸਾਵਣ ਦੇ ਦੋ ਮਹੀਨੇ ਅੰਮ੍ਰਿਤ ਵੇਲੇ 2:15 'ਤੇ, ਚੇਤ ਤੇ ਭਾਦਰੋਂ ਦੇ ਦੋ ਮਹੀਨੇ 2:30 'ਤੇ, ਅੱਸੂ, ਫੱਗਣ ਦੇ ਦੋ ਮਹੀਨੇ 2:45 'ਤੇ ਅਤੇ ਕੱਤਕ, ਮੱਘਰ, ਪੋਹ ਤੇ ਮਾਘ ਦੇ ਚਾਰ ਮਹੀਨੇ ਪੂਰੇ 3 ਵਜੇ ਕਿਵਾੜ ਖੁੱਲ੍ਹਦੇ ਹਨ। ਕਿਵਾੜ ਖੁੱਲ੍ਹਣ ਦੇ ਸਮੇਂ ਤੋਂ ਪਹਿਲਾਂ ਸੰਗਤ ਮਾਈ ਭਾਈ ਰਲ-ਮਿਲ ਕੇ ਪ੍ਰੇਮ ਸਹਿਤ ਦਰਸ਼ਨੀ ਡਿਓਢੀ ਦੇ ਅੱਗੇ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਨ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਦਰਸ਼ਨਾਂ ਲਈ ਬਿਹਬਲ ਹੋਈਆਂ ਸੰਗਤਾਂ ਦਰਸ਼ਨੀ ਡਿਓਢੀ ਦੇ ਬਾਹਰਵਾਰ ਖੜ੍ਹੀਆਂ ਇਹ ਸ਼ਬਦ ਬੜੇ ਵੈਰਾਗ ਵਿਚ ਦਰਸ਼ਨਾਂ ਦੀ ਤਾਂਘ ਹਿੱਤ ਜੋਟੀਆਂ ਵਿਚ ਪ੍ਰੇਮ ਸਹਿਤ ਗਾਉਂਦੀਆਂ ਹਨ:-

ਭਗਵੰਤ ਸਿੰਘ ਧੰਗੇੜਾ

**ਦਰਮਾਦੇ ਠਾਢੇ ਦਰਬਾਰਿ ॥**
**ਤੁਝ ਬਿਨੁ ਸੁਰਤਿ ਕਰੈ ਕੋ ਮੇਰੀ**
**ਦਰਸਨੁ ਦੀਜੈ ਖੋਲ੍ਹਿ ਕਿਵਾਰ ॥**

ਸਮੇਂ ਸਿਰ ਕਿਵਾੜ ਖੁੱਲ੍ਹਦੇ ਹਨ ਤੇ ਸੰਗਤਾਂ ਅੰਦਰਲੇ ਦਰਸ਼ਨਾਂ ਦੀ ਖ਼ੁਸ਼ੀ ਵਿਚ ਪੁਲ ਦੇ ਉੱਪਰ ਸਤਿਨਾਮੁ ਵਾਹਿਗੁਰੂ ਦਾ ਜਾਪ ਕਰਦੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹੁੰਚਦੀਆਂ ਹਨ ਅਤੇ ਫਿਰ ਅੰਦਰ ਇਸ਼ਨਾਨ ਸੇਵਾ ਵਾਲੀ ਸੰਗਤ ਤੇ ਬਾਹਰੋਂ ਗਈ ਸੰਗਤ ਆਪਸ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਸਾਂਝੀ ਕਰਦੀਆਂ ਹਨ। ਸੰਗਤ ਸਤਿਕਾਰ ਸਹਿਤ ਨਮਸਕਾਰ ਕਰ ਕੇ ਕੀਰਤਨ ਦਾ ਅਨੰਦ ਮਾਨਣਾ ਸ਼ੁਰੂ ਕਰ ਦਿੰਦੀਆਂ ਹਨ।

ਸਰਦੀਆਂ ਅਤੇ ਗਰਮੀਆਂ ਵਿਚ ਕੀਰਤਨ ਕਰਨ ਦੇ ਸਮੇਂ 'ਚ ਤਬਦੀਲੀ ਹੁੰਦੀ ਰਹਿੰਦੀ ਹੈ, ਜਿਵੇਂ ਕਿ ਸਰਦੀਆਂ ਵਿਚ ਕਿਵਾੜ ਤੜਕੇ 3 ਵਜੇ ਖੁੱਲ੍ਹ ਜਾਂਦੇ ਹਨ ਤੇ ਕੀਰਤਨ ਸ਼ੁਰੂ ਹੋ ਜਾਂਦਾ ਹੈ। ਗਰਮੀਆਂ ਵਿਚ ਕਿਵਾੜ ਅੰਮ੍ਰਿਤ ਵੇਲੇ 2 ਵਜੇ ਖੁੱਲ੍ਹਦੇ ਹਨ ਤੇ ਉਸ ਉਪਰੰਤ ਕੀਰਤਨ ਸ਼ੁਰੂ ਹੋ ਜਾਂਦਾ ਹੈ। ਅੱਠੇ ਪਹਿਰ ਕੀਰਤਨ, ਪਾਠ, ਜਾਪ ਤੇ ਸਿਮਰਨ ਸੰਸਾਰ ਅੰਦਰ ਸਿਰਫ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਪਾਤਿਸ਼ਾਹ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੱਯੇ ਤੇ ਭਾਈ ਨੰਦ ਲਾਲ ਜੀ ਦੀ ਰਚਨਾ 'ਚੋਂ ਹੀ ਸ਼ਬਦ ਗਾਇਣ ਕੀਤੇ ਜਾਂਦੇ ਹਨ। ਇਨ੍ਹਾਂ ਉਪਰੋਕਤ ਰਚਨਾਵਾਂ ਤੋਂ ਬਿਨਾਂ ਕਿਸੇ ਹੋਰ ਗ੍ਰੰਥ ਜਾਂ ਕਵੀ ਦੀ ਬਾਣੀ ਨਹੀਂ ਗਾਈ ਜਾ ਸਕਦੀ। ਸਿਰਫ਼ ਅਰਦਾਸ, ਮਹਾਂਵਾਕ, ਸੋਦਰੁ ਰਹਰਾਸਿ ਤੇ ਸੋਹਿਲੇ ਦੇ ਪਾਠ ਸਮੇਂ ਹੀ ਕੀਰਤਨ ਬੰਦ ਹੁੰਦਾ ਹੈ।

**ਗੁਰੂ ਗ੍ਰੰਥ ਸਾਹਿਬ ਦੀ ਸਵਾਰੀ:** ਕਿਵਾੜ ਖੁੱਲ੍ਹਣ ਤੋਂ 2 ਘੰਟੇ ਬਾਅਦ ਅਕਾਲ ਤਖ਼ਤ ਸਾਹਿਬ ਤੋਂ ਕੋਠਾ ਸਾਹਿਬ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਰਵਾਨਾ ਹੁੰਦੀ ਹੈ। ਇਸ ਮੌਕੇ ਬਹੁਤ ਸਾਰੀਆਂ ਸੰਗਤਾਂ ਵਲੋਂ ਗੁਲਾਬ ਆਦਿ ਖ਼ੁਸ਼ਬੂਦਾਰ ਫੁੱਲਾਂ ਦੇ ਬੁੱਕ ਭਰ-ਭਰ ਕੇ ਸੰਗਤਾਂ ਵਿਚ ਵਰਤਾਏ ਜਾਂਦੇ ਹਨ ਤੇ ਸੰਗਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਸਮੇਂ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਸੰਗਤਾਂ ਵਾਰੋ-ਵਾਰੀ ਪਾਲਕੀ ਸਾਹਿਬ ਨੂੰ ਮੋਢਾ ਦੇ ਕੇ ਆਪਣੇ-ਆਪ ਨੂੰ ਵਡਭਾਗੀ ਸਮਝਦੀਆਂ ਹਨ। ਪਾਲਕੀ ਸਾਹਿਬ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦਰਵਾਜ਼ੇ ਦੇ ਬਾਹਰ ਤੱਕ ਜਾਂਦੀ ਹੈ। ਉੱਥੇ ਫਿਰ ਸਿੰਘ ਸਾਹਿਬ ਆਪਣੇ ਸੀਸ 'ਤੇ ਗੁਰੂ ਗ੍ਰੰਥ ਸਾਹਿਬ ਜੀ ਲੈ ਕੇ ਅੰਦਰ ਜਾਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਿੰਘ ਸਾਹਿਬ ਦੋ ਚੌਰ ਬਰਦਾਰਾਂ ਦੀ ਸਹਾਇਤਾ ਨਾਲ ਗੁਰੂ ਸਾਹਿਬ ਦੇ ਸਰੂਪ ਨੂੰ ਸਜੀ ਹੋਈ ਮੰਜੀ ਸਾਹਿਬ 'ਤੇ ਸਥਾਪਿਤ ਕਰਦੇ ਹਨ। ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਸਤਰਾਂ ਦੀ ਸੇਵਾ ਸ਼ੁਰੂ ਕਰਦੇ ਹਨ ਤਾਂ ਸੰਗਤਾਂ ਵਲੋਂ ਸਵੱਯੇ ਪੜ੍ਹੇ ਜਾਂਦੇ ਹਨ। ਪੰਜ ਵਜੇ ਤੋਂ ਸ਼ੁਰੂ ਹੋ ਕੇ ਸਹੀ 5:30 ਵਜੇ ਪ੍ਰਕਾਸ਼ ਹੁਕਮਨਾਮਾ ਸਾਹਿਬ ਹੁੰਦਾ ਹੈ। ਉਸ ਤੋਂ ਉਪਰੰਤ ਰਾਗੀ ਸਿੰਘ ਫਿਰ ਤੋਂ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੰਦੇ ਹਨ। ਤਕਰੀਬਨ ਇਕ ਸ਼ਬਦ ਅਤੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਪੜ੍ਹਨ ਤੋਂ ਬਾਅਦ ਲਗਭਗ 5 ਵੱਜ ਕੇ 45 ਮਿੰਟ 'ਤੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਬਾਅਦ ਸਭ ਤੋਂ ਪਹਿਲੀ ਅਰਦਾਸ ਬੇਨਤੀ ਅਰਦਾਸੀਏ ਸਿੰਘ ਵਲੋਂ ਕੀਤੀ ਜਾਂਦੀ ਹੈ। ਉਪਰੰਤ ਕੜਾਹਿ ਪ੍ਰਸਾਦਿ ਵਰਤਾਇਆ ਜਾਂਦਾ ਹੈ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ।

ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਦੇ ਭੋਗ ਉਪਰੰਤ ਦੂਜੀ ਅਰਦਾਸ ਹੁੰਦੀ ਤੇ ਮਹਾਂਵਾਕ ਪੜ੍ਹਿਆ ਜਾਂਦਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੁੱਲ 10 ਅਰਦਾਸਾਂ ਹੁੰਦੀਆਂ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: 1. ਅੰਮ੍ਰਿਤ ਵੇਲੇ ਇਸ਼ਨਾਨ ਸੇਵਾ ਦੀ ਆਰੰਭਤਾ ਸਮੇਂ। 2. ਕਿਵਾੜ ਖੁੱਲ੍ਹਣ ਤੋਂ ਪਹਿਲਾਂ ਵਿਛਾਈ ਹੋਣ ਉਪਰੰਤ। 3. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਣ ਉਪਰੰਤ। 4. ਆਸਾ ਜੀ ਕੀ ਵਾਰ ਦੀ ਸਮਾਪਤੀ ਉਪਰੰਤ। 5. ਦੁਪਹਿਰ 12:00 ਵਜੇ (ਸਬਦ ਚੌਂਕੀ ਅਨੰਦ ਸਾਹਿਬ ਜੀ ਕੀ ਅਰਦਾਸ)। 6. ਦੁਪਹਿਰ 03:00 ਵਜੇ ਤੀਕ (ਸਬਦ ਚੌਂਕੀ ਚਰਨ ਕੰਵਲ ਸਾਹਿਬ ਜੀ ਕੀ ਅਰਦਾਸ)। 7. ਸੋਦਰੁ ਰਹਿਰਾਸ ਸਾਹਿਬ ਦੀ ਸਮਾਪਤੀ ਉਪਰੰਤ। 8. ਆਰਤੀ (ਛੋਟੀ ਅਰਦਾਸ)। 9. ਸੁਖਆਸਨ ਸਮੇਂ। 10. ਚੰਦੋਆ ਸਾਹਿਬ ਬਦਲਣ ਉਪਰੰਤ ਸੁੱਕੀ ਸੇਵਾ ਦੀ ਸਮਾਪਤੀ ਸਮੇਂ।


# ਰੂਹਾਨੀਅਤ ਅਤੇ ਨੈਤਿਕ ਮੁੱਲਾਂ ਦਾ ਸਕੂਲ ਹੈ ਬਾਬਾ ਸ਼ੇਖ਼ ਫ਼ਰੀਦ ਦੀ ਬਾਣੀ

ਕੇ.ਐਸ. ਅਮਰ

ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆ ਦਾ ਇਕ ਲਾਸਾਨੀ ਅਧਿਆਤਮਕ ਗ੍ਰੰਥ ਹੈ, ਜਿਸ ਵਿਚ 6 ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਬਾਣੀ ਵੀ ਸ਼ਾਮਿਲ ਹੈ। ਬਾਣੀ ਦੱਸਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਮੂਲ ਮੰਤਵ ਮਨੁੱਖਤਾ ਨੂੰ ਸਰਵ-ਸਾਂਝੀਵਾਲਤਾ ਦਾ ਸੁਨੇਹਾ ਦੇਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਸ ਸਮੇਂ ਦੇ ਸ਼੍ਰੋਮਣੀ ਸੂਫ਼ੀ ਸੰਤ ਸ਼ੇਖ਼ ਫ਼ਰੀਦ ਜੀ ਦੇ 112 ਸਲੋਕ ਅਤੇ 4 ਸ਼ਬਦ ਦਰਜ ਹਨ। ਇਹ ਸਲੋਕ ਮਨੁੱਖ ਨੂੰ ਜ਼ਿੰਦਗੀ ਜਿਊਣ ਦਾ ਖ਼ੂਬਸੂਰਤ ਸੁਨੇਹਾ ਦਿੰਦੇ ਹਨ। ਉਨ੍ਹਾਂ ਦਾ ਜਨਮ 1173 ਈਸਵੀ ਵਿਚ ਪਿੰਡ ਕੋਠੇਵਾਲ ਜ਼ਿਲ੍ਹਾ ਮੁਲਤਾਨ (ਹੁਣ ਪਾਕਿਸਤਾਨ 'ਚ) ਵਿਖੇ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਸ਼ੇਖ਼ ਜਮਾਲੁਦੀਨ ਸੁਲੇਮਾਨ ਤੇ ਮਾਤਾ ਦਾ ਨਾਂ ਮਰੀਅਮ ਸੀ। ਸੂਫ਼ੀਆਂ ਦੇ ਚਿਸ਼ਤੀ ਭਾਈਚਾਰੇ ਵਿਚ ਉਨ੍ਹਾਂ ਦਾ ਸਥਾਨ ਬਹੁਤ ਉੱਚਾ ਹੈ। ਉਨ੍ਹਾਂ ਨੇ ਖ਼ਵਾਜ਼ਾ ਕੁਤਬਦੀਨ ਬਖ਼ਤਿਆਰ ਕਾਕੀ ਨੂੰ ਆਪਣਾ ਮੁਰਸ਼ਦ ਧਾਰ ਕੇ ਕਠਿਨ ਤਪੱਸਿਆ ਕੀਤੀ ਸੀ। ਬਾਬਾ ਫ਼ਰੀਦ ਦਾ ਰਹਿਣ-ਸਹਿਣ ਬੜਾ ਹੀ ਸਬਰ-ਸੰਤੋਖ ਅਤੇ ਗਰੀਬੀ ਵਾਲਾ ਸੀ। ਉਨ੍ਹਾਂ ਦਾ ਸੁਭਾਅ ਬਹੁਤ ਹੀ ਮਿੱਠਾ ਸੀ, ਜਿਸ ਕਾਰਨ ਉਨ੍ਹ ਨੂੰ ਸ਼ਕਰਗੰਜ ਭਾਵ ਮਿਠਾਸ ਦਾ ਖ਼ਜ਼ਾਨਾ ਵੀ ਕਿਹਾ ਜਾਂਦਾ ਹੈ। ਸ਼ੇਖ਼ ਫ਼ਰੀਦ ਜੀ ਦੇ ਉਸ ਸਮੇਂ ਦੇ ਸਲੋਕ ਪੰਜਾਬੀ ਦੀ ਸਰਲ ਭਾਸ਼ਾ ਦਾ ਨਮੂਨਾ ਹਨ, ਜੋ ਆਪ-ਮੁਹਾਰੇ ਹੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਹਨ। ਉਨ੍ਹਾਂ ਦਾ ਹਰ ਸਲੋਕ ਮਨੁੱਖ ਨੂੰ ਵਡਮੁੱਲਾ ਸੁਨੇਹਾ ਦਿੰਦਾ ਹੈ ਜਿਵੇਂ ਕਿ

**ਫ਼ਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨਾ ਲੇਖ**
**ਆਪਣੇ ਗਿਰਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ**

ਇੱਥੇ ਫ਼ਰੀਦ ਜੀ ਹਉਮੈ ਤਿਆਗਣ ਦੀ ਗੱਲ ਕਰਦੇ ਹਨ ਕਿ ਜੇ ਤੂੰ ਸਮਝਦਾਰ ਤੇ ਬਰੀਕ ਅਕਲ ਦਾ ਮਾਲਕ ਹੈ ਤਾਂ ਦੂਜਿਆਂ ਦੇ ਮਾੜੇ ਕੰਮਾਂ ਦੀ ਪੜਚੋਲ ਨਾ ਕਰ, ਪਹਿਲੇ ਆਪਣੇ ਅੰਦਰ ਝਾਤੀ ਮਾਰ ਕੇ ਦੇਖ ਤੇਰੇ ਆਪਣੇ ਕਰਮ ਕਿਹੋ ਜਿਹੇ ਹਨ। ਉਹ ਮਨੁੱਖ ਨੂੰ ਉਸ ਦੀ ਹਉਮੈ ਤਿਆਗਣ ਦਾ ਸੰਦੇਸ਼ ਦਿੰਦੇ ਹਨ।



**ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ**
**ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।**

ਬਾਬਾ ਫ਼ਰੀਦ ਜੀ ਮਨੁੱਖ ਨੂੰ ਨਿਮਰ ਰਹਿਣ ਦੀ ਸਿੱਖਿਆ ਦਿੰਦੇ ਹੋਏ ਕਹਿੰਦੇ ਹਨ ਕਿ ਜੋ ਮਨੁੱਖ ਤੈਨੂੰ ਗੁੱਸੇ ਨਾਲ ਮਾਰਨ ਨੂੰ ਪੈਂਦਾ ਹੈ, ਭਾਵ ਦੁੱਖ ਦੇਣ ਦੀ ਕੋਸ਼ਿਸ਼ ਕਰਦਾ ਹੈ, ਤੂੰ ਉਨ੍ਹਾਂ ਨੂੰ ਪਰਤ ਕੇ ਉਸ ਦਾ ਬਦਲਾ ਨਾ ਲਵੀਂ, ਸਗੋਂ ਤੈਨੂੰ ਨਿਮਰਤਾ ਨਾਲ ਉਨ੍ਹਾਂ ਦੇ ਪੈਰ ਚੁੰਮ ਕੇ ਆਪਣੇ ਘਰ ਵਾਪਸ ਜਾਣਾ ਚਾਹੀਦਾ ਹੈ। ਇਸ ਤੋਂ ਭਾਵ ਹੈ ਕਿ ਬਦਲੇ ਦੀ ਭਾਵਨਾ ਮਨੁੱਖ ਨੂੰ ਬੇਚੈਨ ਕਰਦੀ ਹੈ ਅਤੇ ਉਹ ਉਸ ਦਾ ਮਾਨਸਿਕ ਸੰਤੁਲਨ ਵਿਗਾੜ ਦਿੰਦੀ ਹੈ, ਜੋ ਉਸ ਨੂੰ ਖ਼ੁਦ ਨੂੰ ਹੀ ਨੁਕਸਾਨ ਪਹੁੰਚਾਉਂਦੀ ਹੈ।

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਬਣਿ ਕੰਡਾ ਮੋੜੇਹਿ**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂੰਢੇਹਿ।**

ਇਸ ਸਲੋਕ ਵਿਚ ਫ਼ਰੀਦ ਜੀ ਮਨੁੱਖ ਨੂੰ ਸਿੱਖਿਆ ਦਿੰਦੇ ਹਨ ਕਿ ਜਿਸ ਪਰਮਾਤਮਾ ਜਾਂ ਰੱਬ ਨੂੰ ਲੱਭਣ ਲਈ ਉਹ ਜੰਗਲਾਂ ਵਿਚ ਘੁੰਮ ਕੇ ਕੰਡਿਆਂ ਨੂੰ ਲਤਾੜ ਰਿਹਾ ਹੈ ਉਹ ਰੱਬ ਜੰਗਲਾਂ ਵਿਚ ਨਹੀਂ, ਬਲਕਿ ਉਨ੍ਹਾਂ ਦੇ ਆਪਣੇ ਹਿਰਦੇ ਵਿਚ ਵਸਦਾ ਹੈ। ਇਸ ਲਈ ਉਸ ਪਰਮਾਤਮਾ ਨੂੰ ਆਪਣੇ ਹਿਰਦੇ 'ਚੋਂ ਹੀ ਲੱਭਣਾ ਚਾਹੀਦਾ ਹੈ। ਅਰਥਾਤ ਦਿਖਾਵੇ ਦੀ ਭਗਤੀ ਨਾਲੋਂ ਸਾਨੂੰ ਚੰਗੇ ਕਰਮ ਕਰਕੇ ਉਸ ਰੱਬ ਨੂੰ ਅੰਦਰੋਂ ਹੀ ਪਾਉਂਣਾ ਚਾਹੀਦਾ ਹੈ।

**ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਉਂ ਮਾਂਝਾ ਦੁਧੁ**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।**

ਇਸ ਸਲੋਕ ਵਿਚ ਸ਼ੇਖ਼ ਫ਼ਰੀਦ ਜੀ ਕਹਿੰਦੇ ਹਨ ਕਿ ਸ਼ੱਕਰ, ਖੰਡ, ਮਿਸਰੀ, ਗੁੜ, ਸ਼ਹਿਦ ਤੇ ਦੁੱਧ ਇਹ ਸਭ ਚੀਜ਼ਾਂ ਮਿੱਠੀਆਂ ਹਨ ਪਰ ਪਰਮਾਤਮਾ ਦੇ ਨਾਮ ਦੀ ਮਿਠਾਸ ਤੱਕ ਇਹ ਨਹੀਂ ਪਹੁੰਚ ਸਕਦੀਆਂ। ਇਸ ਤਰ੍ਹਾਂ ਜੇਕਰ ਸ਼ੇਖ਼ ਫ਼ਰੀਦ ਜੀ ਦੇ ਸਲੋਕਾਂ 'ਤੇ ਅਮਲ ਕਰੀਏ ਤਾਂ ਅਸੀਂ ਇਸ ਦੁਨੀਆ ਨੂੰ ਬਹੁਤ ਖ਼ੂਬਸੂਰਤ ਬਣਾ ਸਕਦੇ ਹਾਂ। ਅੱਜ ਲੋੜ ਹੈ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੀਵਾਲਤਾ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਦੀ। ਪਿਆਰ, ਮੁਹੱਬਤ, ਹਮਦਰਦੀ, ਨਿਮਰਤਾ ਅਤੇ ਹਉਮੈ ਨੂੰ ਤਿਆਗ ਕੇ ਅਸੀਂ ਸਾਰੇ ਸੰਸਾਰ ਨੂੰ ਸੁੰਦਰ ਬਣਾ ਸਕਦੇ ਹਾਂ।

# ਗਾਜ਼ਾ ਅਤੇ ਪੱਛਮੀ ਤੱਟ ’ਤੇ ਕਬਜ਼ਾ ਕਰਨ ਲਈ ਇਜ਼ਰਾਈਲ ਪੂਰੀ ਤਰ੍ਹਾਂ ਬਜ਼ਿਦ

## ਟੀਚਾ ਹਾਸਲ ਹੋਣ ਤੱਕ ਇਜ਼ਰਾਈਲ ਜਾਰੀ ਰੱਖ ਸਕਦਾ ਹੈ ਜੰਗ





ਗਾਜ਼ਾ ਦੇ ਹਮਾਸ ਅੱਤਵਾਦੀਆਂ ਨੂੰ ਇਕ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਇਜ਼ਰਾਈਲ ਲਗਭਗ 20 ਸਾਲਾਂ ਦੇ ਅਰਸੇ ਬਾਅਦ ਗਾਜ਼ਾ ਪੱਟੀ ’ਤੇ ਕੰਟਰੋਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਦੇ ਨਾਲ ਹੀ ਇਜ਼ਰਾਈਲ ਫਰਾਂਸ, ਯੂ.ਕੇ., ਸਵੀਡਨ ਅਤੇ ਇਥੋਂ ਤੱਕ ਕਿ ਤੇਲ ਅਵੀਵ ਵਿਚ ਆਪਣੇ ਹੀ ਲੋਕਾਂ ਦੇ ਇਕ ਵਰਗ ਦੇ ਵਿਰੋਧ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਪੱਛਮੀ ਕਿਨਾਰੇ (ਵੈਸਟ ਬੈਂਕ) ’ਤੇ ਕਬਜ਼ਾ ਕਰਨ ਦਾ ਯਤਨ ਕਰ ਰਿਹਾ ਹੈ।

ਪਿਛਲੇ ਹਫ਼ਤੇ ਇਜ਼ਰਾਈਲ ਨੇ ਕਿਹਾ ਸੀ ਕਿ ਉਹ ਕਬਜ਼ੇ ਵਾਲੇ ਪੱਛਮੀ ਸਰਹੱਦ ’ਤੇ 22 ਹੋਰ ਯਹੂਦੀ ਬਸਤੀਆਂ ਸਥਾਪਿਤ ਕਰੇਗਾ। ਈਰਾਨ ਅਤੇ ਈਰਾਨ ਸਮਰਥਕ ਹੂਥੀਆਂ ਨੂੰ ਛੱਡ ਕੇ ਅਰਬ ਦੁਨੀਆ ਵਿਚ ਹਮਾਸ ਦੇ ਕੁਝ ਹੀ ਸੱਚੇ ਸਮਰਥਕ ਹਨ। 7 ਅਕਤੂਬਰ, 2023 ਤੋਂ ਇਜ਼ਰਾਈਲ-ਹਮਾਸ ਵਿਚਾਲੇ ਸ਼ੁਰੂ ਹੋਈ ਜੰਗ ਦੌਰਾਨ ਹੋਈਆਂ ਮੌਤਾਂ ਅਤੇ ਉਜਾੜੇ ਕਾਰਨ ਫਿਲਸਤੀਨੀ ਆਬਾਦੀ ਵਿਚ ਭਾਰੀ ਕਮੀ ਆਉਣ ਨਾਲ ਗਾਜ਼ਾ ਛੇਤੀ ਹੀ ਇਜ਼ਰਾਈਲ ਦੇ ਵਿਸਤਾਰਤ ਖੇਤਰ ਦਾ ਹਿੱਸਾ ਬਣ ਸਕਦਾ ਹੈ।

ਮੌਜੂਦਾ ਗਾਜ਼ਾ ਜੰਗ ਅਤੀਤ ਵਿਚ ਕਈ ਅਣਸੁਲਝੇ ਇਜ਼ਰਾਈਲੀ-ਫਲਸਤੀਨੀ ਸੰਘਰਸ਼ਾਂ ਤੋਂ ਬਾਅਦ ਹੋਇਆ ਹੈ, ਜਿਨ੍ਹਾਂ ਵਿਚ 2008, 2009, 2012, 2014 ਅਤੇ 2021 ਦੇ ਸੰਘਰਸ਼ ਸ਼ਾਮਿਲ ਹਨ। ਤਰਾਸਦੀ ਇਹ ਹੈ ਕਿ ਇਜ਼ਰਾਈਲ ਨੇ 2005 ਵਿਚ ਦੁਨੀਆ ਦੀ ਸਭ ਤੋਂ ਸੰਘਣੀ ਆਬਾਦੀ ਵਾਲੀਆਂ ਬਸਤੀਆਂ ਵਿਚੋਂ ਇਕ ਗਾਜ਼ਾ ਪੱਟੀ ਦਾ ਕੰਟਰੋਲ ਛੱਡ ਦਿੱਤਾ ਸੀ। ਉਹ ਗਾਜ਼ਾ ਪੱਟੀ ਤੋਂ ਹਟ ਗਿਆ ਸੀ ਅਤੇ ਉਸ ਨੇ ਉਥੋਂ ਆਪਣੀ ਸਾਰੀਆਂ ਬਸਤੀਆਂ ਨੂੰ ਖ਼ਤਮ ਕਰ ਦਿੱਤਾ ਸੀ। ਇਜ਼ਰਾਈਲ ਫਿਲਾਡਲਫੀ ਮਾਰਗ ਤੋਂ ਵੀ ਪਿੱਛੇ ਹਟ ਗਿਆ ਸੀ, ਜੋ ਮਿਸਰ ਦੇ ਨਾਲ ਸਰਹੱਦ ਨਾਲ ਲਗਦੀ ਜ਼ਮੀਨ ਦੀ ਕਿ ਭੀੜੀ ਪੱਟੀ ਸੀ। ਜਦੋਂ ਮਿਸਰ ਨੇ ਰਾਫ਼ਾ ਸਮਝੌਤੇ ਰਾਹੀਂ ਆਪਣੇ ਖੇਤਰ ਦੀ ਸਰਹੱਦ ਨੂੰ ਸੁਰੱਖਿਅਤ ਰੱਖਣ ’ਤੇ ਰਜ਼ਾਮੰਦੀ ਪ੍ਰਗਟ ਕੀਤੀ ਸੀ। ਇਜ਼ਰਾਈਲ ਉਦੋਂ ਚਾਹੁੰਦਾ ਤਾਂ 1967 ਵਿਚ ਛੇ ਦਿਨਾਂ ਦੀ ਜੰਗ ਤੋਂ ਬਾਅਦ ਗਾਜ਼ਾ ਨੂੰ ਆਪਣੇ ਕਬਜ਼ੇ ਹੇਠ ਲੈ ਸਕਦਾ ਸੀ। ਉਸ ਨੇ ਪੱਛਮੀ ਬੈਂਕ ਅਤੇ ਪੂਰਬੀ ਯੇਰੂਸ਼ਲਮ ’ਤੇ

**ਨੰਦੂ ਬੈਨਰਜੀ**

ਵੀ ਕਬਜ਼ਾ ਕਰ ਲਿਆ ਸੀ। ਉਸ ਸਮੇਂ ਗਾਜ਼ਾ ਪੱਟੀ 40 ਕਿੱਲੋਮੀਟਰ ਲੰਮੀ ਸੀ ਅਤੇ ਉਸ ਦੀ ਆਬਾਦੀ 13 ਲੱਖ ਸੀ। ਗਾਜ਼ਾ ਵਿਚ ਜਨਮ ਦਰ ਦੁਨੀਆ ਵਿਚ ਸਭ ਤੋਂ ਜ਼ਿਆਦਾ ਹੈ। ਹਾਲਾਂਕਿ, ਉਥੇ ਬਿਨਾਂ ਕਿਸੇ ਤਣਾਅ ਤੋਂ ਸ਼ਾਸਨ ਕਰਨ ਲਈ ਢੁੱਕਵੀਂ ਯਹੂਦੀ ਬਸਤੀ ਬਣਾਉਣ ਲਈ ਬਹੁਤ ਘੱਟ ਥਾਂ ਸੀ।



ਜੰਗ ਦੇ ਖ਼ਾਤਮੇ, ਜੋ ਆਖ਼ਰੀ ਪੜਾਅ ਵਿਚ ਪਹੁੰਚ ਗਿਆ ਹੈ, ਤੱਕ ਮੌਤ ਅਤੇ ਵਿਸਥਾਪਤ ਦੇ ਕਾਰਨ ਫਿਲਸਤੀਨੀ ਆਬਾਦੀ ਵਿਚ ਕਾਫ਼ੀ ਕਮੀ ਆਉਣ ਦੀ ਉਮੀਦ ਹੈ। ਗਾਜ਼ਾ ਦੀ ਲਗਭਗ 70 ਫ਼ੀਸਦੀ ਫਿਲਸਤੀਨੀ ਆਬਾਦੀ ਸ਼ਰਨਾਰਥੀ ਹੈ, ਜੋ ਆਪਣੀ ਰੋਜ਼ਮਰ੍ਹਾ ਦੀ ਰੋਜ਼ੀ-ਰੋਟੀ ਲਈ ਜ਼ਿਆਦਾਤਰ ਮਨੁੱਖੀ ਸਹਾਇਤਾ ’ਤੇ ਨਿਰਭਰ ਹੈ। ਜ਼ਮੀਨ, ਹਵਾ ਅਤੇ ਸਮੁੰਦਰ ਰਾਹੀਂ ਆਵਾਜਾਈ ਤੇ ਸੁਰੱਖਿਆ ਨਾਲ ਜੁੜੀ ਇਜ਼ਰਾਈਲੀ ਨਾਕਾਬੰਦੀ ਨੇ ਗਾਜ਼ਾ ਦੀ ਬਹੁਤ ਸਾਰੀ ਆਬਾਦੀ ਨੂੰ ਇਸ ਖੇਤਰ ਤੋਂ ਭਜਾਉਣ ਜਾਂ ਭੁੱਖ ਨਾਲ ਮਰਨ ਲਈ ਮਜਬੂਰ ਕੀਤਾ ਹੈ। ਇਕ ਤਰ੍ਹਾਂ ਨਾਲ ਗਾਜ਼ਾ ਦੀ ਸ਼ਰਨਾਰਥੀ ਆਬਾਦੀ ਲੰਮੇ ਸਮੇਂ ਤੋਂ ਸੌੜੀ ਪੱਟੀ ਵਿਚ ਸ਼ੋਅ ਚਲਾਉਣ ਵਾਲੇ ਹਮਾਸ ਦੇ ਅੱਤਵਾਦੀਆਂ ਵਲੋਂ ਬੰਦੀ ਬਣਾ ਲਈ ਗਈ ਹੈ।

ਇਕ ਵਾਰ ਫਿਰ ਤੋਂ ਉਸ ਖੇਤਰ ਨੂੰ ਹਾਸਿਲ ਕਰਨ ਤੋਂ ਬਾਅਦ ਇਜ਼ਰਾਈਲ ਉਥੇ ਯਹੂਦੀ ਆਬਾਦੀ ਦੀ ਸਹੀ ਮੌਜੂਦਗੀ ਯਕੀਨੀ ਬਣਾਏਗਾ ਤਾਂ ਕਿ ਇਸ ਦਾ ਸੁਚਾਰੂ ਪ੍ਰਬੰਧ ਯਕੀਨੀ ਬਣਾਇਆ ਜਾ ਸਕੇ ਅਤੇ ਪੱਟੀ ਨੂੰ ਆਰਥਿਕ ਰੂਪ ਵਿਚ ਮਜ਼ਬੂਤ ਬਣਾਇਆ ਜਾ ਸਕੇ। ਇਕ ਵਾਰ ਜਦੋਂ ਗਾਜ਼ਾ ਪੱਟੀ ’ਤੇ ਜਿੱਤ ਹਾਸਲ ਕਰ ਲਈ ਜਾਵੇਗੀ ਅਤੇ ਵੈਸਟ ਬੈਂਕ ਤਟ ਦਾ ਇਕ ਵੱਡਾ ਹਿੱਸਾ ਪੂਰੀ ਤਰ੍ਹਾਂ ਇਜ਼ਰਾਈਲ ਦੇ ਕੰਟਰੋਲ ਵਿਚ ਆ ਜਾਵੇਗਾ ਤਾਂ ਉਮੀਦ ਹੈ ਕਿ ਇਹ ਦੇਸ਼ ਦੁਨੀਆ ਦੇ ਚੋਟੀ ਦੇ ਆਰਥਿਕ ਅਤੇ ਫ਼ੌਜੀ ਸ਼ਕਤੀ ਦੇ ਰੂਪ ਵਿਚ ਉਭਰਨ ਦੇ ਆਪਣੇ ਲੰਮੇ ਸਮੇਂ ਤੋਂ ਸੰਜੋਏ ਸੁਪਨੇ ਨੂੰ ਸਾਕਾਰ ਕਰਨ ਵੱਲ ਧਿਆਨ ਕੇਂਦਰਿਤ ਕਰੇਗਾ।

ਮੌਜੂਦਾ ਸਮੇਂ ਵਿਚ ਇਜ਼ਰਾਈਲ ਪੱਛਮੀ ਏਸ਼ੀਆ ਦਾ ਸਭ ਤੋਂ ਵਿਕਸਿਤ ਅਤੇ ਉੱਨਤ ਦੇਸ਼ ਹੈ, ਜਿਸ ਕੋਲ ਦੁਨੀਆ ਵਿਚ 17ਵਾਂ ਸਭ ਤੋਂ ਵੱਡਾ ਵਿਦੇਸ਼ੀ ਮੁਦਰਾ ਭੰਡਾਰ ਹੈ। ਅਰਬ ਦੀ ਖਾੜੀ ਦੇ ਨਾਲ-ਨਾਲ ਤੁਰਕੀ, ਮਿਸਰ ਅਤੇ ਈਰਾਨ ਸਮੇਤ 18 ਮੈਂਬਰੀ ਪੱਛਮੀ ਏਸ਼ਿਆਈ ਖੇਤਰ ਵਿਚ ਪ੍ਰਤੀ ਵਿਅਕਤੀ ਔਸਤ ਸੰਪਤੀ ਸਭ ਤੋਂ ਜ਼ਿਆਦਾ ਹੈ। ਹਰੇਕ ਵਿਅਕਤੀ ਵਿੱਤੀ ਹਾਲਤਾਂ ਦੇ ਮਾਮਲੇ ਵਿਚ ਇਜ਼ਰਾਈਲ ਦੁਨੀਆ ਭਰ ਵਿਚ 10ਵੇਂ ਥਾਂ ’ਤੇ ਹੈ। ਵਰਣਨਯੋਗ ਇਹ ਹੈ ਕਿ ਅੱਠ ਅਰਬ ਦੇਸ਼ ਹੁਣ ਖੁੱਲ੍ਹੇ ਤੌਰ ’ਤੇ ਅਤੇ ਬੇਸ਼ਰਮੀ ਨਾਲ ਇਜ਼ਰਾਈਲ ਦੇ ਨਾਲ ਵਰਤੋਂ ਵਿਹਾਰ ਕਰਦੇ ਹਨ। ਇਹ ਹਨ ਸਾਊਦੀ ਅਰਬ, ਯੂ.ਏ.ਈ. ਮਿਸਰ, ਜਾਰਡਨ, ਓਮਾਨ, ਮੋਰੱਕੋ, ਬਹਿਰੀਨ ਅਤੇ ਸੂਡਾਨ।

ਇਹ ਮੰਨਦੇ ਹੋਏ ਕਿ ਗਾਜ਼ਾ ਅਤੇ ਲੈਬਨਾਨ ਵਿਚ ਇਜ਼ਰਾਈਲ ਦੀ ਲੜਾਈ ਛੇਤੀ ਹੀ ਘੱਟ ਹੋ ਜਾਵੇਗੀ, ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓ.ਈ.ਸੀ.ਡੀ.) ਦੀ ਨਵੀਂ ਆਰਥਿਕ ਸਰਵੇਖਣ ਰਿਪੋਰਟ ਨੇ ਅਗਾਊਂ ਅਨੁਮਾਨ ਲਗਾਇਆ ਹੈ ਕਿ ਦੇਸ਼ ਦੀ ਅਰਥ ਵਿਵਸਥਾ 2025 ਵਿਚ 3.4 ਫ਼ੀਸਦੀ ਅਤੇ 2026 ਵਿਚ 5.5 ਫ਼ੀਸਦੀ ਦੀ ਦਰ ਨਾਲ ਵਧੇਗੀ, ਜੋ ਕਿ ਓ.ਈ.ਸੀ.ਡੀ. ਦੀ ਵਿਸ਼ਵ ਅਰਥ ਵਿਵਸਥਾ ਲਈ 2025 ਵਿਚ 3.1 ਫ਼ੀਸਦੀ ਅਤੇ 2026 ਵਿਚ ਤਿੰਨ ਫ਼ੀਸਦੀ ਦੀ ਔਸਤ ਵਿਕਾਸ ਅਨੁਸਾਰ ਆਸ ਤੋਂ ਜ਼ਿਆਦਾ ਹੈ। ਚਾਲੂ ਸਾਲ ਲਈ ਓ.ਈ.ਸੀ.ਡੀ. ਦਾ ਵਿਕਾਸ ਅਗਾਊਂ ਲਾਏ ਅੰਦਾਜ਼ੇ ਬੈਂਕ ਆਫ਼ ਇਜ਼ਰਾਈਲ ਦੇ ਚਾਰ ਫ਼ੀਸਦੀ ਅਤੇ ਇਜ਼ਰਾਈਲ ਵਿੱਤ ਮੰਤਰਾਲੇ ਦੇ 4.4 ਫ਼ੀਸਦੀ ਅਨੁਮਾਨ ਤੋਂ ਘੱਟ ਹੈ। ਹਾਲਾਂਕਿ, ਓ.ਈ.ਸੀ.ਡੀ. ਨੂੰ ਉਮੀਦ ਹੈ ਕਿ ਇਸ ਸਾਲ ਇਜ਼ਰਾਈਲ ਦੀ ਅਰਥ ਵਿਵਸਥਾ ਵਿਚ ਸੁਧਾਰ ਆਵੇਗਾ, ਜਦ ਕਿ ਇਹ ਵਿਕਾਸ ਦੀ ਰਫ਼ਤਾਰ ਬਾਰੇ ਨਿਰਾਸ਼ਾਵਾਦੀ ਹੈ, ਕਿਉਂਕਿ ਜੰਗ ਨਾਲ ਸੰਬੰਧਿਤ ਖ਼ਰਚ ਦੇ ਜ਼ੋਖਮ ਦਾ ਹਵਾਲਾ ਦਿੰਦੇ ਹੋਏ ਇਸ ਨੇ ਕਿਹਾ ਕਿ ਦੇਸ਼ ਦੀ ਵਿੱਤੀ ਹਾਲਤ ’ਤੇ ਇਸ ਦਾ ਅਸਰ ਪੈ ਰਿਹਾ ਹੈ।

2023 ਯੂ.ਐਸ. ਨਿਊਜ਼ ਐਂਡ ਵਰਲਡ ਰਿਪੋਰਟ ਨੇ ਇਜ਼ਰਾਈਲ ਨੂੰ ਦੁਨੀਆ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਵਿਚ ਸ਼ਾਮਿਲ ਕੀਤਾ ਹੈ। ਇਸ ਨੇ ਦੇਖਿਆ ਹੈ ਕਿ ਇਜ਼ਰਾਈਲ ਦੀ ਫ਼ੌਜ ਦੁਨੀਆ ਭਰ ਵਿਚ ਚੌਥੀ ਸਭ ਤੋਂ ਮਜ਼ਬੂਤ ਫ਼ੌਜ ਹੈ, ਜੋ ਸਿਰਫ਼ ਅਮਰੀਕਾ, ਚੀਨ ਅਤੇ ਰੂਸ ਤੋਂ ਪਿੱਛੇ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਜ਼ਰਾਈਲ ਦੁਨੀਆ ਦੀ ਛੇਵੀਂ ਸਭ ਤੋਂ ਜ਼ਿਆਦਾ ਰਾਜਨੀਤਕ ਰੂਪ ਵਿਚ ਪ੍ਰਭਾਵਸ਼ਾਲੀ ਸ਼ਕਤੀ ਵੀ ਹੈ। ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਇਕ ਅਗਾਂਹਵਧੂ ਵਿਸ਼ਵ ਪੱਧਰ ’ਤੇ ਆਰਥਿਕ ਅਤੇ ਫ਼ੌਜੀ ਸ਼ਕਤੀ ਬਣਨ ਲਈ ਇਜ਼ਰਾਈਲ ਦੀ ਬੋਲੀ ਬਹੁਮੁਖੀ ਹੈ। ਇਨ੍ਹਾਂ ਵਿਚੋਂ ਦੇਸ਼ ਦੇ ਉੱਚ ਤਕਨੀਕੀ ਖੇਤਰ ਨੂੰ ਮਜ਼ਬੂਤ ਕਰਨਾ, ਰੱਖਿਆ ਆਈ ਖੇਤਰ ਵਿਚ ਲਗਾਤਾਰ ਨਵੀਨਤਾ ਲਿਆਉਣੀ ਅਤੇ ਇਕ ਮਜ਼ਬੂਤ ਅਰਥ ਵਿਵਸਥਾ ਨੂੰ ਵਧਾਉਣਾ ਸ਼ਾਮਿਲ ਹੈ। ਕਈ ਬਹੁਰਾਸ਼ਟਰੀ ਕੰਪਨੀਆਂ ਦੇਸ਼ ਵਿਚ ਖੋਜ ਅਤੇ ਵਿਕਾਸ ਕੇਂਦਰ ਸਥਾਪਿਤ ਕਰ ਰਹੀਆਂ ਹਨ। ਇਸ ਵਿਚ ਇਕ ਜੀਵੰਤ ਸਟਾਰਟਅਪ ਇਕੋਸਿਸਟਮ ਹੈ, ਜੋ ਸਥਾਨਕ ਅਤੇ ਕੌਮਾਂਤਰੀ ਦੋਵਾਂ ਤਰ੍ਹਾਂ ਦੇ ਨਿਵੇਸ਼ ਨੂੰ ਆਕਰਸ਼ਿਤ ਕਰਦਾ ਹੈ ਅਤੇ ਨਵੀਨਤਾ ਲਿਆਉਣ ਨੂੰ ਵਧਾਉਂਦਾ ਹੈ। ਇਜ਼ਰਾਈਲ ਕੋਲ ਇਕ ਚੰਗੀ ਤਰ੍ਹਾਂ ਨਾਲ ਸਥਾਪਿਤ ਅਤੇ ਆਧੁਨਿਕ ਰੱਖਿਆ ਨਿਰਮਾਣ ਉਦਯੋਗ ਹੈ ਅਤੇ ਉਹ ਉੱਨਤ ਹਥਿਆਰ ਅਤੇ ਆਈ.ਟੀ. ਖੇਤਰ ਨੂੰ ਵਿਕਸਤ ਕਰ ਰਿਹਾ ਹੈ। ਉਹ ਰੱਖਿਆ ਉਪਕਰਨਾਂ ਦਾ ਇਕ ਮਹੱਤਵਪੂਰਨ ਬਰਾਮਦ ਕਰਨ ਵਾਲਾ ਦੇਸ਼ ਹੈ।

ਇਜ਼ਰਾਈਲ ਦੇਸ਼ ਦੇ ਆਰਥਿਕ ਵਿਕਾਸ ’ਤੇ ਧਿਆਨ ਕੇਂਦਰਿਤ ਕਰਨ ਲਈ ਗਾਜ਼ਾ ਜੰਗ ਨੂੰ ਛੇਤੀ ਤੋਂ ਛੇਤੀ ਖ਼ਤਮ ਕਰਨਾ ਚਾਹੁੰਦਾ ਹੈ। ਸਾਲ ਦੀ ਆਪਣੀ ਪਹਿਲੀ ਪ੍ਰੈੱਸ ਕਾਨਫ਼ਰੰਸ ਵਿਚ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਸਮ ਖਾਧੀ ਸੀ ਕਿ ਵਰਤਮਾਨ ਜੰਗ ਦੇ ਖ਼ਾਤਮੇ ਤੱਕ, ਪੂਰੀ ਗਾਜ਼ਾ ਪੱਟੀ ਇਜ਼ਰਾਈਲੀ ਸੁਰੱਖਿਆ ਅਧੀਨ ਹੋਏਗੀ। ਦਿਲਚਸਪ ਗੱਲ ਇਹ ਹੈ ਕਿ ਦੱਖਣੀ ਗਾਜ਼ਾ ਖੇਤਰ ਵਿਚ ਫਿਲਸਤੀਨੀ ਹਾਲ ਹੀ ਵਿਚ ਹਮਾਸ ਦੇ ਵਿਰੋਧ ਵਿਚ ਸੜਕਾਂ ’ਤੇ ਉਤਰੇ ਹਨ। ਗਾਜ਼ਾ ਵਿਚਲੇ ਫਿਲਸਤੀਨੀ ਪ੍ਰਦਰਸ਼ਨਕਾਰੀਆਂ ਨੂੰ ਸੋਸ਼ਲ ਮੀਡੀਆ ’ਤੇ ਪੋਸਟ ਕੀਤੇ ਗਏ ਵੀਡੀਓ ਵਿਚ ਜੰਗ ਨੂੰ ਖ਼ਤਮ ਕਰਨ ਅਤੇ ਗਾਜ਼ਾ ਤੋਂ ਹਥਿਆਰ ਦੇ ਭੰਡਾਰ ਨੂੰ ਹਟਾਉਣ ਦਾ ਸੱਦਾ ਦਿੰਦੇ ਹੋਏ ਦੇਖਿਆ ਗਿਆ। ਉਨ੍ਹਾਂ ਨੇ ਨਾਅਰੇ ਲਗਾਏ “ਬਾਹਰ! ਬਾਹਰ! ਬਾਹਰ! ਪੂਰਾ ਹਮਾਸ, ਬਾਹਰ!” ਪਿਛਲੇ ਦਿਨੀਂ ਇਜ਼ਰਾਈਲੀ ਹਮਲੇ ਵਿਚ ਹਮਾਸ ਦੇ ਹਥਿਆਰਬੰਦ ਵਿੰਗ ਦੇ ਮੁਖੀ ਮੁਹੰਮਦ ਸਿਨਵਾਰ ਦੀ ਮੌਤ ਤੋਂ ਬਾਅਦ ਗਾਜ਼ਾ ਜੰਗ ਦੇ ਲੰਮੇ ਸਮੇਂ ਤੱਕ ਚੱਲਣ ਦੀ ਸੰਭਾਵਨਾ ਨਹੀਂ ਹੈ।

# ਮਨੁੱਖੀ ਹੋਂਦ ਲਈ ਲਾਜ਼ਮੀ ਹੈ 'ਨੀਲੇ ਫੇਫੜਿਆਂ' ਨੂੰ ਬਚਾਉਣਾ

ਸੰਯੁਕਤ ਰਾਸ਼ਟਰ ਸੰਘ ਵੱਲੋਂ ਹਰ ਸਾਲ ਮਹਾਂਸਾਗਰਾਂ ਅਤੇ ਇਨ੍ਹਾਂ ਦੇ ਵਾਤਾਵਰਨ ਦੀ ਮਹੱਤਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ 'ਵਿਸ਼ਵ ਮਹਾਂਸਾਗਰ ਦਿਵਸ' 8 ਜੂਨ ਨੂੰ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੰਤਵ ਸਮੁੰਦਰੀ ਸਾਧਨਾਂ ਦੀ ਸਾਂਭ ਸੰਭਾਲ ਉੱਤੇ ਜ਼ੋਰ ਦੇਣਾ ਹੁੰਦਾ ਹੈ। ਸਾਲ 2025 ਦੇ ਇਸ ਦਿਵਸ ਨੂੰ ਮਨਾਉਣ ਦਾ ਵਿਸ਼ਾ ਰੱਖਿਆ ਗਿਆ ਹੈ 'ਬਚਾਈਏ ਉਨ੍ਹਾਂ ਅਜੂਬਿਆਂ (ਮਹਾਂਸਾਗਰਾਂ) ਨੂੰ, ਜੋ ਕਰਦੇ ਨੇ ਸਾਡਾ ਪਾਲਣ ਪੋਸ਼ਣ'। ਸਾਲ 2025 ਦੀ ਸੰਯੁਕਤ ਰਾਸ਼ਟਰ ਦੀ 'ਵਿਸ਼ਵ ਮਹਾਂਸਾਗਰ ਕਾਨਫਰੰਸ' ਫਰਾਂਸ ਦੇ ਸ਼ਹਿਰ ਨਿਸ (©935) ਵਿਚ 9 ਤੋਂ 13 ਜੂਨ ਦੇ ਦਰਮਿਆਨ ਹੋਣ ਜਾ ਰਹੀ ਹੈ। ਇਸ ਦਿਨ ਨੂੰ ਕੌਮਾਂਤਰੀ ਪੱਧਰ 'ਤੇ ਮਨਾਉਣ ਦਾ ਅਹਿਦ ਸਭ ਤੋਂ ਪਹਿਲਾਂ ਸਾਲ 1992 ਵਿਚ ਰੀਓ ਡੀ ਜਨੇਰੀਓ ਵਿਚ 'ਧਰਤ ਸਿਖਰ ਸੰਮੇਲਨ' ਦੌਰਾਨ ਲਿਆ ਗਿਆ ਸੀ, ਭਾਵੇਂ ਕਿ ਇਸ ਦਿਵਸ ਨੂੰ ਮਨਾਉਣ ਦੀ ਰਸਮੀ ਸ਼ੁਰੂਆਤ ਸਾਲ 2008 ਵਿਚ ਸੰਯੁਕਤ ਰਾਸ਼ਟਰ ਸੰਘ ਵਲੋਂ ਮਾਨਤਾ ਦੇਣ ਤੋਂ ਬਾਅਦ ਹੋਈ ਸੀ। ਸਮੁੱਚੇ ਭਾਰਤ ਵਿਚ ਖ਼ਾਸ ਕਰਕੇ ਸਮੁੰਦਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸਮੁੰਦਰਾਂ ਤੋਂ ਚਲਦੀਆਂ ਮੌਨਸੂਨ ਪੌਣਾਂ ਇਸ ਖ਼ਿੱਤੇ ਦੀ ਖੇਤੀਬਾੜੀ, ਉਦਯੋਗ ਅਤੇ ਅਰਥਚਾਰੇ ਨੂੰ ਵੱਡਾ ਹੁਲਾਰਾ ਦੇਣ ਦੇ ਨਾਲ ਨਾਲ ਇੱਥੋਂ ਦੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਬਰਕਰਾਰ ਰੱਖਣ ਵਿਚ ਬੇਹੱਦ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਭਾਰਤੀ ਉਪਮਹਾਂਦੀਪ ਦੇ ਵੱਡੇ ਖ਼ਿੱਤੇ ਦੀਆਂ ਰੁੱਤਾਂ ਦੇ ਚੱਕਰ ਨੂੰ ਬਣਾਈ ਰੱਖਣ ਵਿਚ ਵੀ ਮਹਾਂਸਾਗਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਮਹਾਂਸਾਗਰਾਂ ਵਿਚ ਬਨਸਪਤੀਆਂ ਅਤੇ ਜੀਵ-ਜੰਤੂਆਂ ਦੀਆਂ ਤਕਰੀਬਨ ਦਸ ਲੱਖ ਪ੍ਰਜਾਤੀਆਂ ਦੇ ਕਰੋੜਾਂ ਜੀਵ ਨਿਵਾਸ ਕਰਦੇ ਹਨ। ਸਮੁੰਦਰ ਇਨ੍ਹਾਂ ਜੀਵ-ਜੰਤੂਆਂ ਦੇ ਕੁਦਰਤੀ ਨਿਵਾਸ ਸਥਾਨ ਹਨ ਜਿੱਥੇ ਇਹ ਜੀਵ ਆਪਣੇ ਜੀਵਨ ਦੀਆਂ ਸਾਰੀਆਂ ਕੁਦਰਤੀ ਗਤੀਵਿਧੀਆਂ ਨੂੰ ਨੇਪਰੇ ਚੜ੍ਹਾਉਂਦੇ ਹਨ।



ਜ਼ਿਕਰਯੋਗ ਹੈ ਕਿ ਮਹਾਂਸਾਗਰ ਅਜਿਹੀਆਂ ਵਿਸ਼ਾਲ ਜਲ ਪ੍ਰਣਾਲੀਆਂ ਦੇ ਸਮੂਹ ਹਨ ਜੋ ਕਿ ਧਰਤੀ ਦੀ 70 ਫ਼ੀਸਦ ਜਗ੍ਹਾ ਨੂੰ ਘੇਰਦੇ ਹਨ। ਪ੍ਰਿਥਵੀ ਗ੍ਰਹਿ ਦੇ ਸਮੂਹ ਜੀਵਾਂ ਦੇ ਸਾਹ ਲੈਣ ਲਈ ਲੋੜੀਂਦੀ ਆਕਸੀਜਨ ਦਾ 50 ਫ਼ੀਸਦ ਹਿੱਸਾ ਸਮੁੰਦਰਾਂ ਤੋਂ ਹੀ ਆਉਂਦਾ ਹੈ ਅਤੇ ਇਨ੍ਹਾਂ ਜੀਵਾਂ ਵੱਲੋਂ ਸਾਹ ਦੌਰਾਨ ਪੈਦਾ ਕੀਤੀ ਗਈ ਕਾਰਬਨ ਡਾਈਆਕਸਾਈਡ ਦਾ 30 ਫ਼ੀਸਦ ਹਿੱਸਾ ਵੀ ਸਮੁੰਦਰ ਵੱਲੋਂ ਹੀ ਸੋਖ ਕੇ ਸਾਡੇ ਚੁਗਿਰਦੇ ਨੂੰ ਸਾਫ਼ ਸੁਥਰਾ ਬਣਾਇਆ ਜਾਂਦਾ ਹੈ। ਇਸ ਲਈ ਇਨ੍ਹਾਂ ਨੂੰ ਧਰਤੀ ਦੇ 'ਕੁਦਰਤੀ ਫੇਫੜੇ' ਜਾਂ 'ਨੀਲੇ ਫੇਫੜੇ' ਵੀ ਆਖਿਆ ਜਾਂਦਾ ਹੈ। ਮਹਾਂਸਾਗਰਾਂ ਦੁਆਰਾ ਵਾਤਾਵਰਨ ਦੀ ਸ਼ੁੱਧਤਾ ਲਈ ਕੀਤੇ ਮਹੱਤਵਪੂਰਨ ਕੰਮਾਂ ਨੂੰ ਵੇਖਦਿਆਂ ਹੋਇਆਂ ਇਨ੍ਹਾਂ ਨੂੰ ਸੁਰੱਖਿਅਤ ਬਚਾਅ ਕੇ ਰੱਖਣਾ ਮਨੁੱਖ ਦਾ ਮੁੱਢਲਾ ਫ਼ਰਜ਼ ਬਣ ਜਾਂਦਾ ਹੈ। ਸਮੁੰਦਰਾਂ ਦੇ ਉਕਤ ਫ਼ਾਇਦਿਆਂ ਤੋਂ ਇਲਾਵਾ ਇਹ ਭੋਜਨ, ਦਵਾਈਆਂ, ਖਣਿਜ ਤੇਲਾਂ ਅਤੇ ਗੈਸਾਂ ਦੇ ਭਰਪੂਰ ਭੰਡਾਰ ਵੀ ਹਨ। ਇਨ੍ਹਾਂ ਦੀ ਵੱਡੇ ਪੱਧਰ 'ਤੇ ਹੁੰਦੀ ਦੁਰਵਰਤੋਂ ਸਦਕਾ ਸਮੁੰਦਰਾਂ ਦਾ ਸਮੁੱਚਾ ਜਨ ਜੀਵਨ ਅਤੇ ਵਾਤਾਵਰਨ ਵਿਗੜ ਰਿਹਾ ਹੈ ਜਿਸ ਨਾਲ ਇਨ੍ਹਾਂ ਵਿਚ ਰਹਿੰਦੇ ਜੀਵਾਂ ਦੀਆਂ ਅਨੇਕਾਂ ਪ੍ਰਜਾਤੀਆਂ ਲੁਪਤ ਹੋ ਗਈਆਂ ਹਨ ਅਤੇ ਕਈ ਹੋਰਾਂ ਦੇ ਆਲੋਪ ਹੋਣ ਦਾ ਖ਼ਤਰਾ ਬਣਿਆ ਹੋਇਆ ਹੈ।

ਸਮੁੰਦਰਾਂ ਦਾ ਪਾਣੀ ਸੂਰਜ ਦੀ ਗਰਮੀ ਨੂੰ ਆਪਣੇ ਅੰਦਰ ਸੋਖ ਕੇ ਆਲਮੀ ਤਪਸ਼ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ। ਸਮੁੰਦਰ ਗਰਮੀਆਂ ਵਿਚ ਧਰਤੀ ਦੀ ਗਰਮੀ ਨੂੰ ਸੋਖ ਕੇ ਠੰਢਕ ਪੈਦਾ ਕਰਦੇ ਹਨ ਅਤੇ ਸਰਦੀਆਂ ਵਿਚ ਧਰਤੀ ਨੂੰ ਗਰਮਾਹਟ ਦੇ ਕੇ ਉਸਦੇ ਵਾਤਾਵਰਨ ਨੂੰ ਨਿੱਘਾ ਕਰਦੇ ਹਨ। ਇਸ ਤਰ੍ਹਾਂ ਇਹ 'ਗਰਮੀਆਂ ਵਿੱਚ ਕੂਲਰ ਅਤੇ ਸਰਦੀਆਂ ਵਿਚ ਹੀਟਰ' ਦਾ ਕੰਮ ਕਰਦੇ ਹਨ। ਸਾਗਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਇਸ ਲਈ ਵੀ ਜ਼ਰੂਰੀ ਹੋ ਗਿਆ ਹੈ ਕਿਉਂਕਿ

**ਅਸ਼ਵਨੀ ਚਤਰਥ**

ਪਿਛਲੇ ਸਾਲਾਂ ਵਿਚ ਸਮੁੰਦਰਾਂ ਵਿਚ ਕੂੜਾ ਸੁੱਟਣ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਖ਼ਾਸ ਕਰਕੇ ਪਲਾਸਟਿਕ ਦਾ ਬੇਹਿਸਾਬ ਕੂੜਾ ਜਿਸ ਕਦਰ ਸਮੁੰਦਰਾਂ ਵਿਚ ਸੁੱਟਿਆ ਜਾ ਰਿਹਾ ਹੈ, ਉਸ ਨਾਲ ਇਨ੍ਹਾਂ ਵਿਚਲੇ 90 ਫ਼ੀਸਦੀ ਜੀਵਾਂ ਦੀਆਂ ਪ੍ਰਜਾਤੀਆਂ ਦੀ ਵਸੋਂ ਤੇਜ਼ੀ ਨਾਲ ਘਟੀ ਹੈ। ਇਕ ਅੰਦਾਜ਼ੇ ਮੁਤਾਬਿਕ ਹਰ ਸਾਲ 80 ਲੱਖ ਟਨ ਪਲਾਸਟਿਕ ਦਾ ਕੂੜਾ ਸਮੁੰਦਰਾਂ ਵਿਚ ਬੜੀ ਹੀ ਬੇਰਹਿਮੀ ਨਾਲ ਸੁੱਟ ਦਿੱਤਾ ਜਾਂਦਾ ਹੈ। ਸਮੁੰਦਰਾਂ ਵਿਚ ਪਲਾਸਟਿਕ ਦੀ ਮਾਤਰਾ ਸਾਲ ਦਰ ਸਾਲ ਵਧੀ ਜਾ ਰਹੀ ਹੈ। ਯੂਰਪੀ ਪਾਰਲੀਮੈਂਟ ਨੇ ਇਸ ਵਿਸ਼ੇ ਉੱਤੇ ਚਿੰਤਾ ਜਿਤਾਉਂਦਿਆਂ ਕਿਹਾ ਹੈ ਕਿ ਸਾਗਰਾਂ ਵਿਚ 15 ਕਰੋੜ ਟਨ ਪਲਾਸਟਿਕ ਹੁਣ ਤੱਕ ਸੁੱਟਿਆ ਜਾ ਚੁੱਕਾ ਹੈ ਅਤੇ ਹਰ ਸਾਲ ਇਸ ਦੇ ਹੋਰ ਸੁੱਟੇ ਜਾਣ ਦੀ ਪ੍ਰਕਿਰਿਆ ਨਿਰਵਿਘਨ ਜਾਰੀ ਹੈ। ਸਿੱਟੇ ਵਜੋਂ ਪਲਾਸਟਿਕ ਦੇ ਮਹੀਨ ਕਣ ਸਮੂਹ ਜੀਵਾਂ ਦੇ ਭੋਜਨ ਚੱਕਰ ਵਿਚ ਪਾਏ ਜਾ ਰਹੇ ਹਨ। ਇਸ ਤੋਂ ਇਲਾਵਾ ਸਮੁੰਦਰਾਂ 'ਚ ਸੁੱਟਿਆ ਜਾ ਰਿਹਾ ਸ਼ਹਿਰੀ ਕਚਰਾ ਅਤੇ ਜਹਾਜ਼ਾਂ ਵਿਚੋਂ ਡਿਗ ਰਿਹਾ ਤੇਲ ਇਨ੍ਹਾਂ ਦੇ ਪਾਣੀਆਂ ਨੂੰ ਵੱਡੇ ਪੱਧਰ 'ਤੇ ਮਲੀਨ ਕਰ ਰਿਹਾ ਹੈ।

**ਸਮੁੰਦਰਾਂ ਦੇ ਪ੍ਰਦੂਸ਼ਿਤ ਹੋਣ ਦੇ ਮਿਲੇ ਪੱਕੇ ਸਬੂਤ :** ਸਮੁੰਦਰਾਂ ਨੂੰ ਪ੍ਰਦੂਸ਼ਿਤ ਕੀਤੇ ਜਾਣ ਦਾ ਪਤਾ ਇਨ੍ਹਾਂ ਵਿਚ ਨਿਵਾਸ ਕਰਦੇ ਮੂੰਗਾ ਜੀਵਾਂ ਦੀ ਘਟਦੀ ਜਨਸੰਖਿਆ ਅਤੇ ਇਨ੍ਹਾਂ ਦੇ ਬਦਲਦੇ ਰੰਗਾਂ ਤੋਂ ਲੱਗ ਜਾਂਦਾ ਹੈ। ਮੂੰਗਾ ਜੀਵ ਸਮੁੰਦਰਾਂ 'ਚ ਮਿਲਣ ਵਾਲੇ ਕੈਲਸ਼ੀਅਮ ਤੋਂ ਬਣੇ ਨਿੱਕੇ ਨਿੱਕੇ ਅਤੇ ਰੰਗਦਾਰ ਜੀਵਾਂ ਦੇ ਸਮੂਹ ਹੁੰਦੇ ਹਨ। ਵਿਗਿਆਨੀਆਂ ਅਨੁਸਾਰ ਸਾਗਰਾਂ ਵਿਚ 10 ਤੋਂ 30 ਫ਼ੀਸਦੀ ਤੇਜ਼ਾਬੀ ਵਸਤਾਂ ਫੈਲਾਏ ਜਾਣ ਨਾਲ 50 ਫ਼ੀਸਦੀ ਮੂੰਗਾਂ ਜੀਵ ਮਰ ਜਾਂਦੇ ਹਨ। ਮੂੰਗਾ ਜੀਵਾਂ ਦਾ ਸੁਮੰਦਰਾਂ ਦੇ ਬਾਕੀ ਪ੍ਰਾਣੀਆਂ ਦੇ ਸਾਂਭ ਸੰਭਾਲ ਵਿਚ ਵੱਡਾ ਯੋਗਦਾਨ ਹੁੰਦਾ ਹੈ। ਮੂੰਗਾ ਜੀਵਾਂ ਦੇ ਵੰਨ ਸੁਵੰਨੇ ਰੰਗ ਇਨ੍ਹਾਂ ਵਿਚ ਰਹਿੰਦੀਆਂ ਰੰਗ ਬਰੰਗੀਆਂ 'ਜ਼ੂਜ਼ੈਂਥਲੀ' ਨਾਂਅ ਦੀਆਂ ਕਾਈਆਂ ਕਰਕੇ ਹੁੰਦੇ ਹਨ। ਹੁਣ ਪਿਛਲੇ ਸਾਲਾਂ ਵਿਚ ਮੂੰਗਾ ਪ੍ਰਾਣੀਆਂ ਦੇ ਬਦਰੰਗ ਹੋਣ ਦੀਆਂ ਘਟਨਾਵਾਂ ਤੇਜ਼ੀ ਨਾਲ ਵਧਣੀਆਂ ਸ਼ੁਰੂ ਹੋ ਗਈਆਂ ਹਨ ਜੋ ਕਿ ਵਧ ਰਹੇ ਪ੍ਰਦੂਸ਼ਣ ਦਾ ਸੰਕੇਤ ਦਿੰਦੀਆਂ ਹਨ। ਮੂੰਗਿਆਂ ਦੇ ਬਦਰੰਗ ਹੋਣ ਲਈ ਦੋ ਵਾਤਾਵਰਨੀ ਤਬਦੀਲੀਆਂ ਜ਼ਿੰਮੇਵਾਰ ਹਨ। ਪਹਿਲੀ ਤਬਦੀਲੀ ਹੈ ਕਿ ਮਨੁੱਖੀ ਜੀਵਨ ਕਿਰਿਆਵਾਂ ਦੁਆਰਾ ਵਾਤਾਵਰਨ ਵਿਚ ਵੱਧ ਮਾਤਰਾ ਵਿਚ ਛੱਡੀ ਹੋਈ ਕਾਰਬਨ ਡਾਈਆਕਸਾਈਡ ਸਮੁੰਦਰੀ ਪਾਣੀ ਨੂੰ ਤੇਜ਼ਾਬੀ ਬਣਾ ਰਹੀ ਹੈ ਅਤੇ ਦੂਜੀ ਚਿੰਤਾਯੋਗ ਤਬਦੀਲੀ ਹੈ ਵਾਤਾਵਰਨੀ ਤਾਪਮਾਨ ਦਾ ਲਗਾਤਾਰ ਵਧਣਾ। ਇਨ੍ਹਾਂ ਦੋ ਤਬਦੀਲੀਆਂ ਕਰਕੇ ਰੰਗਦਾਰ ਕਾਈਆਂ ਮੂੰਗਾ ਜੀਵਾਂ ਤੋਂ ਵੱਖ ਹੋ ਜਾਂਦੀਆਂ ਹਨ, ਜਿਸ ਕਰਕੇ ਕਾਈਆਂ ਅਤੇ ਮੂੰਗਿਆਂ ਦੋਵਾਂ ਦਾ ਜੀਵਨ ਖ਼ਤਰੇ ਵਿਚ ਪੈ ਜਾਂਦਾ ਹੈ। ਕਾਈਆਂ ਦੇ ਮੂੰਗਿਆਂ ਤੋਂ ਵੱਖ ਹੋਣ ਦੀ ਪ੍ਰਕਿਰਿਆ ਨੂੰ ਵਿਗਿਆਨਕ ਭਾਸ਼ਾ ਵਿਚ 'ਕੋਰਲ ਬਲੀਚਿੰਗ' ਭਾਵ ਮੂੰਗਿਆਂ ਦਾ ਰੰਗ ਉੱਡ ਜਾਣਾ ਕਿਹਾ ਜਾਂਦਾ ਹੈ। ਬੀਤੇ ਵਰ੍ ?ਆਂ ਵਿਚ ਵਿਗਿਆਨੀਆਂ ਨੇ ਮੂੰਗਿਆਂ ਦੇ ਰੰਗ ਉੱਡਣ ਦੀਆਂ ਅਨੇਕਾਂ ਘਟਨਾਵਾਂ ਸਮੁੰਦਰਾਂ ਦੇ ਵੱਖ ਵੱਖ ਖਿੱਤਿਆਂ ਵਿਚ ਵੇਖੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਮੂੰਗਾ ਜੀਵਾਂ ਦੇ ਬਦਰੰਗ ਹੋਣ ਨਾਲ ਸਮੁੰਦਰੀ ਵਾਤਾਵਰਨ ਵਿਗੜੇਗਾ ਜਿਸ ਕਰਕੇ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਨੂੰ ਸਮੁੰਦਰ ਵਿਚ ਰਹਿਣ ਲਈ ਢੁੱਕਵੀਂ ਥਾਂ ਨਹੀਂ ਮਿਲੇਗੀ। ਅਜਿਹਾ ਹੋਣ ਨਾਲ ਜਿੱਥੇ ਇਕ ਪਾਸੇ ਮੱਛੀਆਂ ਦਾ ਉਤਪਾਦਨ ਘਟੇਗਾ ਉਥੇ ਹੀ ਸਮੁੰਦਰੀ ਤੂਫ਼ਾਨਾਂ ਕਰਕੇ ਸਮੁੰਦਰੀ ਕੰਢਿਆਂ ਤੇ ਵਸੇ ਸ਼ਹਿਰਾਂ ਦਾ ਵੱਡਾ ਨੁਕਸਾਨ ਹੋਵੇਗਾ, ਅਨੇਕਾਂ ਸਮੁੰਦਰੀ ਜੀਵਾਂ ਦੀਆਂ ਪ੍ਰਜਾਤੀਆਂ ਅਲੋਪ ਹੋ ਜਾਣਗੀਆਂ ਤੇ ਸਮੁੰਦਰੀ ਕੰਮਾਂ ਕਾਰਾਂ ਨਾਲ ਜੁੜੇ ਲੋਕਾਂ ਵਿਚ ਬੇਰੁਜ਼ਗਾਰੀ ਪਸਰੇਗੀ। ਇਸਦੇ ਨਾਲ ਹੀ ਸਮੁੰਦਰੀ ਤੂਫ਼ਾਨਾਂ ਨੂੰ ਰੋਕਣ ਦੇ ਯਤਨਾਂ 'ਤੇ ਅਰਬਾਂ ਰੁਪਏ ਖ਼ਰਚ ਹੋਣਗੇ। ਸਮੁੰਦਰੀ ਕਾਈਆਂ ਖ਼ਤਮ ਹੋਣ ਨਾਲ ਵਾਤਾਵਰਨ ਵਿਚ ਆਕਸੀਜਨ ਦੀ ਮਾਤਰਾ 'ਚ ਵੱਡੀ ਕਮੀ ਆਏਗੀ ਜੋ ਸਮੂਹ ਪ੍ਰਾਣੀਆਂ ਲਈ ਵੱਡੀ ਪ੍ਰੇਸ਼ਾਨੀ ਦਾ ਸਬੱਬ ਬਣੇਗੀ। ਇਹ ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਇਕ ਪਾਸੇ ਜਿੱਥੇ ਇਕ ਚੌਥਾਈ ਸਮੁੰਦਰੀ ਜੀਵਾਂ ਨੂੰ ਰਹਿਣ ਲਈ ਥਾਂ ਨਹੀਂ ਮਿਲੇਗੀ ਉੱਥੇ ਹੀ ਦੂਜੇ ਪਾਸੇ ਮੱਛੀ ਉਦਯੋਗ ਨਾਲ ਜੁੜੇ ਲੋਕਾਂ ਲਈ ਰੋਜ਼ੀ ਰੋਟੀ ਜੁਟਾਉਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ।

# ਬਾਰਿਸ਼ ਦਾ ਸਾਹਮਣਾ ਕਰਨ ਲਈ ਦੂਰਦਰਸ਼ੀ ਯੋਜਨਾ ਬਣਾਉਣ ਦੀ ਲੋੜ



ਭਾਰਤ 'ਚ ਸਾਲਾਨਾ ਬਾਰਿਸ਼ ਦਾ 80 ਫੀਸਦੀ ਹਿੱਸਾ ਮਾਨਸੂਨ ਰੁੱਤ ਦੇ ਦੌਰਾਨ ਪ੍ਰਾਪਤ ਹੁੰਦਾ ਹੈ ਜੋ ਆਮ ਤੌਰ 'ਤੇ ਜੂਨ ਤੋਂ ਸ਼ੁਰੂ ਹੋ ਕੇ ਸਤੰਬਰ ਤੱਕ ਜਾਰੀ ਰਹਿੰਦੀ ਹੈ। ਮਾਨਸੂਨ ਖੇਤੀ ਅਤੇ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਲਈ ਮਹੱਤਵਪੂਰਨ ਹੈ। ਦੇਸ਼ ਦੇ ਉਨ੍ਹਾਂ ਹਿੱਸਿਆਂ 'ਚ ਜਿੱਥੇ ਉਚਿਤ ਸਿੰਚਾਈ ਚੈਨਲ ਨਹੀਂ ਹਨ ਉਹ ਮੌਸਮੀ ਬਾਰਿਸ਼ 'ਤੇ ਨਿਰਭਰ ਹਨ।

ਜਿੱਥੇ ਇਕ ਪਾਸੇ ਆਸਾਮ 'ਚ ਹੜ੍ਹਾਂ ਦੀ ਸਥਿਤੀ 'ਚ ਸੁਧਾਰ ਹੋ ਰਿਹਾ ਹੈ ਉੱਥੇ ਹੀ ਉੱਤਰ 'ਚ ਦਿੱਲੀ ਤੋਂ ਲੈ ਕੇ ਦੱਖਣ 'ਚ ਬੈਂਗਲੁਰੂ ਤੱਕ, ਭਾਰਤ ਦੇ ਸਭ ਤੋਂ ਵੱਡੇ ਸ਼ਹਿਰ ਹਰ ਮਾਨਸੂਨ ਦੇ ਮੌਸਮ 'ਚ ਹੜ੍ਹਾਂ ਦੀ ਲਪੇਟ 'ਚ ਆ ਜਾਂਦੇ ਹਨ। ਸੜਕਾਂ ਟੁੱਟ ਜਾਂਦੀਆਂ ਹਨ, ਨਾਲੀਆਂ ਓਵਰਫਲੋਅ ਹੋ ਜਾਂਦੀਆਂ ਹਨ, ਬੁਨਿਆਦੀ ਢਾਂਚਾ ਚਰਮਰਾ ਜਾਂਦਾ ਹੈ ਅਤੇ ਆਵਾਜਾਈ ਠੱਪ ਹੋ ਜਾਂਦੀ ਹੈ।

ਮਾਹਿਰ ਇਸ ਸਮੱਸਿਆ ਦੇ ਮੂਲ ਕਾਰਨਾਂ ਵਜੋਂ ਤੇਜ਼ੀ ਨਾਲ ਹੋ ਰਹੇ ਗੈਰ-ਯੋਜਨਾਬੱਧ ਸ਼ਹਿਰੀਕਰਨ, ਖਰਾਬ ਬੁਨਿਆਦੀ ਢਾਂਚੇ ਅਤੇ ਸਾਲਾਂ ਤੋਂ ਚੱਲ ਰਹੀ ਵਾਤਾਵਰਣ ਦੀ ਅਣਦੇਖੀ ਨੂੰ ਦੋਸ਼ੀ ਮੰਨਦੇ ਹਨ। ਜਲਵਾਯੂ ਪਰਿਵਰਤਨ ਨੇ ਅਨਿਯਮਿਤ ਮੌਸਮ ਜਿਵੇਂ ਕਿ ਬੇਮੌਸਮੀ ਬਾਰਿਸ਼, ਅਚਾਨਕ ਹੜ੍ਹ ਅਤੇ ਬਹੁਤ ਜ਼ਿਆਦਾ ਗਰਮੀ ਨਾਲ ਜੁੜੇ ਸੋਕੇ ਆਦਿ ਨੂੰ ਇਕ ਨਿਯਮਿਤ ਘਟਨਾ ਬਣਾ ਦਿੱਤਾ ਹੈ, ਜਿਸ ਨਾਲ ਲੱਖਾਂ ਲੋਕ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਰਹੇ ਹਨ। ਬੈਂਗਲੁਰੂ 3 ਪ੍ਰਮੁੱਖ ਵਾਦੀਆਂ ਨਾਲ ਬਣਿਆ ਹੈ, ਜਿਨ੍ਹਾਂ ਵਿਚੋਂ ਹੋ ਕੇ ਪਾਣੀ ਕੁਦਰਤੀ ਤੌਰ 'ਤੇ ਵਹਿੰਦਾ ਹੈ। ਸ਼ਹਿਰ ਦੀਆਂ ਜ਼ਿਆਦਾਤਰ ਝੀਲਾਂ ਇਨ੍ਹਾਂ ਹੀ ਵਾਦੀਆਂ ਵਿਚ ਸਥਿਤ ਹਨ। ਇਨ੍ਹਾਂ ਵਾਦੀਆਂ ਨੂੰ ਮੂਲ ਤੌਰ 'ਤੇ ਨਿਰਮਾਣ-ਰਹਿਤ ਖੇਤਰ ਐਲਾਨਿਆ ਗਿਆ ਸੀ ਪਰ ਪਿਛਲੇ ਕੁਝ ਸਾਲਾਂ 'ਚ ਨਾਜਾਇਜ਼ ਕਬਜ਼ੇ ਹੋ ਗਏ ਅਤੇ ਬਾਅਦ 'ਚ ਕਾਨੂੰਨ ਵਿਚ ਬਦਲਾਅ ਦੇ ਕਾਰਨ ਇਸ ਖੇਤਰ ਵਿਚ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਨਿਰਮਾਣ ਦੀ ਇਜਾਜ਼ਤ ਮਿਲ ਗਈ।

ਜਦੋਂ ਤੁਸੀਂ ਝੀਲਾਂ ਨੂੰ ਜੋ ਰਵਾਇਤੀ ਤੌਰ 'ਤੇ ਹੜ੍ਹ ਰੁਕਾਵਟਾਂ ਦੇ ਰੂਪ 'ਚ ਕੰਮ ਕਰਦੀਆਂ ਹਨ, ਨਿਰਮਿਤ ਖੇਤਰਾਂ 'ਚ ਬਦਲ ਦਿੰਦੇ ਹੋ ਤਾਂ ਪਾਣੀ ਦੇ ਨਿਕਾਸ ਲਈ ਕੋਈ ਜਗ ?ਹਾ ਨਹੀਂ ਬਚਦੀ। ਇਸ ਲਈ, ਅੱਜ ਅਸੀਂ ਬੈਂਗਲੁਰੂ ਵਿਚ ਜੋ ਕੁਝ ਦੇਖ ਰਹੇ ਹਾਂ ਉਹ ਖਰਾਬ ਸ਼ਹਿਰੀ ਯੋਜਨਾਬੰਦੀ ਦਾ ਨਤੀਜਾ ਹੈ।

ਇਸੇ ਤਰ੍ਹਾਂ, ਮੁੰਬਈ ਦੇ ਕਈ ਹਿੱਸੇ ਹੇਠਲੇ ਇਲਾਕਿਆਂ 'ਚ ਹਨ ਅਤੇ ਸਮੁੰਦਰ ਦੇ ਨੇੜੇ ਹਨ, ਜਿਸ ਨਾਲ ਭਾਰੀ ਮੀਂਹ ਅਤੇ ਉੱਚੀਆਂ ਲਹਿਰਾਂ ਦੌਰਾਨ ਹੜ੍ਹ ਆਉਣ ਦਾ ਖ਼ਤਰਾ ਵਧੇਰੇ ਹੁੰਦਾ ਹੈ।

ਭਾਰਤ ਦੇ ਸ਼ਹਿਰਾਂ ਨੂੰ ਬਾਰਿਸ਼ ਦਾ ਸਾਹਮਣਾ ਕਰਨ ਲਈ ਸਿਰਫ ਪਾਣੀ ਕੱਢਣ ਵਾਲੇ ਪੰਪ ਅਤੇ ਤੁਰੰਤ ਹੱਲ ਤੋਂ ਵੱਧ ਦੀ ਲੋੜ ਹੈ। ਉਨ੍ਹਾਂ ਨੂੰ ਨੁਕਸਾਨ ਹੋਣ ਤੋਂ ਪਹਿਲਾਂ ਹੀ ਦੂਰਦਰਸ਼ੀ ਯੋਜਨਾ ਬਣਾਉਣ ਦੀ ਲੋੜ ਹੈ।

# ਤਰਬੂਜ ਖਾਣ ਦਾ ਆ ਗਿਆ ਹੈ ਮੌਸਮ

*''ਕੜਾਕੇ ਦੀ ਗਰਮੀ 'ਚ ਠੰਢਕ, ਤਾਜ਼ਗੀ ਮਹਿਸੂਸ ਕਰਨ ਲਈ ਹਰ ਉਮਰ ਦੇ ਵਿਅਕਤੀ ਨੂੰ ਡੇਲੀ ਤਰਬੂਜ ਫੱਲ ਦਾ ਅਨੰਦ ਲੈਣਾ ਚਾਹੀਦਾ ਹੈ। ਵਿਆਹ ਤੋਂ ਬਾਅਦ ਬੱਚੇ ਦੇ ਚਾਹਵਾਨ ਰਸੀਲਾ ਫੱਲ ਤਰਬੂਜ਼ ਦਾ ਜੂਸ ਅਤੇ ਸਲਾਦ ਦੀ ਸ਼ਕਲ 'ਚ ਟੁਕੜੇ ਗਰਮੀ ਭਰ ਖਾ ਸਕਦੇ ਹਨ। ਪਰਾਣੀ ਬਿਮਾਰੀ ਦੀ ਹਾਲਤ 'ਚ ਸੇਵਨ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲਵੋ''*




ਅਨਿਲ ਧੀਰ
ਕਾਲਮਨਿਸਟ
healthmedia1@hotmail.com

ਗਰਮ ਮੌਸਮ ਵਿੱਚ ਸਰੀਰ-ਮਨ ਨੂੰ ਠੰਡਕ ਦੇਣ ਵਾਲਾ ਲਾਲ, ਰਸੀਲਾ ਅਤੇ ਮਿੱਠਾ ਫੱਲ ਤਰਬੂਜ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ। ਛੋਟੇ ਬੱਚੇ, ਨੌਜਵਾਨ, ਮੱਧ ਉਮਰ, ਬਜ਼ੁਰਗਾਂ ਦੇ ਨਾਲ-ਨਾਲ ਪਾਲਤੂ ਪੈਟਸ ਵੀ ਬੜੇ ਚਾਅ ਨਾਲ ਖਾਣਾ ਪਸੰਦ ਕਰਦੇ ਹਨ।

ਹਰ ਹਿੱਸੇ 'ਚ ਇਸਨੂੰ ਵੱਖ-ਵੱਖ ਨਾਂ: ਹਦਵਾਣਾ, ਤਰਬੂਜ, ਮਤੀਰਾ, ਤੋਂ ਵੀ ਮਸ਼ਹੂਰ ਹੈ। ਤਰਬੂਜ ਦੇ 100 ਗ੍ਰਾਮ ਟੁਕੜੇ ਤੋਂ : ਅਨਰਜੀ-127 ਕੇਜੀ(30ਕੇਸੀਐਲ), ਕਾਰਬੋਹਾਈਡ੍ਰੇਟ-7.55 ਗ੍ਰਾਮ, ਸ਼ੂਗਰ-6.2 ਗ੍ਰਾਮ, ਫਾਈਬਰ-0.4 ਗ੍ਰਾਮ, ਚਰਬੀ-0.15 ਗ੍ਰਾਮ, ਪ੍ਰੋਟੀਨ-0.61 ਗ੍ਰਾਮ 'ਤੇ ਵਿਟਾਮਿਨ ਮਾਤਰਾ- % ਡੀ.ਵੀ: ਵਿਟਾਮਿਨ-ਏ ਸਮਤੋਲ, ਬੀਟਾ-ਕੈਰੋਟੀਨ-3%, 28 ਯੂਜੀ, ਥਿਆਮੀਨ-3%, ਰਿਬੋਫਲੇਵਿਨ- ਬੀ2-2%, ਨਿਆਸੀਨ ਬੀ 3-1%, ਪੈਂਟੋਥੈਨਿਕ ਐਸਿਡ ਬੀ5-4%, ਵਿਟਾਮਿਨ ਬੀ6-3%, ਚੋਲੀਨ-1%, ਵਿਟਾਮਿਨ ਸੀ-9%, ਖਣਿਜ, ਮਾਤਰਾ, ਕੈਲਸ਼ੀਅਮ-1%, ਲੋਹਾ-1%, ਮੈਗਸ਼ੀਅਮ-2%, ਮੈਂਗਨੀਜ਼-2%, ਫਾਸਫੋਰਸ-1%, ਪੋਟਾਸ਼ੀਅਮ-4%, ਸੋਡੀਅਮ-0%, ਜ਼ਿੰਕ-1%, ਪਾਣੀ-91.5%, ਅਤੇ ਲਾਈਕੋਪੀਨ-4532 ਯੂਜੀ ਵਗੈਰਾ ਪੋਸ਼ਟਿਕ ਤੱਤ ਮਿਲ ਜਾਂਦੇ ਹਨ।



ਮੌਸਮ ਦੇ ਮੁਤਾਬਿਕ ਹੈਲਦੀ ਰਹਿਣ ਲਈ ਸਰੀਰ ਦਾ ਹਾਈਡਰੇਟਿਡ ਰਹਿਣਾ ਜ਼ਿਆਦਾ ਮਹੱਤਵਪੂਰਨ ਹੈ। ਸਰੀਰ ਦੇ ਤਾਪਮਾਨ ਦਾ ਨਿਯਮ, ਅੰਗਾਂ ਦਾ ਆਮ ਕੰਮ, ਸੈੱਲਾਂ ਨੂੰ ਪੋਸ਼ਟਿਕ ਤੱਤਾਂ ਦੀ ਸਪੁਰਦਗੀ ਅਤੇ ਸੁਚੇਤਤਾ ਕੇਵਲ ਕੁੱਝ ਸਰੀਰਕ ਪ੍ਰਕਿਰਿਆਵਾਂ ਹਨ ਜੋ ਭਰੋਸੇਯੋਗ ਸਾਧਨ ਦੀ ਲੋੜੀਂਦੀ ਹਾਈਡਰੇਸ਼ਨ 'ਤੇ ਨਿਰਭਰ ਕਰਦੀਆਂ ਹਨ। ਉੱਚ ਪਾਣੀ ਦੀ ਸਮੱਗਰੀ ਵਾਲੇ ਭੋਜਨ ਖਾਣ ਨਾਲ ਤੁਹਾਡੇ ਸਰੀ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਲੋੜੀਂਦਾ ਪਾਣੀ ਦੇਣ 'ਚ ਮਦਦ ਮਿਲ ਸਕਦੀ ਹੈ। ਕਿਉਂਕਿ ਤਰਬੂਜ਼ ਜ਼ਿਆਦਾਤਰ ਪਾਣੀ ਭਰੋਸੇਮੰਦ ਸਾਧਨ ਹੈ, ਇਹ ਰੋਜ਼ਾਨਾਂ ਪਾਣੀ ਦੇ ਸੇਵਨ ਲਈ ਇੱਕ ਵਧੀਆ ਵਿਕਲਪ ਵੱਜੋਂ ਕੰਮ ਕਰ ਸਕਦਾ ਹੈ। ਪਾਣੀ ਦੀ ਸਮੱਗਰੀ ਦਾ ਇਹ ਮਤਲਬ ਹੈ ਕਿ ਇਸ ਤਰਬੂਜ਼ 'ਚ ਘੱਟ ਕੈਲੋਰੀ ਘਣਤਾ ਹੈ ਦੂਜੇ ਸ਼ਬਦਾਂ 'ਚ ਇਸ ਦੇ ਕੁੱਲ ਭਾਰ ਲਈ ਬਹੁਤ ਘੱਟ ਕੈਲੋਰੀਆਂ ਹਨ। ਤਰਬੂਜ਼ ਵਰਗੇ ਘੱਟ ਕੈਲੋਰੀ ਘਣਤਾ ਵਾਲੇ ਭੋਜਨ ਖਾਣ ਨਾਲ ਤੁਹਾਨੂੰ ਜ਼ਿਆਦਾ ਦੇਰ ਤੱਕ ਭਰਿਆ ਮਹਿਸੂਸ ਕਰਦੇ ਹੋਏ ਭਾਰ ਪ੍ਰਬੰਧਨ 'ਚ ਹੈਲਪ ਮਿਲ ਸਕਦੀ ਹੈ।

**ਗੁਣਾਂ ਦੀ ਖਾਣ ਹੈ ਤਰਬੂਜ਼:**

• ਤਰਬੂਜ਼ ਅੰਦਰ ਮੌਜੂਦ ਸਿਰੂਟੀਨ 'ਤੇ ਇੱਕ ਅਮੀਨੋ ਐਸਿਡ ਜੋ ਵਰਕ-ਆਊਟ ਪ੍ਰਾਪਤ ਕਰਨ 'ਚ ਮਦਦ ਕਰ ਸਕਦਾ ਹੈ। ਐਮੀਨੋ-ਐਸਿਡ ਸਰੀਰ ਅੰਦਰ ਨਾਈਟ੍ਰਿਕ ਆਕਸਾਈਡ ਦੇ ਪੱਧਰ ਨੂੰ ਵਧਾ ਸਕਦਾ ਹੈ ਅਤੇ ਬਲੱਡ-ਪ੍ਰੈਸ਼ਰ ਘੱਟ ਕਰਨ ਲਈ ਖੂਨ ਦੀਆਂ ਨਾੜੀਆਂ ਨੂੰ ਫੈਲਾਉਣ 'ਚ ਮਦਦ ਕਰਦਾ ਹੈ।

• ਤੰਦਰੁਸਤ ਸਰੀਰ 'ਤੇ ਮਨ ਲਈ ਵਿਟਾਮਿਨ-ਸੀ, ਕੈਰੋਟੀਨੋਇਡਜ਼, ਲਾਈਕੋਪੀਨ, ਅਤੇ ਕੁਕਰਵਿਟਾਸਿਨ-ਈ ਸਮੇਤ ਐਂਟੀਆਕਸੀਡੈਂਟ, ਦਾ ਮਿਸ਼ਰਨ ਭਰੋਸੇਮੰਦ ਸਰੋਤ ਮੁਕਤ ਰੈਡੀਕਲਜ਼ ਦਾ ਮੁਕਾਬਲਾ ਕਰਨ 'ਚ ਮਦਦ ਕਰਦੇ ਹਨ, ਜੋ ਅਸਥਿਰ ਅਣੂ ਹਨ ਜੋ ਤੁਹਾਡੇ ਸੈੱਲਾਂ ਨੂੰ ਨੁਕਸਾਨ ਵੀ ਪਹੰਚਾ ਸਕਦੇ ਹਨ। ਜੇਕਰ ਉਹ ਤੁਹਾਡੇ ਸਰੀਰ ਅੰਦਰ ਇੱਕਠੇ ਹੁੰਦੇ ਹਨ। ਸਮੇਂ ਦੇ ਨਾਲ-ਨਾਲ ਇਹ ਨੁਕਸਾਨ ਸ਼ੂਗਰ, ਦਿਲ ਦੀ ਬਿਮਾਰੀ 'ਤੇ ਕੈਂਸਰ ਵਰਗੇ ਹਾਲਾਤ ਵੀ ਬਣ ਸਕਦੇ ਹਨ।

• ਲਾਈਕੋਪੀਨ ਸਰੀਰ ਅੰਦਰ ਜਾਣ ਨਾਲ ਪ੍ਰੋਸਟੇਟ ਟਰੱਸਟਡ ਸੋਰਸ ਅਤੇ ਕੋਲੋਰੈਕਟਲ ਟਰੱਸਟਡ ਸੋਰਸ ਕੈਂਸਰ ਦਾ ਖਤਰਾ ਕੁੱਝ ਹੱਦ ਤੱਕ ਘੱਟ ਸਕਦਾ ਹੈ।

• ਮੰਨਿਆ ਜਾ ਰਿਹਾ ਹੈ ਕਿ ਲਾਈਕੋਪੀਨ ਇਨਸੁਲਿਨ ਵਰਗੇ ਗਰੋਥ ਫੈਕਟਰ ਦੇ ਭਰੋਸੇਮੰਦ ਸਰੋਤ ਖ਼ੂਨ ਦੇ ਪੱਧਰਾਂ ਨੂੰ ਘਟਾ ਕੇ ਕੰਮ ਕਰਦੀ ਹੈ। ਇੱਕ ਹਾਰਮੋਨ ਜੋ ਸੈੱਲ ਡਿਵੀਜ਼ਨ ਨੂੰ ਉਤਸ਼ਾਹਿਤ ਕਰਦਾ ਹੈ। ਖਾਸ ਤੌਰ 'ਤੇ ਕੈਂਸਰ ਉਦੋਂ ਬਣਦਾ ਹੈ ਜਦੋਂ ਸੈੱਲ ਡਿਵੀਜ਼ਨ ਬੇਕਾਬੂ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕੁਕੁਰਬਿਟਾਸਿਨ-ਈ ਕੈਂਸਰ ਸੈੱਲਾਂ ਨੂੰ ਖਤਮ ਕਰਨ ਅਤੇ ਹਟਾਉਣ ਦੀ ਸਰੀਰਕ ਪ੍ਰਕਿਰਿਆ ਨੂੰ ਵਧਾਵਾ ਦੇ ਕੇ ਭਰੋਸੇਯੋਗ ਸਰੋਤ ਟਿਊਮਰ ਦੇ ਵਿਕਾਸ ਨੂੰ ਰੋਕਣ 'ਚ ਹੈਲਪ ਕਰ ਸਕਦਾ ਹੈ।

• ਤਰਬੂਜ਼ ਅੰਦਰ ਮੌਜੂਦ ਤੱਤ ਅਲਜ਼ਾਈਮਰ ਰੋਗ ਦੀ ਸ਼ੁਰੂਆਤ ਨੂੰ ਡਿਲੇ ਕਰ ਸਕਦਾ ਹੈ। ਉਮਰ ਦੇ ਮੁਤਾਬਿਕ ਵਿਅਕਤੀ ਜ਼ਿਆਦਾ ਦੇਰ ਤੱਕ ਗੱਲਾਂ ਨੂੰ ਯਾਦ ਰੱਖ ਸਕਦਾ ਹੈ।

• ਵਾਟਰਮੈਲਨ ਗਰਮ ਮੌਸਮ 'ਚ ਡੇਲੀ ਇਸਤੇਮਾਲ ਕਰਨ ਨਾਲ ਸਟ੍ਰੈਸ ਅਤੇ ਮਾਨਸਿਕ ਕਮਜ਼ੋਰੀ ਤੋਂ ਬਚਿਆ ਜਾ ਸਕਦਾ ਹੈ। ਹਮੇਸ਼ਾ ਨਮਕ-ਕਾਲੀ ਮਿਰਚ ਛਿੜਕ ਕੇ ਖਾਣਾ ਚਾਹੀਦਾ ਹੈ। ਇਸ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਛੇਤੀ ਗੁੱਸਾ ਨਹੀਂ ਆਉਂਦਾ।

• ਐਂਟੀਆਕਸੀਡੈਂਟ ਤੱਤ ਸਰੀਰ ਅੰਦਰ ਲਗਾਤਾਰ ਰਹਿਣ ਵਾਲੀ ਸੋਜ਼ਸ਼ ਵੀ ਘੱਟ ਜਾਂਦੀ ਹੈ। ਬੀਟਾ-ਕ੍ਰਿਪਟੋਕਸੈਂਥਿਨ ਨਾਮਕ ਇੱਕ ਕੁਦਰਤੀ ਪਿਗਮੈਂਟ ਹੁੰਦਾ ਹੈ, ਜੋ ਜੋੜਾਂ ਨੂੰ ਸੋਜ਼ ਤੋਂ ਬਚਾ ਸਕਦਾ ਹੈ। ਘੱਟ ਸੋਜਸ਼ ਗਠੀਆ ਅਤੇ ਹੱਡੀਆਂ ਨੂੰ ਕਮਜ਼ੋਰ ਹੋਣ ਤੋਂ ਬਚਾਉਂਦਾ ਹੈ।

• ਇਸ ਦਾ ਸੇਵਨ ਕਰਨ ਨਾਲ ਮੈਕੁਲਰ ਡੀਜਨਰੇਸ਼ਨ ਨੂੰ ਰੋਕਣ 'ਚ ਮਦਦ ਮਿਲਦੀ ਹੈ। ਉਮਰ ਨਾਲ ਜੁੜੀ ਮੈਕੂਲਰ ਡੀਜਨਰੇਸ਼ਨ ਇੱਕ ਅੱਖਾਂ ਦੀ ਆਮ ਸਮੱਸਿਆ ਹੈ, ਜੋ ਬਜ਼ੁਰਗਾਂ 'ਤੇ ਬਾਲਗਾਂ 'ਚ ਅੰਨੇਪਨ ਦਾ ਕਾਰਨ ਬਣ ਸਕਦੀ ਹੈ।

• ਹੈਲਦੀ ਚਮੜੀ ਲਈ ਡੇਲੀ ਸਵੇਰੇ ਖਾਲੀ ਪੇਟ 1 ਕਟੋਰੀ ਤਰਬੂਜ਼ ਫੱਲ ਦੇ ਟੁਕੜੇ ਬਰਫ ਮਿਕਸ਼ੀ 'ਚ ਘੁਮਾਓ 'ਤੇ ਪੀਓ। ਫੱਲ ਅੰਦਰ ਮੌਜੂਦ ਵਿਟਾਮਿਨ-ਸੀ ਸਰੀਰ ਨੂੰ ਕੋਲੋਜਨ ਬਣਾਉਣ 'ਚ ਮਦਦ ਕਰਦਾ ਹੈ। ਇੱਕ ਪ੍ਰੋਟੀਨ ਜੋ ਚਮੜੀ ਨੂੰ ਮੁਲਾਇਮ ਅਤੇ ਵਾਲਾਂ ਨੂੰ ਮਜ਼ਬੂਤ ਬਣਾਉਂਦਾ ਹੈ। ਚਮੜੀ ਦੇ ਸੈੱਲਾਂ ਨੂੰ ਬਣਾਉਣ 'ਚ ਅਤੇ ਮੁਰੰਮਤ ਕਰਨ 'ਚ ਮਦਦ ਮਿਲਦੀ ਹੈ।

• ਕਬਜ਼ ਦੀ ਹਾਲਤ 'ਚ ਰੋਜ਼ਾਨਾ 1-1 ਕਟੋਰੀ 2-3 ਬਾਰ ਫੱਲ ਦੇ ਟੁਕੜੇ 'ਤੇ ਬਰਫ ਮਿਲਾ ਕੇ ਮਿਕਸੀ ਵਾਲਾ ਜੂਸ ਪੂਰੀ ਸਮਰ ਇਸਤੇਮਾਲ ਕਰੋ। ਤਰਬੂਜ਼ ਅੰਦਰ ਮੌਜੂਦ ਕਾਫੀ ਮਾਤਰਾ ਵਿੱਚ ਪਾਣੀ, 'ਤੇ ਫਾਈਬਰ ਅੰਤੜੀਆਂ ਨੂੰ ਹਮੇਸ਼ਾ ਐਕਟਿਵ ਰੱਖਦਾ ਹੈ। ਪਾਣੀ ਵਧੇਰੇ ਕੁਸ਼ਲਤਾ ਨਾਲ ਪਾਚਨ ਟ੍ਰੈਕਟ 'ਚ ਰਹਿੰਦ-ਖੂੰਹਦ ਨੂੰ ਭੇਜਨ 'ਚ ਹੈਲਪ ਕਰਦਾ ਹੈ।

• ਵਿਆਹ ਤੋਂ ਬਾਅਦ ਬੱਚੇ ਦੀ ਪਲੈਨਿੰਗ ਕਰਨ ਵਾਲੇ ਤਰਬੂਜ਼ ਜੂਸ ਜਾਂ ਸਲਾਦ ਦੀ ਸ਼ਕਲ 'ਚ ਫੱਲ ਦੇ ਟੁੱਕੜੇ ਗਰਮ ਮੌਸਮ 'ਚ ਇਸਤੇਮਾਲ ਕਰ ਸਕਦੇ ਹਨ।

**ਨੋਟ:** ਡਾਇਬਟੀਜ਼ ਦੇ ਰੋਗੀ, ਪੁਰਾਨੀ ਖੰਘ, ਗਰਭਵਤੀ ਔਰਤਾਂ ਜਾਂ ਕਿਸੇ ਚਲ ਰਹੇ ਰੋਗ ਦੀ ਹਾਲਤ 'ਚ ਆਪਣੇ ਡਾਕਟਰ ਦੀ ਸਲਾਹ ਜਰੂਰ ਲਵੋ।

# ਕਿਵੇਂ ਕਰੀਏ ਬੱਚਿਆਂ ਦੇ ਦੰਦਾਂ ਦੀ ਸੰਭਾਲ ?

ਪੂਨਮ ਦਿਨਕਰ



ਬੱਚਿਆਂ ਦੇ ਦੰਦਾਂ ਦੀ ਦੇਖਭਾਲ ਅਤੇ ਸਫ਼ਾਈ ਕਦੋਂ ਸ਼ੁਰੂ ਕੀਤੀ ਜਾਏ, ਇਸ ਬਾਰੇ ਅਕਸਰ ਲੋਕਾਂ ਨੂੰ ਜਾਣਕਾਰੀ ਘੱਟ ਅਤੇ ਭਰਮ-ਭੁਲੇਖੇ ਜ਼ਿਆਦਾ ਹੁੰਦੇ ਹਨ। ਸਚਾਈ ਇਹ ਹੈ ਕਿ ਬੱਚੇ ਦਾ ਪਹਿਲਾ ਦੰਦ ਆਉਣ ਤੋਂ ਪਹਿਲਾਂ ਹੀ ਇਸ ਵੱਲ ਧਿਆਨ ਦੇਣਾ ਬੇਹੱਦ ਜ਼ਰੂਰੀ ਹੁੰਦਾ ਹੈ। ਤੁਹਾਨੂੰ ਬੇਸ਼ੱਕ ਦਿਖਾਈ ਨਾ ਦੇਵੇ ਪਰ ਬੱਚਿਆਂ ਦੇ ਜਬਾੜਿਆਂ ਵਿਚ ਦੰਦ ਪਹਿਲਾਂ ਹੀ ਜਗ੍ਹਾ ਬਣਾਉਣ ਲਗਦੇ ਹਨ। ਉਸੇ ਸਮੇਂ ਤੋਂ ਮੂੰਹ ਦੀ ਪੂਰੀ ਸਫ਼ਾਈ ਦੇ ਨਾਲ-ਨਾਲ ਮਸੂੜਿਆਂ ਨੂੰ ਵੀ ਨਰਮ ਅਤੇ ਗਿੱਲੇ ਕੱਪੜੇ ਨਾਲ ਸਮੇਂ-ਸਮੇਂ 'ਤੇ ਅਤੇ ਦੁੱਧ ਪਿਲਾਉਣ ਤੋਂ ਬਾਅਦ ਸਾਫ਼ ਕਰਨਾ ਜ਼ਰੂਰੀ ਹੁੰਦਾ ਹੈ।

ਦੰਦਾਂ ਦਾ ਸੜਨਾ ਅਤੇ 'ਕੈਵਿਟੀ' ਦੀ ਸਮੱਸਿਆ ਬੱਚਿਆਂ ਵਿਚ ਵਧੇਰੇ ਪਾਈ ਜਾਣ ਵਾਲੀ ਸਮੱਸਿਆ ਹੈ। ਛੋਟੇ ਬੱਚੇ ਅਕਸਰ ਦੁੱਧ ਦੀ ਬੋਤਲ ਮੂੰਹ ਨਾਲ ਲਾ ਕੇ ਹੀ ਸੌਂ ਜਾਂਦੇ ਹਨ। ਦੁੱਧ ਮਿੱਠਾ ਹੋਣ ਅਤੇ ਦੇਰ ਤੱਕ ਮੂੰਹ ਨਾਲ ਲੱਗੇ ਰਹਿਣ ਕਾਰਨ ਦੰਦਾਂ ਨੂੰ ਸਾੜ ਦਿੰਦਾ ਹੈ, ਜਿਸ ਨਾਲ 'ਕੈਵਿਟੀ' ਪੈਦਾ ਹੋ ਜਾਂਦੀ ਹੈ। ਦੰਦ ਦੇ ਸੜਨ ਅਤੇ ਟੁੱਟਣ ਤੋਂ ਬਾਅਦ 'ਕੈਵਿਟੀ' ਪੈਦਾ ਹੋ ਕੇ ਉਥੇ ਛੇਕ ਬਣਾ ਦਿੰਦੀ ਹੈ ਜੋ ਹੌਲੀ-ਹੌਲੀ ਡੂੰਘਾ ਅਤੇ ਵੱਡਾ ਹੁੰਦਾ ਜਾਂਦਾ ਹੈ। ਇਸ ਤੱਥ ਨੂੰ ਜਾਣਨਾ ਬਹੁਤ ਜ਼ਰੂਰੀ ਹੈ ਕਿ ਮੂੰਹ ਵਿਚ ਅਨੇਕ ਬੈਕਟੀਰੀਆ ਹੁੰਦੇ ਹਨ, ਜਿਨ੍ਹਾਂ ਨੂੰ ਰੋਜ਼ ਚੰਗੀ ਤਰ੍ਹਾਂ ਬਰੱਸ਼ ਅਤੇ ਕੁਰਲੀ ਕਰਕੇ ਦੂਰ ਕੀਤਾ ਜਾ ਸਕਦਾ ਹੈ। ਜੇਕਰ ਇਹੀ ਸਫ਼ਾਈ ਠੀਕ ਤਰੀਕੇ ਨਾਲ ਨਾ ਕੀਤੀ ਜਾਵੇ ਤਾਂ ਬੈਕਟੀਰੀਆ ਇਕ ਅਜਿਹਾ ਤਿਜ਼ਾਬ ਪੈਦਾ ਕਰਦਾ ਹੈ, ਜੋ ਦੰਦਾਂ ਨੂੰ ਸਾੜ ਦਿੰਦਾ ਹੈ।



ਕਈ ਵਾਰ ਬੱਚਿਆਂ ਦੇ ਦੰਦ ਕਾਲੇ ਅਤੇ ਪੀਲੇ ਦੇਖੇ ਜਾਂਦੇ ਹਨ, ਇਹ ਇਸ ਗੱਲ ਦਾ ਸੰਕੇਤ ਹੁੰਦੇ ਹਨ ਕਿ ਬੱਚੇ ਦੇ ਦੰਦ ਸੜ ਚੁੱਕੇ ਹਨ। ਇਹ ਬੈਕਟੀਰੀਆ ਅਤੇ ਤਿਜ਼ਾਬ ਹੀ ਮਿਲ ਕੇ ਦੰਦਾਂ 'ਤੇ ਇਕ ਪਰਤ ਬਣਾ ਦਿੰਦੇ ਹਨ, ਜਿਸ ਨੂੰ 'ਪਲਾਕ' ਕਿਹਾ ਜਾਂਦਾ ਹੈ ਅਤੇ ਇਹ ਭੋਜਨ ਦੇ ਕਣਾਂ ਨੂੰ ਪਿਘਲਾ ਕੇ ਇਕ ਚਿਪਚਿਪੇ ਪਦਾਰਥ ਵਾਂਗ ਦੰਦਾਂ ਵਿਚ ਜੰਮ ਜਾਂਦਾ ਹੈ ਅਤੇ ਦੰਦ ਅਤੇ ਮਸੂੜਿਆਂ 'ਤੇ ਹਮਲਾ ਕਰਦਾ ਹੈ, ਜਿਸ ਨਾਲ ਦੰਦਾਂ ਵਿਚ ਦਰਦ ਹੋਣ ਲਗਦਾ ਹੈ ਅਤੇ ਕਈ ਵਾਰ ਸੋਜਿਸ਼ ਤੱਕ ਆ ਜਾਂਦੀ ਹੈ।

ਸ਼ੁਰੂ ਵਿਚ ਦਰਦ ਥੋੜ੍ਹਾ ਹੁੰਦਾ ਹੈ ਪਰ ਬਾਅਦ ਵਿਚ ਦੰਦਾਂ ਵਿਚ ਗਰਮ ਅਤੇ ਠੰਢੇ ਦਾ ਪ੍ਰਭਾਵ ਪੈਣ ਲਗਦਾ ਹੈ ਅਤੇ ਦਰਦ ਵਧ ਜਾਂਦਾ ਹੈ ਜੋ ਰਾਤ ਸਮੇਂ ਹੋਰ ਵੀ ਜ਼ਿਆਦਾ ਹੋਣ ਲਗਦਾ ਹੈ। ਬਾਅਦ ਵਿਚ ਸੋਜਿਸ਼ ਦੀ ਥਾਂ 'ਤੇ ਪੀਕ ਭਰਨ ਲਗ ਜਾਂਦੀ ਹੈ। ਇਸ ਸਮੇਂ ਦੰਦਾਂ ਦੀ ਭਰਾਈ ਜ਼ਰੂਰੀ ਹੋ ਜਾਂਦੀ ਹੈ। ਦੰਦ ਜੇਕਰ ਜ਼ਿਆਦਾ ਖ਼ਰਾਬ ਹੋ ਜਾਣ ਤਾਂ 'ਰੂਟ ਕੈਨਾਲ' ਇਲਾਜ ਰਾਹੀਂ ਦੰਦਾਂ ਨੂੰ ਭਰਿਆ ਜਾਂਦਾ ਹੈ। ਸਥਿਤੀ ਏਨੀ ਖ਼ਰਾਬ ਨਾ ਹੋਵੇ, ਇਸ ਲਈ ਪਹਿਲਾਂ ਤੋਂ ਹੀ ਧਿਆਨ ਦੇਣਾ ਚਾਹੀਦਾ ਹੈ।

ਦੰਦਾਂ ਦੀ ਪ੍ਰੇਸ਼ਾਨੀ ਤੋਂ ਬਚਣ ਲਈ ਕੁਝ ਸਾਵਧਾਨੀਆਂ ਜ਼ਰੂਰੀ ਹਨ। ਦਿਨ ਵਿਚ ਦੋ ਵਾਰ ਚੰਗੀ ਤਰ੍ਹਾਂ ਦੰਦਾਂ ਵਿਚ ਬਰੱਸ਼ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਬਰੱਸ਼ ਕਰਨ ਦਾ ਸਹੀ ਤਰੀਕਾ ਸਿਖਾਉਣਾ ਚਾਹੀਦਾ ਹੈ। ਫਲੋਰਾਈਡ ਵਾਲੇ ਟੁੱਥਪੇਸਟ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਇਹ ਦੰਦਾਂ ਨੂੰ ਮਜ਼ਬੂਤ ਬਣਾਉਣ ਦੇ ਨਾਲ-ਨਾਲ ਕੈਵਿਟੀਜ਼ ਨੂੰ ਬਣਨ ਤੋਂ ਰੋਕਦੀ ਹੈ। ਹਮੇਸ਼ਾ ਸਭ ਤੋਂ ਨਰਮ ਬਰੱਸ਼ ਹੀ ਵਰਤਣੇ ਚਾਹੀਦੇ ਹਨ। ਬੱਚਿਆਂ ਵਿਚ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਕੁਝ ਵੀ ਮਿੱਠਾ ਜਾਂ ਚਿਪਚਿਪਾ ਖਾਣ ਤੋਂ ਬਾਅਦ ਉਹ ਚੰਗੀ ਤਰ੍ਹਾਂ ਕੁਰਲੀ ਕਰਨ। ਇਹ ਵੀ ਜ਼ਰੂਰੀ ਹੈ ਕਿ ਬੱਚੇ ਹਰ ਸਮੇਂ ਕੁਝ ਨਾ ਕੁਝ ਖਾਂਦੇ ਨਾ ਰਹਿਣ। ਹਰ ਖਾਣੇ ਤੋਂ ਬਾਅਦ ਵਕਫ਼ਾ ਬਹੁਤ ਜ਼ਰੂਰੀ ਹੈ। ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਬੱਚੇ ਮਿੱਠੀਆਂ ਚੀਜ਼ਾਂ ਘੱਟ ਖਾਣ ਕਿਉਂਕਿ ਖੰਡ ਜਿਥੇ 'ਪਲਾਕ' ਨੂੰ ਜੰਮਣ ਵਿਚ ਮਦਦ ਦਿੰਦੀ ਹੈ, ਉਥੇ ਮਸੂੜਿਆਂ ਅਤੇ ਦੰਦਾਂ ਦੀਆਂ ਜੜ੍ਹਾਂ ਨੂੰ ਨੁਕਸਾਨ ਵੀ ਪਹੁੰਚਾਉਂਦੀ ਹੈ। ਜ਼ਿਆਦਾ ਮਿੱਠਾ ਅਤੇ ਸਾਫਟ ਡਰਿੰਕ ਦੀ ਵਰਤੋਂ ਦੰਦਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਵੀ ਜ਼ਰੂਰੀ ਹੈ ਕਿ ਵਧੇਰੇ ਫਲੋਰਾਈਡ ਵਾਲਾ ਟੁੱਥਪੇਸਟ ਲਗਾ ਕੇ ਬਰੱਸ਼ ਨਹੀਂ ਕਰਨਾ ਚਾਹੀਦਾ। ਇਸ ਨਾਲ ਫਲੋਰੋਸਿਸ ਨਾਮੀ ਬਿਮਾਰੀ ਹੁੰਦੀ ਹੈ ਜੋ ਦੰਦਾਂ ਨੂੰ ਭੂਰੇ ਕਰ ਦਿੰਦੀ ਹੈ।

# ਭਾਈਚਾਰਕ ਸਾਂਝ ਦੀਆਂ ਮਜ਼ਬੂਤ ਤੰਦਾਂ



**ਜਗਦੇਵ ਸ਼ਰਮਾ ਬੁਗਰਾ**

ਸਮਾਜ ਵਿੱਚ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਾਲੀਆਂ ਬਹੁਤ ਸਾਰੀਆਂ ਰਸਮਾਂ-ਰਿਵਾਜ, ਰਹੁ ਰੀਤਾਂ ਹਨ। ਇਹ 50 ਕੁ ਸਾਲ ਪਹਿਲਾਂ ਸਾਡੇ ਸਮਾਜ ਦਾ ਅਟੁੱਟ ਅੰਗ ਹੋਇਆ ਕਰਦੀਆਂ ਸਨ। ਅੱਜ ਸਮੇਂ ਦੇ ਗੇੜ ਨਾਲ ਅਤੇ ਚਹੁੰ ਤਰਫ਼ੀ ਤਰੱਕੀ ਕਾਰਨ ਇਹ ਸਾਡੇ ਚੇਤਿਆਂ ਵਿੱਚੋਂ ਗਾਇਬ ਹੋ ਚੱਲੀਆਂ ਹਨ। ਅਜਿਹੇ ਪ੍ਰਚਲਨ ਦਾ ਕਾਰਨ ਸ਼ਹਿਰੀਕਰਨ ਵੀ ਹੈ।

ਤਰੱਕੀ ਕਾਰਨ ਅੱਜ ਅਸੀਂ ਸਾਰੀਆਂ ਸਹੂਲਤਾਂ ਭਰਪੂਰ ਪੱਕੇ ਮਕਾਨਾਂ ਵਿੱਚ ਰਹਿੰਦੇ ਹਾਂ। ਅੱਜਕੱਲ੍ਹ ਪੰਜਾਬ ਵਿੱਚ ਜ਼ਿਆਦਾਤਰ ਮਕਾਨ ਪੱਕੀਆਂ ਇੱਟਾਂ ਦੇ ਅਤੇ ਲੈਂਟਰ ਵਾਲੀਆਂ ਛੱਤਾਂ ਦੇ ਬਣੇ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਘਰ ਨਹੀਂ ਕੋਠੀਆਂ ਕਹਿਣ ਲੱਗ ਪਏ ਹਾਂ। 50-60 ਸਾਲ ਪਹਿਲਾਂ ਪਿੰਡਾਂ ਵਿੱਚ ਮਕਾਨ ਕੱਚੇ ਅਤੇ ਛੱਤਾਂ ਸਰਕੰਡੇ ਦੇ ਕਾਨਿਆਂ ਦੀਆਂ ਬਣੀਆਂ ਹੁੰਦੀਆਂ ਸਨ ਜਿਸ ਦੇ ਉੱਪਰ ਮਿੱਟੀ ਗਾਰਾ ਪਾਇਆ ਹੁੰਦਾ ਸੀ। ਅੱਜਕੱਲ੍ਹ ਮਸ਼ੀਨੀ ਯੁੱਗ ਹੋਣ ਕਾਰਨ ਲੈਂਟਰ ਮਸ਼ੀਨਾਂ ਨਾਲ ਪਾਏ ਜਾਣ ਲੱਗੇ ਹਨ ਜਦੋਂਕਿ ਓਦੋਂ ਚਾਹਾ (ਅੱਜਕੱਲ੍ਹ ਦਾ ਲੈਂਟਰ) ਬੱਠਲਾਂ, ਤਸਲਿਆਂ ਨਾਲ ਪਾਇਆ ਜਾਂਦਾ ਸੀ। ਪੁਰਾਣੀ ਤੂੜੀ ਰਲੇ ਗਾਰੇ ਦੀ ਘਾਣੀ ਤਿਆਰ ਕਰ ਲਈ ਜਾਂਦੀ ਸੀ। ਗਲੀ ਵਿੱਚੋਂ ਘਰ ਘਰ ਦਾ ਇੱਕ ਇੱਕ ਬੰਦਾ ਆਪਣਾ ਆਪਣਾ ਬੱਠਲ ਲੈ ਕੇ ਚਾਹਾ ਪਾਉਣ ਦੇ ਕੰਮ ਵਿੱਚ ਸ਼ਾਮਿਲ ਹੁੰਦਾ ਸੀ। ਦਿਨਾਂ ਦਾ ਕੰਮ ਕੁੱਝ ਹੀ ਘੰਟਿਆਂ ਵਿੱਚ ਰਲ ਮਿਲ ਕੇ ਨਿਬੇੜ ਲਿਆ ਜਾਂਦਾ ਸੀ। ਚਾਹਾ ਪੈ ਜਾਣ ਤੋਂ ਬਾਅਦ ਗਲੀ ਦੇ ਬੱਚਿਆਂ ਨੂੰ ਘਰ ਦਾ ਮਾਲਕ ਗੁੜ ਵੰਡਦਾ ਜਦੋਂਕਿ ਚਾਹਾ ਪਾਉਣ ਵਾਲੇ ਮੁੰਡੇ ਖੁੰਡੇ ਗੁੜ ਦੇ ਨਾਲ ਨਾਲ ਸ਼ਾਮ ਨੂੰ ਘਰ ਦੀ ਕੱਢੀ ਨਾਲ ਗਲਾ ਤਰ ਵੀ ਕਰਦੇ ਸਨ। ਇਹ ਸੀ ਭਾਈਚਾਰਕ ਸਾਂਝ ਦਾ ਇੱਕ ਨਮੂਨਾ।

ਕਣਕ ਦੀ ਫ਼ਸਲ ਜਦੋਂ ਪੱਕ ਜਾਂਦੀ ਤਾਂ ਕਈ ਪਰਿਵਾਰ ਕਿਸੇ ਕਾਰਨ ਫ਼ਸਲ ਨੂੰ ਸਮੇਂ 'ਤੇ ਸਾਂਭਣ ਤੋਂ ਖੁੰਝ ਜਾਂਦੇ। ਪਛੇਤ ਕੱਢਣ ਲਈ ਅਜਿਹਾ ਪਰਿਵਾਰ ਆਪਣੇ ਜਾਣ ਪਹਿਚਾਣ ਦੇ ਪਰਿਵਾਰਾਂ ਵਿੱਚੋਂ ਸਾਰੇ ਨੌਜਵਾਨਾਂ ਨੂੰ ਇੱਕ ਦਿਨ ਵਾਸਤੇ ਇਕੱਠਾ ਕਰਕੇ ਫ਼ਸਲ ਦੀ ਕਟਾਈ ਲਈ ਨਿਉਂਦਾ ਦੇ ਦਿੰਦਾ ਜਿਸ ਨੂੰ 'ਆਹਵਤ' ਕਹਿੰਦੇ ਸਨ। ਫ਼ਸਲ ਕੱਟਣ ਵਾਲੇ ਕਿਸੇ ਵੀ ਜੁਆਨ ਨੂੰ ਕੋਈ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਸੀ। ਹਾਂ! ਵਧੀਆ ਰੋਟੀ ਪਾਣੀ, ਪ੍ਰਸ਼ਾਦ ਨਾਲ ਅਤੇ ਸ਼ਾਮ ਵੇਲੇ ਪਿਆਲੇ ਦੇ ਸ਼ੌਕੀਨਾਂ ਦੀ ਸੇਵਾ ਪਟਿਆਲਾ ਸ਼ਾਹੀ ਨਾਲ ਕੀਤੀ ਜਾਂਦੀ ਸੀ। ਫ਼ਸਲ ਦੀ ਕਟਾਈ/ਸਾਂਭ ਸੰਭਾਲ ਸਮੇਂ ਜੇਕਰ ਕਿਸੇ ਪਰਿਵਾਰ ਵਿੱਚੋਂ ਕੋਈ ਬਜ਼ੁਰਗ ਚੜ੍ਹਾਈ ਕਰ ਜਾਂਦਾ ਜਾਂ ਕੋਈ ਹੋਰ ਅਣਹੋਣੀ ਵਾਪਰ ਜਾਂਦੀ ਤਾਂ ਪਿੰਡ ਦੇ ਚੋਬਰ ਉਸ ਪਰਿਵਾਰ ਦੀ ਫ਼ਸਲ ਸਾਂਭਣ ਦਾ ਜ਼ਿੰਮਾ ਆਪਣੇ ਸਿਰ ਲੈ ਲੈਂਦੇ ਸਨ ਅਤੇ ਪੀੜਤ ਪਰਿਵਾਰ ਬੇਫ਼ ?ਕਰ ਹੋ ਕੇ ਆਈ ਬਿਪਤਾ ਨਾਲ ਨਿਪਟ ਲੈਂਦਾ ਸੀ।

ਪੀਣ ਵਾਲੇ ਪਾਣੀ ਦਾ ਨਵਾਂ ਨਲਕਾ ਲਾਉਣ 'ਤੇ ਜਾਂ ਫਿਰ ਖੇਤ ਵਿੱਚ ਬੋਰ ਕਰਵਾਉਣ ਤੋਂ ਪਹਿਲਾਂ ਖੁਆਜ਼ਾ ਪੀਰ ਨੂੰ ਧਿਆਇਆ ਜਾਂਦਾ ਸੀ ਅਤੇ ਸਾਰੇ ਹਾਜ਼ਰੀਨ ਨੂੰ ਮਿੱਠੇ ਚੌਲ ਛਕਾਏ ਜਾਂਦੇ ਸਨ। ਜਦੋਂ ਕਿਸੇ ਦੇ ਘਰ ਵਿਆਹ ਸ਼ਾਦੀ ਹੋਣੀ ਜਾਂ ਕੋਈ ਹੋਰ ਗ਼ਮੀ ਖ਼ੁਸ਼ੀ ਦਾ ਮੌਕਾ ਹੋਣਾ ਤਾਂ ਪਿੰਡ ਦਾ ਹਰ ਘਰ ਸਬੰਧਤ ਘਰ ਵਿੱਚ ਥੋੜ੍ਹੇ 'ਚੋਂ ਥੋੜ੍ਹਾ, ਬਹੁਤੇ 'ਚੋਂ ਬਹੁਤਾ ਦੁੱਧ ਦੇ ਕੇ ਆਉਣਾ ਆਪਣਾ ਫਰਜ਼ ਸਮਝਦਾ ਹੁੰਦਾ ਸੀ। ਵਿਆਹ ਵਾਲਾ ਘਰ ਵੀ ਦੁੱਧ ਦੇਣ ਆਏ ਵਿਅਕਤੀ ਦੇ ਭਾਂਡੇ ਵਿੱਚ ਦੋ ਲੱਡੂ ਪਾਉਣੇ ਨਾ ਭੁੱਲਦਾ। ਪਿੰਡ ਦੀਆਂ ਸੁਆਣੀਆਂ ਵਿਆਹ ਵਾਲੇ ਘਰ ਥਾਲੀ ਵਿੱਚ ਪਾ ਕੇ ਆਟਾ ਗੁੜ ਵੀ ਦੇ ਕੇ ਆਉਂਦੀਆਂ ਸਨ ਜਿਸ ਨੂੰ ਸਾਡੇ ਇਲਾਕੇ ਵਿੱਚ ਮਾਈਆਂ ਕਿਹਾ ਕਰਦੇ ਸਨ। ਕੜਾਹੀ ਚੜ੍ਹੀ ਤੋਂ ਹਲਵਾਈ ਲੱਡੂਆਂ ਦਾ ਘਾਣਾ ਤਿਆਰ ਕਰਕੇ ਆਂਢ ਗੁਆਂਢ 'ਚੋਂ ਬੁਲਾਏ ਮੁੰਡਿਆਂ/ਬਜ਼ੁਰਗਾਂ ਮੂਹਰੇ ਲੱਡੂ ਵੱਟਣ ਲਈ ਧਰ ਦਿੰਦਾ। ਪੂਰੇ ਦਿਨ ਦਾ ਕੰਮ ਭਾਈਚਾਰਾ ਇੱਕ ਅੱਧ ਘੰਟੇ ਵਿੱਚ ਹੀ ਨਿਬੇੜ ਦਿੰਦਾ ਸੀ। ਬਰਾਤ ਦੀ ਸੇਵਾ ਪੂਰੀਆਂ ਨਾਲ ਕੀਤੀ ਜਾਂਦੀ ਸੀ। ਗਲੀ ਦੀਆਂ ਕੁੜੀਆਂ ਬੁੜ੍ਹੀਆਂ ਪੂਰੀਆਂ ਵੇਲਣ ਦਾ ਕੰਮ ਰਲ ਮਿਲ ਕੇ ਕਰਦੀਆਂ। ਬਰਾਤੀਆਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਵੀ ਗਲੀ ਗੁਆਂਢ ਦੇ ਮੁੰਡਿਆਂ ਦੁਆਰਾ ਹੀ ਨਿਭਾਈ ਜਾਂਦੀ ਸੀ। ਬਰਾਤ ਦੀ ਠਹਿਰਾਅ ਵਾਲੀ ਜਗ੍ਹਾ ਜਿਸ ਨੂੰ ਡੇਰਾ ਕਿਹਾ ਕਰਦੇ ਸਨ, ਉੱਥੇ ਬਰਾਤੀਆਂ ਦੇ ਨਹਾਉਣ ਧੋਣ ਦਾ ਪ੍ਰਬੰਧ ਸਾਰੇ ਪਿੰਡ ਵਾਲੇ ਰਲ ਕੇ ਕਰਦੇ ਸਨ। ਬਰਾਤੀਆਂ ਨੂੰ ਖਾਣਾ ਵਰਤਾਉਣ ਲਈ ਅੱਜਕੱਲ੍ਹ ਵਾਂਗ ਵੇਟਰਾਂ ਦੀ ਲੋੜ ਨਹੀਂ ਸੀ ਪੈਂਦੀ, ਸਗੋਂ ਪਿੰਡ ਦੇ ਹੀ ਗੱਭਰੂ ਜਿਨ੍ਹਾਂ ਨੂੰ ਪ੍ਰੀਹੇ ਕਿਹਾ ਕਰਦੇ ਸਨ, ਪੂਰੀ ਅਦਬ ਨਾਲ ਇਹ ਕੰਮ ਕਰਦੇ। ਸਾਰੇ ਲਾਗੀ ਆਪੋ ਆਪਣੀ ਡਿਊਟੀ ਪੂਰੀ ਸ਼ਿੱਦਤ ਨਾਲ ਨਿਭਾਉਂਦੇ ਸਨ। ਕਿੱਤੇ ਦਾ ਮਾਹਿਰ ਲਾਗੀ ਹੀ ਹਲਵਾਈ ਦਾ ਡੰਗ ਸਾਰ ਦਿੰਦਾ ਸੀ।

ਵਿਆਹ ਵੇਲੇ ਵਿਆਹ ਵਾਲੇ ਪਰਿਵਾਰ ਦੇ ਸ਼ਰੀਕੇ ਵਾਲੇ ਅਤੇ ਰਿਸ਼ਤੇਦਾਰ ਨਿਉਂਦਾ ਪਾਉਂਦੇ ਸਨ। ਇੱਥੇ ਨਿਉਂਦੇ ਤੋਂ ਮਤਲਬ ਹੈ ਵਿਆਹ ਵਾਲੇ ਪਰਿਵਾਰ ਦੀ ਆਪੋ ਆਪਣੀ ਸਮਰੱਥਾ ਅਨੁਸਾਰ ਮਾਇਕ ਸਹਾਇਤਾ ਕਰਨਾ। ਇਸ ਨਿਉਂਦੇ ਵਾਲੀ ਪਰੰਪਰਾ ਤੋਂ ਹੀ ਇੱਕੀਆਂ ਦੇ ਕੱਤੀ ਪਾਉਣ ਵਾਲਾ ਮੁਹਾਵਰਾ ਬਣਿਆ ਹੋਇਆ ਹੈ। ਨਵੀਂ ਪੀੜ੍ਹੀ ਦੀ ਜਾਣਕਾਰੀ ਲਈ ਦੱਸ ਦੇਣਾ ਚਾਹਾਂਗਾ ਕਿ ਮੰਨ ਲਉ ਵਿਆਹ ਵਾਲਾ ਪਰਿਵਾਰ ਆਪਣੇ ਕਿਸੇ ਰਿਸ਼ਤੇਦਾਰ ਦੇ ਬੱਚੇ ਦੇ ਵਿਆਹ ਵੇਲੇ ਇੱਕੀ ਰੁਪਏ ਨਿਉਂਦੇ ਵਜੋਂ ਪਾ ਕੇ ਆਇਆ ਸੀ ਤਾਂ ਅੱਜ ਉਹੀ ਪਰਿਵਾਰ ਵਿਆਹ ਵਾਲਿਆਂ ਨੂੰ ਇਕੱਤੀ ਰੁਪਏ ਦੇ ਕੇ ਜਾਵੇਗਾ ਜਿਸ ਦਾ ਮਤਲਬ ਹੈ 10 ਰੁਪਏ ਵਾਧਾ। ਨਿਉਂਦਾ ਲਿਖਣ ਵਾਲਾ ਲਿਖਦਾ, 'ਫਲਾਣਾ ਸਿੰਘ ਇਕੱਤੀ ਰੁਪਏ, 10 ਰੁਪਏ ਵਾਧਾ।' ਵਿਆਹ ਵਾਲੇ ਪਰਿਵਾਰ ਨਾਲ ਆਰਥਿਕ ਬੋਝ ਵੰਡਾਉਣ ਦੀ ਇਹ ਕਿੰਨੀ ਸੋਹਣੀ ਭਾਈਚਾਰਕ ਰੀਤ ਸੀ। ਨਿਉਂਦਾ ਲਿਖਣ ਦਾ ਕੰਮ ਆਮ ਤੌਰ 'ਤੇ ਪਿੰਡ ਵਿਚਲਾ ਹਟਵਾਣੀਆਂ ਹੀ ਕਰਦਾ ਹੁੰਦਾ ਸੀ। ਨਿਉਂਦੇ ਲਿਖਣ ਦਾ ਕੰਮ ਮੁਕਾ ਲੈਣ ਤੋਂ ਬਾਅਦ ਲਿਖਣ ਵਾਲੇ ਨੂੰ ਦੋ ਲੱਡੂਆਂ ਨਾਲ ਇੱਕ ਦੋ ਰੁਪਏ ਦੇ ਕੇ ਰੁਖ਼ਸਤ ਕੀਤੇ ਜਾਣ ਦਾ ਰਿਵਾਜ ਸੀ।

ਵਿਆਹ ਨਾਲ ਹੀ ਸਬੰਧਤ ਇੱਕ ਹੋਰ ਰਸਮ ਵਿਆਹ ਦੀ ਚਿੱਠੀ ਭੇਜਣਾ ਸੀ। ਕੁੜੀ ਵਾਲਿਆਂ ਵੱਲੋਂ ਪਿੰਡ ਦਾ ਕੋਈ ਲਾਗੀ ਵਿਆਹ ਵਾਲੀ ਚਿੱਠੀ ਮੁੰਡੇ ਵਾਲਿਆਂ ਦੇ ਘਰ ਦੇਣ ਜਾਂਦਾ ਹੁੰਦਾ ਸੀ। ਅੱਗਿਓਂ ਮੁੰਡੇ ਵਾਲੇ ਚਿੱਠੀ ਦੇਣ ਆਏ ਲਾਗੀ ਨੂੰ ਨਗਦ ਪੈਸੇ ਅਤੇ ਖੇਸ-ਖੇਸੀ ਆਦਿ ਦੇ ਕੇ ਉਸ ਦਾ ਮਾਣ ਤਾਣ ਕਰਦੇ ਸਨ। ਘਰ ਵਿਆਹ ਵਾਲੀ ਚਿੱਠੀ ਆਉਣ 'ਤੇ ਸ਼ਰੀਕੇ ਦੇ ਪਰਿਵਾਰਾਂ ਨੂੰ ਬੁਲਾਇਆ ਜਾਂਦਾ ਸੀ। ਇੱਕ ਪੜ੍ਹਾਕੂ ਜਾਂ ਜ਼ਿਆਦਾਤਰ ਪਿੰਡ ਦਾ ਉਹੀ ਹਟਵਾਣੀਆਂ ਹੀ ਚਿੱਠੀ ਪੜ੍ਹ ਕੇ ਸੁਣਾਉਂਦਾ। ਘਰ ਦਾ ਮਾਲਕ ਚਿੱਠੀ ਪੜ੍ਹ ਲੈਣ ਤੋਂ ਬਾਅਦ ਚਿੱਠੀ ਫੜ ਕੇ ਮੱਥੇ ਨੂੰ ਲਾਉਂਦਾ ਅਤੇ ਚਿੱਠੀ ਪੜ੍ਹਨ ਵਾਲੇ ਨੂੰ ਸਨਮਾਨ ਵਜੋਂ ਇੱਕ ਦੋ ਰੁਪਏ ਜ਼ਰੂਰ ਦਿੱਤੇ ਜਾਂਦੇ ਸਨ।

ਵਿਆਹ ਕੇ ਲਿਆਂਦੀ ਗਈ ਨਵੀਂ ਨਵੇਲੀ ਬਹੂ ਨਾਲ ਸਬੰਧਤ ਇੱਕ ਰਸਮ ਹੁੰਦੀ ਸੀ ਮੂੰਹ ਦਿਖਾਈ। ਆਂਢ ਗੁਆਂਢ 'ਚੋਂ ਮੁੰਡੇ ਦੀਆਂ ਚਾਚੀਆਂ, ਤਾਈਆਂ ਲੱਗਦੀਆਂ ਬੁੜ੍ਹੀਆਂ ਨਾਲੇ ਨਵੀਂ ਬਹੂ ਦਾ ਮੂੰਹ ਦੇਖਦੀਆਂ, ਨਾਲੇ ਸ਼ਗਨ ਵਜੋਂ ਬਹੂ ਨੂੰ ਇੱਕ ਦੋ ਰੁਪਏ ਵੀ ਦਿੰਦੀਆਂ ਸਨ। ਜਾਣ ਪਹਿਚਾਣ ਕਰਨ ਕਰਵਾਉਣ ਦਾ ਇਹ ਇੱਕ ਨਾਯਾਬ ਤਰੀਕਾ ਹੁੰਦਾ ਸੀ। ਵਿਆਹ ਦੀਆਂ ਚਿੱਠੀਆਂ ਵੰਡੀਆਂ ਗਈਆਂ, ਦੁੱਧ ਮੁਫ਼ਤੋ ਮੁਫ਼ਤੀ ਆ ਗਿਆ, ਹਲਵਾਈ ਬੁੱਕ ਨਹੀਂ ਕਰਨਾ ਪਿਆ, ਲੱਡੂ ਵੱਟੇ ਗਏ, ਪੂਰੀਆਂ ਵੇਲੀਆਂ ਗਈਆਂ, ਵੇਟਰਾਂ ਦੀ ਲੋੜ ਨਹੀਂ ਪਈ, ਪਿੰਡ ਦੀ ਧਰਮਸ਼ਾਲਾ ਨੇ ਪੈਲੇਸ ਦਾ ਕੰਮ ਸਾਰ ਦਿੱਤਾ, ਭਾਂਡਿਆਂ ਦੀ ਵੇਲ ਪਿੰਡ ਵਿੱਚੋਂ ਹੀ ਉਪਲੱਬਧ ਹੋ ਗਈ, ਮੰਜੇ ਬਿਸਤਰੇ ਆਂਢ ਗੁਆਂਢ 'ਚੋਂ ਇਕੱਠੇ ਕਰ ਲਏ, ਨਿਉਂਦੇ ਕੋਕੇ ਨੇ ਮਾਇਕ ਸਹਾਇਤਾ ਵੀ ਕਰ ਦਿੱਤੀ, ਸੀਧਾ ਪੱਤਾ ਪਿੰਡ ਵਾਲੇ ਦੇ ਗਏ। ਇਸ ਤਰ੍ਹਾਂ ਵਿਆਹ ਹੋ ਗਿਆ। ਪਰਿਵਾਰ ਨੇ ਤਾਂ ਸਿਰਫ਼ ਪ੍ਰਬੰਧ ਦੀ ਦੇਖ ਰੇਖ ਹੀ ਕੀਤੀ। ਭਾਈਚਾਰਕ ਸਾਂਝ ਦੀਆਂ ਮਜ਼ਬੂਤ ਤੰਦਾਂ ਦੀ ਇਸ ਤੋਂ ਵਧੀਆ ਹੋਰ ਕੀ ਮਿਸਾਲ ਹੋ ਸਕਦੀ ਹੈ। ਨਾ ਹਿੰਗ ਲੱਗੀ ਨਾ ਫਟਕੜੀ, ਰੰਗ ਚੋਖਾ।

ਧੀਆਂ ਧਿਆਣੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਸਨ। ਗ਼ਰੀਬ ਗੁਰਬੇ ਦੀ ਧੀ-ਭੈਣ ਦੇ ਵਿਆਹ ਵੇਲੇ ਪਿੰਡ ਦੇ ਸਮਰੱਥਾਵਾਨ ਵਿਅਕਤੀ ਉਸ ਦੀ ਹਰ ਪੱਖੋਂ ਸਹਾਇਤਾ ਕਰਦੇ। ਕਈ ਰੱਜਦੇ ਖਾਂਦੇ ਪਰਿਵਾਰ ਅਜਿਹੇ ਗ਼ਰੀਬ ਦੀ ਧੀ ਨੂੰ ਵਿਆਹੁਣ ਆਈ ਬਰਾਤ ਨੂੰ ਆਪਣੇ ਘਰ ਇੱਕ ਡੰਗ ਦਾ ਆਲੀਸ਼ਾਨ ਖਾਣਾ ਵੀ ਖਾਵਾਉਂਦੇ ਹੁੰਦੇ ਸਨ। ਇਹ ਹੈ ਭਾਈਚਾਰਕ ਸਾਂਝ ਦੀ ਇੱਕ ਹੋਰ ਖ਼ੂਬਸੂਰਤ ਉਦਾਹਰਨ। ਰੁਪਈਏ ਪੈਸੇ ਦਾ ਚੱਲਣ ਬਹੁਤ ਘੱਟ ਸੀ। ਪੈਸਿਆਂ ਦੀ ਲੋੜ ਓਦੋਂ ਹੀ ਪੈਂਦੀ ਸੀ ਜਦੋਂ ਕਿਸੇ ਜਵਾਈ ਭਾਈ ਦੇ ਹੱਥ 'ਤੇ ਰੁਪਈਆ ਧੇਲਾ ਧਰਨਾ ਹੁੰਦਾ ਸੀ। ਜ਼ਿਆਦਾਤਰ ਲੈਣਦੇਣ ਵਟਾਂਦਰਾ/ ਤਬਾਦਲਾ (ਬਾਰਟਰ) ਸਿਸਟਮ ਤਹਿਤ ਹੀ ਹੁੰਦਾ ਸੀ। ਹੱਟੀ ਭੱਠੀ ਖਾਰੀ ਵਾਲੇ ਨੂੰ ਦਾਣੇ ਦੇ ਕੇ ਵਸਤੂ ਲੈ ਲਈ ਜਾਂਦੀ ਸੀ।

ਧਰਮ ਦੇ ਠੇਕੇਦਾਰਾਂ ਨੇ ਕਿੱਤਾਕਾਰਾਂ ਨੂੰ ਕੰਮ ਉਨ੍ਹਾਂ ਦੀ ਜਾਤ ਧਰਮ ਦੇ ਆਧਾਰ 'ਤੇ ਵੰਡੇ ਹੋਏ ਸਨ। ਕੋਈ ਲੋਹਾਰਾ ਤਰਖਾਣਾ ਕੰਮ ਕਰਦਾ, ਕੋਈ ਸਾਰੇ ਪਿੰਡ ਵਾਸੀਆਂ ਨੂੰ ਮਿੱਟੀ ਦੇ ਭਾਂਡੇ, ਘੜੇ, ਬਠਲੀਆਂ, ਤਪਲੇ ਆਦਿ ਬਣਾ ਕੇ ਸਪਲਾਈ ਕਰਦਾ ਅਤੇ ਕੋਈ ਹੋਰ ਖੇਤਾਂ ਵਿੱਚ/ ਫ਼ਸਲ ਦੇ ਪਿੜ ਵਿੱਚ ਕੰਮ ਵਾਲੇ ਥਾਂ 'ਤੇ ਹੀ ਪੀਣ ਵਾਲੇ ਪਾਣੀ ਦੀ ਸੁਵਿਧਾ ਮਸਕ ਰਾਹੀਂ ਉਪਲੱਬਧ ਕਰਵਾਉਂਦਾ ਆਦਿ। ਸਾਰੇ ਹੀ ਕਿੱਤਾਕਾਰਾਂ ਨੂੰ ਉਨ੍ਹਾਂ ਦੀ ਕਿਰਤ ਦਾ ਭੁਗਤਾਨ ਤੁਰਤ ਫੁਰਤ ਰੁਪਏ ਪੈਸੇ ਨਾਲ ਨਹੀਂ ਸੀ ਕੀਤਾ ਜਾਂਦਾ ਸਗੋਂ ਹਰ ਛੇ ਮਹੀਨੇ ਬਾਅਦ ਫ਼ਸਲ ਆਉਣ 'ਤੇ ਦਾਣੇ ਦਿੱਤੇ ਜਾਂਦੇ ਸਨ ਜਿਸ ਨੂੰ ਸੇਪੀ ਕਹਿੰਦੇ ਸਨ। ਵੱਡੇ ਲਾਣੇ ਵਾਲਾ ਵੱਧ ਦਾਣੇ ਦਿੰਦਾ ਅਤੇ ਛੋਟੇ ਪਰਿਵਾਰ ਕੁੱਝ ਘੱਟ। ਮੈਂ ਕਦੇ ਅਜਿਹੇ ਲੈਣ ਦੇਣ ਵੇਲੇ ਕੋਈ ਰੌਲਾ ਪੈਂਦਾ ਨਹੀਂ ਦੇਖਿਆ ਸੀ। ਇਸ ਵਰਤਾਰੇ ਨਾਲ ਸਾਰੇ ਪਿੰਡ ਦੀ ਇੱਕ ਭਾਈਚਾਰਕ ਸਾਂਝ ਬਣੀ ਰਹਿੰਦੀ ਸੀ। ਉਪਰੋਕਤ ਅਨੁਸਾਰ ਹੀ ਖੇਤੀ ਦੇ ਕੰਮ ਵਿੱਚ ਸੀਰੀ ਰਲਣ ਰਲਾਉਣ ਦੀ ਰੀਤ ਪ੍ਰਚੱਲਿਤ ਸੀ। ਜੱਟ ਅਤੇ ਸੀਰੀ ਇੱਕ ਦੂਜੇ ਦੇ ਦੁੱਖ ਸੁੱਖ ਦੇ ਭਾਈਵਾਲ ਹੁੰਦੇ ਸਨ। ਏਸੇ ਰਿਸ਼ਤੇ ਨੂੰ ਦਰਸਾਉਂਦੀਆਂ ਹਨ ਮਸ਼ਹੂਰ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ ਦੀਆਂ ਆਹ ਸਦਾਬਹਾਰ ਸਤਰਾਂ;

**ਗਲ ਲੱਗ ਕੇ ਸੀਰੀ ਦੇ ਜੱਟ ਰੋਵੇ**
**ਬੋਹਲ ਵਿੱਚੋਂ ਨੀਰ ਵਗਿਆ।**

ਕਿਉਂਕਿ ਨੁਕਸਾਨ ਦੋਹਾਂ ਦਾ ਹੀ ਹੋਇਆ ਹੁੰਦਾ ਸੀ। ਸੀਰੀ ਨੂੰ ਕੁੱਲ ਫ਼ਸਲ ਵਿੱਚੋਂ ਤਹਿਸ਼ੁਦਾ ਹਿੱਸਾ ਦਿੱਤਾ ਜਾਂਦਾ ਸੀ। ਪੰਜਵੇਂ ਹਿੱਸੇ 'ਤੇ ਰਲੇ ਸੀਰੀ ਨੂੰ ਦਸ ਸੇਰ ਮੂੰਗੀ ਵਿੱਚੋਂ ਦੋ ਸੇਰ ਮੂੰਗੀ ਵੀ ਮਿਲਦੀ ਸੀ। ਛਿਮਾਹੀ ਦੇ ਅੰਤ 'ਤੇ ਸੀਰੀ ਦੇ ਹਿੱਸੇ ਦੀ ਫ਼ਸਲ, ਦਾਣੇ, ਤੂੜੀ ਵਗੈਰਾ ਜੱਟ ਖ਼ੁਦ ਗੱਡੇ 'ਤੇ ਸੀਰੀ ਦੇ ਘਰ ਛੱਡ ਕੇ ਆਉਂਦੇ ਸਨ। ਇਹ ਸੀ ਅਪਣੱਤ ਦੀ ਨਿਸ਼ਾਨੀ। ਹੁਣ ਵਾਂਗ ਨਹੀਂ ਕਿ ਫ਼ਸਲ ਬੀਜਣ ਤੋਂ ਵੱਢਣ/ ਸਾਂਭਣ ਤੱਕ ਦਾ ਕੰਮ ਪੈਸਿਆਂ ਵੱਟੇ ਹੀ ਕੀਤਾ ਜਾਂਦਾ ਹੈ, ਉਹ ਵੀ ਨਗਦੋ ਨਗਦੀ। ਮਸ਼ੀਨੀਕਰਨ ਨੇ ਇਸ ਭਾਈਚਾਰੇ ਨੂੰ ਵੱਡੀ ਸੱਟ ਮਾਰੀ ਹੈ।

ਕਈ ਦਿਨਾਂ ਦੀ ਮਿਹਨਤ ਤੋਂ ਬਾਅਦ ਪਿੜ ਵਿੱਚ ਦਾਣੇ ਕੱਢ ਕੇ ਬੋਹਲ ? (ਦਾਣਿਆਂ ਦਾ ਢੇਰ) ਲਾ ਲਿਆ ਜਾਂਦਾ ਸੀ। ਹੁਣ ਸਮੱਸਿਆ ਹੁੰਦੀ ਸੀ ਇਸ ਬੋਹਲ ਨੂੰ ਤੋਲਣ ਦੀ। ਹਰੇਕ ਪਿੰਡ ਵਿੱਚ ਦੋ ਚਾਰ ਤੋਲੇ (ਤੋਲਣ ਵਾਲੇ) ਹੁੰਦੇ ਸਨ ਜਿਨ੍ਹਾਂ ਦੀਆਂ ਸੇਵਾਵਾਂ ਅਜਿਹੇ ਮੌਕੇ ਲਈਆਂ ਜਾਂਦੀਆਂ ਸਨ। ਤੋਲਾ ਧਿਆਨ ਕੇਂਦਰਿਤ ਕਰਕੇ ਧੜੀਆਂ ਭਰਦਾ ਅਤੇ ਕਦੇ ਨਾ ਭੁੱਲਦਾ। ਸਾਰੇ ਦਾਣੇ ਤੋਲ ਲੈਣ ਤੋਂ ਬਾਅਦ ਤੋਲਣ ਵਾਲੇ ਨੂੰ ਮਿਹਨਤਾਨੇ ਦੇ ਤੌਰ 'ਤੇ ਦਾਣੇ ਦੇ ਕੇ ਭੇਜਿਆ ਜਾਂਦਾ ਸੀ। ਇਸ ਤਰ੍ਹਾਂ ਦੀ ਸੀ ਪਿੰਡਾਂ ਵਿੱਚ ਹਰ ਇੱਕ ਨੂੰ ਉਸ ਦੀ ਲਿਆਕਤ ਅਨੁਸਾਰ ਕੰਮ ਮਿਲਣ ਦੀ ਵਿਵਸਥਾ।

ਜ਼ਮਾਨੇ ਭਲੇ ਸਨ। ਕਿਸੇ ਇੱਕ ਪਰਿਵਾਰ ਦਾ ਦੁੱਖ ਸਾਰੇ ਪਿੰਡ ਦਾ ਦੁੱਖ ਹੁੰਦਾ ਸੀ। ਕਿਸੇ ਦੇ ਘਰ ਨੌਜਵਾਨ ਦੀ ਮੌਤ ਹੋ ਜਾਣ ਵੇਲੇ ਸਾਰੇ ਪਿੰਡ ਵਿੱਚ ਕਿਸੇ ਦੇ ਵੀ ਘਰ ਚੁੱਲ੍ਹਾ ਨਾ ਬਲਦਾ। ਇੱਕ ਪਰਿਵਾਰ ਦੇ ਕਿਸੇ ਬੱਚੇ ਬੱਚੀ ਨੂੰ ਮਿਲੇ ਮਾਨ ਸਨਮਾਨ ਵੇਲੇ ਸਾਰਾ ਪਿੰਡ ਨੱਚ ਨੱਚ ਕੇ ਧਮਾਲਾਂ ਪਾ ਰਿਹਾ ਹੁੰਦਾ ਸੀ। ਜਾਤ, ਧਰਮ, ਊਚ-ਨੀਚ, ਅਮੀਰੀ-ਗ਼ਰੀਬੀ ਤੋਂ ਪਰੇ ਪਿੰਡ ਦਾ ਹਰ ਕੋਈ, ਹਰ ਕਿਸੇ ਦਾ ਕੁੱਝ ਨਾ ਕੁੱਝ ਲੱਗਦਾ ਹੁੰਦਾ ਸੀ। ਮਸ਼ੀਨੀਕਰਨ, ਸ਼ਹਿਰੀਕਰਨ ਅਤੇ ਕਥਿਤ ਤਰੱਕੀ ਨੇ ਇਸ ਭਾਈਚਾਰਕ ਸਾਂਝ ਨੂੰ ਨਾ ਪੂਰਾ ਹੋਣ ਵਾਲਾ ਖੋਰਾ ਲਾਇਆ ਹੈ।


CJ Singh
License # 24012019
Real Estate Broker
NORTHWEST
REAL ESTATE

BERKSHIRE
HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SINGH'S TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

# ਪੇਂਡੂ ਜ਼ਿੰਦਗੀ ਦਾ ਬਦਲਦਾ ਰੂਪ



ਕਿਸੇ ਸਮੇਂ ਪਿੰਡਾਂ ਨੂੰ ਸਵਰਗ ਦੀ ਨਿਆਈ ਸਮਝਿਆ ਜਾਂਦਾ ਸੀ। ਚਾਰ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਪਿੰਡਾਂ ਦੀ ਜ਼ਿੰਦਗੀ ਬੜੀ ਸ਼ਾਂਤ ਸਹਿਜ ਤੇ ਸਬਰ ਸੰਤੋਖ ਵਾਲੀ ਹੁੰਦੀ ਸੀ। ਪਿੰਡ ਦੇ ਲੋਕਾਂ ਵਿੱਚ ਮੋਹ, ਪਿਆਰ, ਅਪਣੱਤ ਅਤੇ ਦੁੱਖ ਸੁੱਖ ਦੀ ਸਾਂਝ ਉਨ੍ਹਾਂ ਦੇ ਜੀਵਨ ਵਿੱਚੋਂ ਝਲਕਦੀ ਸੀ। ਇਹ ਸਾਂਝ ਹੀ ਉਨ੍ਹਾਂ ਨੂੰ ਇੱਕ ਲੜੀ ਵਿੱਚ ਪਰੋਈ ਰੱਖਦੀ। ਭਾਵੇਂ ਲੋਕ ਬਹੁਤ ਸਾਰੀਆਂ ਥੁੜ੍ਹਾਂ ਨਾਲ ਜੂਝਦੇ ਸਨ, ਪ੍ਰੰਤੂ ਫਿਰ ਵੀ ਚਿਹਰੇ ਦੀ ਰੌਣਕ, ਖ਼ੁਸ਼ੀ ਅਤੇ ਸੰਤੁਸ਼ਟੀ ਦੇ ਭਾਵ ਸਪੱਸ਼ਟ ਨਜ਼ਰ ਆਉਂਦੇ ਸਨ। ਸਰੀਰਕ ਡੀਲ ਡੌਲ ਅਤੇ ਚਿਹਰੇ ਦਾ ਜਲੌਅ ਉਨ੍ਹਾਂ ਦੇ ਤੰਦਰੁਸਤ ਅਤੇ ਤਗੜੇ ਹੋਣ ਦਾ ਪ੍ਰਮਾਣ ਹੁੰਦਾ ਸੀ।

ਲੋਕ ਪਿੰਡ ਦੀਆਂ ਸੱਥਾਂ ਵਿੱਚ ਜੁੜ ਕੇ ਬੈਠਦੇ ਤੇ ਮਹੱਤਵਪੂਰਨ ਮਸਲਿਆਂ 'ਤੇ ਵਿਚਾਰ ਚਰਚਾ ਕਰਦੇ। ਛੋਟੇ ਮੋਟੇ ਝਗੜੇ ਪਿੰਡ ਵਿੱਚ ਹੀ ਨਿਪਟਾ ਲਏ ਜਾਂਦੇ ਸਨ। ਪੰਚਾਇਤ ਦਾ ਫ਼ੈਸਲਾ ਪਰਮੇਸ਼ਰ ਦਾ ਫ਼ੈਸਲਾ ਸਮਝਿਆ ਜਾਂਦਾ ਸੀ, ਪ੍ਰੰਤੂ ਅਜੋਕੇ ਵਿਸ਼ਵੀਕਰਨ, ਉਦਯੋਗੀਕਰਨ, ਤਕਨੀਕੀਕਰਨ, ਢਾਂਚਾਗਤ ਵਿਕਾਸ ਅਤੇ ਜੀਵਨ ਦੀਆਂ ਬਦਲਦੀਆਂ ਕੀਮਤਾਂ ਅਤੇ ਵਿਸ਼ਵਾਸਾਂ ਨੇ ਪਿੰਡਾਂ ਦੀ ਜ਼ਿੰਦਗੀ 'ਤੇ ਬਹੁਤ ਗਹਿਰਾ ਅਸਰ ਪਾਇਆ ਹੈ।

ਪਿੰਡਾਂ ਦੀ ਜ਼ਿੰਦਗੀ ਬੜੀ ਸਹਿਜ ਹੋਇਆ ਕਰਦੀ ਸੀ। ਮੁਰਗੇ ਦੀ ਬਾਂਗ ਦੇਣ ਨਾਲ ਹੀ ਜ਼ਿੰਦਗੀ ਦੀ ਹਰਕਤ ਸ਼ੁਰੂ ਹੋ ਜਾਂਦੀ ਸੀ। ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਖੇਤੀ ਦਾ ਜ਼ਿਆਦਾਤਰ ਕੰਮ ਬਲਦਾਂ ਤੇ ਊਠਾਂ ਨਾਲ ਕੀਤਾ ਜਾਂਦਾ ਸੀ।

ਕਿਸਾਨ ਤੋਂ ਇਲਾਵਾ ਹੋਰ ਕਿੱਤਿਆਂ ਵਾਲੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਕਿੱਤੇ ਨਾਲ ਜੁੜੇ ਹੁੰਦੇ ਸਨ। ਖੇਤੀ ਪੂਰੇ ਪਿੰਡ ਦੀਆਂ ਲੋੜਾਂ ਪੂਰੀਆਂ ਕਰਦੀ। ਜਿੱਥੇ ਦਾਣੇ ਕੱਢਣ ਤੋਂ ਬਾਅਦ ਕਿਸਾਨ ਦੇ ਘਰ ਫ਼ਸਲ ਆਉਂਦੀ, ਉੱਥੇ ਪਿੰਡ ਦੇ ਤਰਖਾਣ, ਮੋਚੀ, ਦਰਜੀ, ਘੁਮਿਆਰ ਆਦਿ ਨੂੰ ਵੀ ਕੰਮ ਕਰਾਉਣ ਬਦਲੇ ਦਾਣਿਆਂ ਦਾ ਕੁੱਝ ਹਿੱਸਾ ਦਿੱਤਾ ਜਾਂਦਾ ਜਿਸ ਨੂੰ ਸੇਫੀ ਕਹਿੰਦੇ ਸਨ। ਪਹੁ ਫੁਟਾਲੇ ਤੋਂ ਪਹਿਲਾਂ ਹੀ ਹਾਲੀ ਖੇਤਾਂ ਵਿੱਚ ਹਲ ਜੋੜ ਲੈਂਦੇ। ਇਸੇ ਸਮੇਂ ਸੁਆਣੀਆਂ ਰਿੜਕਣੇ ਵਿੱਚ ਮਧਾਣੀ ਪਾ ਕੇ ਦੁੱਧ ਰਿੜਕਣ ਲੱਗ ਜਾਂਦੀਆਂ। ਜਿੱਥੇ ਖੇਤਾਂ ਵਿੱਚ ਲੋਕ ਇਕੱਠੇ ਮਿਲ ਕੇ ਕੰਮ ਕਰਦੇ, ਉੱਥੇ ਔਰਤਾਂ ਵੀ ਆਪਣਾ ਕੰਮ ਨਿਪਟਾ ਕੇ ਕੱਤਣ, ਕੱਢਣ ਦਾ ਕੰਮ ਇਕੱਠੀਆਂ ਬੈਠ ਕੇ ਕਰਦੀਆਂ। ਜਦੋਂ ਕੰਮ ਦਾ ਜ਼ੋਰ ਹੁੰਦਾ ਤਾਂ ਲੋਕ ਲੋਕ ਇੱਕ ਦੂਸਰੇ ਨਾਲ ਬਿੜੀ ਕਰਕੇ ਹਾੜ੍ਹੀ ਵੱਢਦੇ, ਦਾਣਿਆਂ ਦੀ ਕਢਾਈ ਕਰਦੇ। ਗਰਮੀਆਂ ਵਿੱਚ ਸਾਰੇ ਪਿੰਡ ਦੇ ਲੋਕ ਮਿਲ ਕੇ ਹੀ ਦਰੱਖਤਾਂ ਥੱਲੇ ਦੁਪਹਿਰੇ ਕੱਟਦੇ। ਇਸ ਤਰ੍ਹਾਂ ਪਿੰਡਾਂ ਦੇ ਲੋਕਾਂ ਦੀ ਹਰ ਕਿਰਿਆ ਵਿੱਚ ਮੇਲ ਮਿਲਾਪ ਝਲਕਦਾ ਸੀ ਅਤੇ ਅੱਜ ਦੀ ਜ਼ਿੰਦਗੀ ਵਾਂਗ ਇਕੱਲੇਪਣ ਜਾਂ ਨਿਰਾਸ਼ਤਾ ਲਈ ਕੋਈ ਥਾਂ ਨਹੀਂ ਸੀ ਹੁੰਦੀ।

ਪਿੰਡ ਦੇ ਲੋਕਾਂ ਦੇ ਦੁੱਖ ਸੁੱਖ ਸਾਂਝੇ ਹੁੰਦੇ ਸਨ। ਕਿਸੇ ਇੱਕ ਦੇ ਦੁੱਖ ਨੂੰ ਸਾਰੇ ਪਿੰਡ ਦਾ ਦੁੱਖ ਸਮਝਿਆ ਜਾਂਦਾ ਸੀ। ਜੇਕਰ ਕਿਸੇ ਦੇ ਪਸ਼ੂ ਡੰਗਰ ਦਾ ਨੁਕਸਾਨ ਹੋ ਜਾਂਦਾ ਸੀ ਤਾਂ ਵੀ ਸਾਰੇ ਪਿੰਡ ਦੇ ਲੋਕ ਅਫ਼ਸੋਸ ਕਰਨ ਘਰ ਆਉਂਦੇ ਸਨ। ਜੇਕਰ ਕਿਸੇ ਘਰ ਮੌਤ ਹੁੰਦੀ ਸੀ ਤਾਂ ਸਾਰਾ ਪਿੰਡ ਅਫ਼ਸੋਸ ਕਰਨ ਲਈ ਸੱਥਰ 'ਤੇ ਬੈਠਾ ਹੁੰਦਾ। ਭੋਗ ਪੈਣ ਤੱਕ ਰਾਤ ਨੂੰ ਵੀ ਬਹੁਤ ਸਾਰੇ ਲੋਕ ਮਰਗਤ ਵਾਲੇ ਦੇ ਘਰ ਸੌਂਦੇ। ਜੇਕਰ ਇਸ ਸਮੇਂ ਕੰਮ ਦਾ ਜ਼ੋਰ ਹੁੰਦਾ ਤਾਂ ਸਾਰਾ ਪਿੰਡ ਮਿਲ ਕੇ ਉਨ੍ਹਾਂ ਦਾ ਕੰਮ ਕਰ ਦਿੰਦਾ। ਇਸੇ ਤਰ੍ਹਾਂ ਲੋਕਾਂ ਦੀਆਂ ਖ਼ੁਸ਼ੀਆਂ ਵੀ ਸਾਂਝੀਆਂ ਹੁੰਦੀਆਂ ਸਨ। ਵਿਆਹ ਵਾਲੇ ਘਰ ਵਿਆਹ ਤੋਂ ਕਈ ਦਿਨ ਪਹਿਲਾਂ ਕੋਠੇ 'ਤੇ ਮੰਜੇ ਜੋੜ ਕੇ ਸਪੀਕਰ ਲਾ ਦਿੱਤਾ ਜਾਂਦਾ ਸੀ। ਵਿਆਹ ਵਾਲੇ ਮੁੰਡੇ ਜਾਂ ਕੁੜੀ ਦੇ ਘਰ ਆ ਕੇ ਵਿਆਹ ਤੋਂ ਕਈ ਦਿਨ ਪਹਿਲਾਂ ਪਿੰਡ ਦੀਆਂ ਔਰਤਾਂ ਮੁੰਡੇ ਦੇ ਵਿਆਹ 'ਤੇ ਸੁਹਾਗ ਤੇ ਕੁੜੀ ਦੇ ਵਿਆਹ 'ਤੇ ਘੋੜੀਆਂ ਗਾਉਂਦੀਆਂ। ਵਿਆਹ ਕਈ ਕਈ ਦਿਨ

**ਸੁਖਪਾਲ ਸਿੰਘ ਬਰਨ**

ਚੱਲਦਾ ਤੇ ਪੂਰੇ ਪਿੰਡ ਦੀ ਰੋਟੀ ਵਿਆਹ ਵਾਲੇ ਘਰ ਹੁੰਦੀ। ਵਿਆਹ ਵਾਲੇ ਘਰ ਵਿੱਚ ਰਿਸ਼ਤੇਦਾਰਾਂ ਦੇ ਸੌਣ ਦਾ ਪ੍ਰਬੰਧ ਕਰਨ ਲਈ ਪੂਰੇ ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕੀਤੇ ਜਾਂਦੇ। ਬਰਾਤਾਂ ਰਾਤਾਂ ਰਿਹਾ ਕਰਦੀਆਂ ਸਨ। ਹੁਣ ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋਣ ਕਾਰਨ ਅੱਜ ਕੱਲ੍ਹ ਖ਼ੁਸ਼ੀ ਗ਼ਮੀ ਵਿੱਚ ਸ਼ਾਮਿਲ ਹੋਣਾ ਵੀ ਰਸਮੀ ਜਿਹਾ ਹੋ ਕੇ ਰਹਿ ਗਿਆ ਹੈ। ਕਈ ਵਾਰ ਤਾਂ ਖ਼ੁਸ਼ੀ ਦੀਆਂ ਵਧਾਈਆਂ ਤੇ ਗ਼ਮੀ ਦਾ ਅਫ਼ਸੋਸ ਸਿਰਫ਼ ਮੋਬਾਈਲ ਫੋਨਾਂ 'ਤੇ ਹੀ ਕਰ ਦਿੱਤਾ ਜਾਂਦਾ ਹੈ। ਜ਼ਿੰਦਗੀ ਦੀ ਕਾਹਲ ਕਾਰਨ ਵਿਆਹ ਮਹਿਜ਼ ਕੁੱਝ ਘੰਟਿਆਂ ਦੇ ਪ੍ਰੋਗਰਾਮ ਬਣ ਕੇ ਰਹਿ ਗਏ ਹਨ। ਅੱਜਕੱਲ੍ਹ ਪਿੰਡ ਦੇ ਲੋਕ ਰਾਜਨੀਤਿਕ ਧੜਿਆਂ ਵਿੱਚ ਵੰਡੇ ਹੋਏ ਹਨ ਅਤੇ ਮੋਹ ਅਤੇ ਅਪਣੱਤ ਦੀ ਪਹਿਲਾਂ ਵਾਲੀ ਭਾਵਨਾ ਨਜ਼ਰ ਨਹੀਂ ਆਉਂਦੀ। ਪਹਿਲਾਂ ਵਾਲੇ ਸਮਿਆਂ ਵਿੱਚ ਮਨੋਰੰਜਨ ਦੇ ਸਾਧਨ ਵੀ ਅਜਿਹੇ ਸਨ ਕਿ ਲੋਕ ਇਕੱਠੇ ਹੋ ਕੇ ਮਨੋਰੰਜਨ ਕਰਦੇ। ਲੋਹੜੀ, ਵਿਸਾਖੀ ਅਤੇ ਹੋਰ ਮਹੱਤਵਪੂਰਨ ਦਿਨਾਂ 'ਤੇ ਲੱਗਦੇ ਮੇਲੇ ਮਨੋਰੰਜਨ ਦਾ ਮੁੱਖ ਸਾਧਨ ਹੁੰਦੇ ਸਨ। ਮੇਲਾ ਦੇਖਣ ਦਾ ਅਜੀਬ ਚਾਅ ਹੁੰਦਾ ਸੀ। ਮੇਲੇ ਤੋਂ ਕਈ ਕਈ ਦਿਨ ਪਹਿਲਾਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ, ਨਵੇਂ ਕੱਪੜੇ ਸਿਵਾਏ ਜਾਂਦੇ, ਖੇਤੀਬਾੜੀ ਨਾਲ ਸਬੰਧਿਤ ਤੇ ਹੋਰ ਘਰੇਲੂ ਕੰਮ ਧੰਦੇ ਪਹਿਲਾਂ ਹੀ ਨਿਬੇੜ ਲਏ ਜਾਂਦੇ ਸਨ। ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਬੜੇ ਚਾਅ ਨਾਲ ਟੋਲੀਆਂ ਬਣਾ ਕੇ ਮੇਲਾ ਦੇਖਣ ਜਾਂਦੀਆਂ। ਮੇਲਿਆਂ ਵਿੱਚ ਹੁੰਦੀਆਂ ਘੋਲ, ਕਬੱਡੀਆਂ ਆਕਰਸ਼ਣ ਦਾ ਮੁੱਖ ਕੇਂਦਰ ਹੋਇਆ ਕਰਦੇ ਸਨ। ਮੇਲਿਆਂ ਤੋਂ ਇਲਾਵਾ ਪਿੰਡਾਂ ਦੇ ਅਖਾੜਿਆਂ ਵਿੱਚ ਹੁੰਦੀਆਂ ਕੁਸ਼ਤੀਆਂ, ਕਬੱਡੀ, ਮੁਗਦਰ ਚੁੱਕਣ ਦੇ ਮੁਕਾਬਲੇ ਅਤੇ ਪਿੰਡਾਂ ਵਿੱਚ ਪੈਂਦੀਆਂ ਬਾਜ਼ੀਆਂ ਵੀ ਮਨੋਰੰਜਨ ਦਾ ਅਹਿਮ ਸਾਧਨ ਹੁੰਦੇ ਸਨ। ਪਿੰਡਾਂ ਵਿੱਚ ਕਵੀਸ਼ਰੀ ਗਾਉਣ ਵਾਲੇ ਕਵੀਸ਼ਰ ਅਤੇ ਢੱਡ ਸਾਰੰਗੀ 'ਤੇ ਗਾਉਣ ਵਾਲੇ ਗਵੱਈਆਂ ਨੂੰ ਲੋਕ ਬੜੇ ਚਾਅ ਨਾਲ ਸੁਣਦੇ। ਜਿੱਥੇ ਪੁਰਾਣੇ ਸਮਿਆਂ ਵਿੱਚ ਮਨੋਰੰਜਨ ਦੇ ਸਾਧਨ ਲੋਕਾਂ ਨੂੰ ਜੋੜਦੇ ਸਨ, ਉੱਥੇ ਅਜੋਕੇ ਸਮੇਂ ਵਿੱਚ ਮਨੋਰੰਜਨ ਦੇ ਮੁੱਖ ਸਾਧਨ ਟੀਵੀ ਅਤੇ ਮੋਬਾਈਲ ਆਦਿ ਵਿਅਕਤੀ ਨੂੰ ਸਮਾਜ ਅਤੇ ਪਰਿਵਾਰ ਨਾਲੋਂ ਤੋੜਦੇ ਹਨ। ਪੁਰਾਤਨ ਪਿੰਡ ਦੇ ਲੋਕਾਂ ਦੇ ਰਿਸ਼ਤਿਆਂ ਦੀ ਤੰਦ ਬੜੀ ਮਜ਼ਬੂਤ ਹੁੰਦੀ ਸੀ। ਰਿਸ਼ਤੇ ਨਿਭਾਏ ਜਾਂਦੇ ਸਨ ਅਤੇ ਲੰਬਾ ਸਮਾਂ ਚੱਲਦੇ ਸਨ। ਮੁੰਡੇ-ਕੁੜੀ ਦਾ ਰਿਸ਼ਤਾ ਕਰਨ ਲਈ ਅੱਜ ਵਾਂਗ ਦੇਖ ਦਿਖਾਈ ਦਾ ਰਿਵਾਜ ਨਹੀਂ ਸੀ ਹੁੰਦਾ। ਕੋਈ ਨਜ਼ਦੀਕੀ ਜਦੋਂ ਰਿਸ਼ਤਾ ਲੈ ਕੇ ਆਉਂਦਾ ਸੀ ਤਾਂ ਗੱਲਬਾਤ ਕਰਨ ਤੋਂ ਬਾਅਦ ਲਾਗੀ ਹੱਥ ਰੁਪਈਆ ਦੇ ਕੇ ਰਿਸ਼ਤਾ ਪੱਕਾ ਕਰਨ ਲਈ ਭੇਜ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਕੀਤੇ ਹੋਏ ਰਿਸ਼ਤੇ ਤਾਉਮਰ ਨਿਭ ਜਾਂਦੇ ਸਨ। ਪੁਰਾਣੇ ਸਮਿਆਂ ਦੇ ਗੀਤਾਂ, ਮੁਹਾਵਰਿਆਂ ਅਖੌਤਾਂ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਦਿਓਰ-ਭਰਜਾਈ ਦਾ ਰਿਸ਼ਤਾ ਬੜੀ ਮੋਹ ਤੇ ਅਪਣੱਤ ਵਾਲਾ ਹੁੰਦਾ ਸੀ, ਪ੍ਰੰਤੂ ਇਸ ਦੇ ਉਲਟ ਜੇਠ-ਭਰਜਾਈ ਦਾ ਰਿਸ਼ਤਾ ਬਹੁਤਾ ਸੁਖਾਵਾਂ ਨਹੀਂ ਸੀ ਹੁੰਦਾ। ਨੂੰਹ-ਸੱਸ ਦੇ ਰਿਸ਼ਤੇ ਵਿੱਚੋਂ ਸੱਸ ਨੂੰ ਤਾਕਤਵਰ ਅਤੇ ਰੋਅਬ ਜਮਾਉਣ ਵਾਲੀ ਦਰਸਾਇਆ ਗਿਆ ਹੈ। ਨਣਦ-ਭਰਜਾਈ ਦੀ ਦਿਲੀ ਸਾਂਝ ਹੁੰਦੀ ਸੀ ਅਤੇ ਉਨ੍ਹਾਂ ਦੇ ਬਹੁਤ ਸਾਰੇ ਰਾਜ਼ ਸਾਂਝੇ ਹੁੰਦੇ ਸਨ। ਵਿਆਹ ਸ਼ਾਦੀ ਦੇ ਸਮੇਂ ਰਿਸ਼ਤੇਦਾਰ ਕਈ ਕਈ ਦਿਨ ਪਹਿਲਾਂ ਕੰਮ ਕਰਵਾਉਣ ਲਈ ਆ ਜਾਂਦੇ ਸਨ। ਨਾਨਕੇ ਮੇਲ ਦੀ ਪੂਰੀ ਧਾਂਕ ਹੁੰਦੀ ਸੀ। ਨਾਨਕਿਆਂ ਵੱਲੋਂ ਜਾਗੋ ਕੱਢਣੀ ਅਤੇ ਛੱਜ ਤੋੜਨਾ ਵਿਆਹ ਦੀ ਇੱਕ ਖ਼ਾਸ ਰਸਮ ਹੁੰਦੀ ਸੀ। ਨਾਨਕਾ ਮੇਲ ਪੂਰੇ ਪਿੰਡ ਵਿੱਚ ਗੇੜਾ ਮਾਰਦਾ ਅਤੇ ਪਿੰਡ ਦੇ ਪਰਨਾਲੇ ਤੋੜੇ ਜਾਂਦੇ ਸਨ।

ਅੱਜਕੱਲ੍ਹ ਦੇ ਰਿਸ਼ਤਿਆਂ ਵਿੱਚ ਸਵਾਰਥ ਅਤੇ ਮਤਲਬਪ੍ਰਸਤੀ ਭਾਰੂ ਹੋ ਗਈ ਹੈ। ਰਿਸ਼ਤੇ ਭਾਵੇਂ ਦੇਖ ਪਰਖ ਕੇ ਅਤੇ ਲੈਣ ਦੇਣ ਮੁਕਾ ਕੇ ਕੀਤੇ ਜਾਂਦੇ ਹਨ, ਪ੍ਰੰਤੂ ਰਿਸ਼ਤਿਆਂ ਦੀ ਉਮਰ ਬਹੁਤ ਲੰਬੀ ਨਹੀਂ ਹੁੰਦੀ। ਤਲਾਕ ਦੇ ਕੇਸ ਲਗਾਤਾਰ ਵਧ ਰਹੇ ਹਨ। ਭਰਾ ਵੱਲੋਂ ਭਰਾ ਅਤੇ ਪੁੱਤਰ ਵੱਲੋਂ ਪਿਤਾ ਦੇ ਕਤਲ ਦੀਆਂ ਖ਼ਬਰਾਂ ਵੀ ਦੇਖਣ ਨੂੰ ਮਿਲ ਜਾਂਦੀਆਂ ਹਨ।

ਪੁਰਾਣੇ ਸਮਿਆਂ ਵਿੱਚ ਜ਼ਿਆਦਾਤਰ ਕੰਮ ਜ਼ੋਰ ਨਾਲ ਕੀਤਾ ਜਾਂਦਾ ਸੀ। ਇਸ ਬਾਰੇ ਇੱਕ ਕਹਾਵਤ ਮਸ਼ਹੂਰ ਸੀ ਕਿ 'ਘਰ ਦਾ ਭਾਵੇਂ ਮਾੜਾ ਹੋਵੇ, ਪਰ ਜ਼ੋਰ ਦਾ ਮਾੜਾ ਨਾ ਹੋਵੇ।' ਇਸ ਲਈ ਸਰੀਰ ਨੂੰ ਤਾਕਤਵਰ ਤੇ ਜ਼ੋਰਾਵਰ ਰੱਖਣ ਲਈ ਖ਼ੁਰਾਕ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਰੋਜ਼ਾਨਾ ਦੀ ਖ਼ੁਰਾਕ ਵਿੱਚ ਦੁੱਧ, ਲੱਸੀ, ਮੱਖਣ ਅਤੇ ਘਿਓ ਦੀ ਭਰਮਾਰ ਹੁੰਦੀ ਸੀ। ਦੁੱਧ ਵੇਚਣ ਦਾ ਰਿਵਾਜ ਨਹੀਂ ਸੀ। ਦੇਸੀ ਘਿਓ ਜੋੜਿਆ ਜਾਂਦਾ ਸੀ। ਘਰਾਂ ਵਿੱਚ ਦੇਸੀ ਘਿਓ ਨੂੰ ਘੜੇ ਜਾਂ ਪੀਪੇ ਵਿੱਚ ਭਰ ਕੇ ਰੱਖਿਆ ਜਾਂਦਾ ਸੀ।

ਸਰਦੀਆਂ ਵਿੱਚ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਸਭ ਤੋਂ ਸਵਾਦ ਪਕਵਾਨ ਮੰਨਿਆ ਜਾਂਦਾ ਸੀ। ਗਰਮੀਆਂ ਵਿੱਚ ਦਲੀਆ, ਖਿਚੜੀ, ਭੁੰਨੇ ਦਾਣਿਆਂ ਵਿੱਚ ਮਿੱਠਾ ਰਲਾ ਕੇ ਸੱਤੂ ਬਣਾ ਕੇ ਖਾਇਆ ਜਾਂਦਾ ਸੀ। ਵਿਆਹ ਸ਼ਾਦੀਆਂ 'ਤੇ ਦੇਸੀ ਘਿਓ ਦੇ ਲੱਡੂ-ਜਲੇਬੀਆਂ ਬਣਾਏ ਜਾਂਦੇ ਸਨ। ਤਿੱਥ ਤਿਉਹਾਰ 'ਤੇ ਕੜਾਹ-ਪ੍ਰਸ਼ਾਦ, ਖੀਰ, ਪੂੜੇ, ਗੁਲਗੁਲੇ, ਮੱਠੀਆਂ ਆਦਿ ਬਣਾਏ ਜਾਂਦੇ ਸਨ। ਛੋਲਿਆਂ ਦੇ ਭੁੰਨੇ ਦਾਣੇ, ਮੱਕੀ ਦੀਆਂ ਛੱਲੀਆਂ, ਖੋਏ ਦੀਆਂ ਪਿੰਨੀਆਂ, ਚੌਲਾਂ ਦੀਆਂ ਪਿੰਨੀਆਂ, ਕਣਕ ਅਤੇ ਤਿਲਾਂ ਦੇ ਮੂੰਡੇ ਵੀ ਸ਼ੁੱਧ ਤਰੀਕੇ ਨਾਲ ਘਰ ਤਿਆਰ ਕਰਕੇ ਖਾਏ ਜਾਂਦੇ ਸਨ। ਇਨ੍ਹਾਂ ਖਾਣਿਆਂ ਦੀ ਇਹ ਵਿਸ਼ੇਸ਼ਤਾ ਸੀ ਕਿ ਇਹ ਪੂਰੀ ਤਰ੍ਹਾਂ ਸ਼ੁੱਧ ਅਤੇ ਮਿਲਾਵਟ ਰਹਿਤ ਹੁੰਦੇ ਸਨ।


ਪੰਜਾਬੀਆਂ ਦੇ ਤਕੜੇ ਡੀਲ-ਡੌਲ ਅਤੇ ਤਾਕਤਵਾਰ ਜੁੱਸਿਆਂ ਦਾ ਕਾਰਨ ਉਨ੍ਹਾਂ ਦੀ ਸ਼ੁੱਧ ਖੁਰਾਕ ਹੀ ਸੀ, ਪ੍ਰੰਤੂ ਅੱਜ ਖਾਣਿਆਂ ਵਿੱਚ ਬਹੁਤ ਤਬਦੀਲੀ ਆਈ ਹੈ। ਅੱਜ ਦੀ ਨੌਜਵਾਨ ਪੀੜ੍ਹੀ ਫਾਸਟ ਫੂਡ ਅਤੇ ਬਾਜ਼ਾਰੂ ਖਾਣਿਆਂ 'ਤੇ ਨਿਰਭਰ ਹੁੰਦੀ ਜਾ ਰਹੀ ਹੈ। ਪੀਜ਼ੇ, ਬਰਗਰ, ਮੋਮੋਜ਼ ਆਦਿ ਦੇ ਸਿਹਤ 'ਤੇ ਪੈ ਰਹੇ ਮਾੜੇ ਪ੍ਰਭਾਵ ਨਜ਼ਰ ਆ ਰਹੇ ਹਨ। ਆਪਣੇ ਸ਼ੁੱਧ ਪੁਰਾਤਨ ਖਾਣਿਆਂ ਤੋਂ ਦੂਰ ਹੋਣਾ ਅਤੇ ਬਾਜ਼ਾਰੂ ਖਾਣਿਆਂ 'ਤੇ ਨਿਰਭਰ ਹੋਣ ਕਾਰਨ ਬਿਮਾਰੀਆਂ ਦਾ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਆਧੁਨਿਕ ਵਿਕਾਸ ਦੇ ਕਾਰਨ ਪਿੰਡਾਂ ਦਾ ਮੁਹਾਂਦਰਾ ਕਾਫ਼ੀ ਹੱਦ ਤੱਕ ਬਦਲ ਗਿਆ ਹੈ। ਪੁਰਾਣੇ ਪਿੰਡਾਂ ਦੀ ਪਛਾਣ ਉਸ ਦੇ ਗੁਹਾਰਿਆਂ ਤੋਂ ਹੁੰਦੀ ਸੀ। ਪਿੰਡਾਂ ਦੇ ਗੁਹਾਰਿਆਂ ਦੀ ਬਣਤਰ ਤੋਂ ਪਿੰਡਾਂ ਦੇ ਸੁਚੱਜੇਪਣ ਦਾ ਅੰਦਾਜ਼ਾ ਲਗਾ ਲਿਆ ਜਾਂਦਾ ਸੀ, ਪ੍ਰੰਤੂ ਅੱਜਕੱਲ੍ਹ ਆਧੁਨਿਕ ਵਿਕਾਸ ਦੇ ਕਾਰਨ ਕੱਚੇ ਘਰਾਂ ਦੀ ਥਾਂ ਪੱਕੀਆਂ ਕੋਠੀਆਂ ਨੇ ਲੈ ਲਈ ਹੈ। ਪੁਰਾਣੇ ਘਰਾਂ ਦੇ ਦਰਵਾਜ਼ੇ, ਬਰਾਂਡੇ, ਸਬਾਤ, ਝਲਾਨੀ ਵਰਗੇ ਸ਼ਬਦ ਅੱਜ ਦੇ ਆਧੁਨਿਕ ਘਰਾਂ ਵਿੱਚੋਂ ਗਾਇਬ ਹਨ। ਜਿਹੜੇ ਪਿੰਡ ਰਾਜ ਜਾਂ ਰਾਸ਼ਟਰੀ ਮਾਰਗ 'ਤੇ ਪੈਂਦੇ ਹਨ, ਉੱਥੇ ਵੱਡੀਆਂ ਸੜਕਾਂ, ਓਵਰ ਬਰਿੱਜ, ਅੰਡਰ ਬਰਿੱਜ, ਆਊਟਲੈੱਟ, ਫੈਕਟਰੀਆਂ ਆਦਿ ਹੋਂਦ ਵਿੱਚ ਆ ਗਏ ਹਨ। ਇਨ੍ਹਾਂ ਦੀ ਉਸਾਰੀ ਨੇ ਪਿੰਡ ਅਤੇ ਸ਼ਹਿਰ ਦਾ ਪਾੜਾ ਖ਼ਤਮ ਕਰ ਦਿੱਤਾ ਹੈ ਅਤੇ ਪਿੰਡਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਦਿੱਤਾ ਹੈ।

ਜੇਕਰ ਅਸੀਂ ਪੁਰਾਤਨ ਅਤੇ ਆਧੁਨਿਕ ਪਿੰਡਾਂ ਦੇ ਬਦਲਾਅ ਦੀ ਗੱਲ ਕਰੀਏ ਤਾਂ ਪਿਛਲੇ ਚਾਰ ਦਹਾਕਿਆਂ ਵਿੱਚ ਪਿੰਡਾਂ ਦੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਬਹੁਤ ਬਦਲਾਅ ਆਇਆ ਹੈ। ਆਧੁਨਿਕਤਾ ਦੀ ਤੇਜ਼ ਤਰਾਰ ਦੌੜ ਕਾਰਨ ਹੁਣ ਪਿੰਡਾਂ ਦੀ ਜ਼ਿੰਦਗੀ ਵਿਚਲੀ ਸਹਿਜਤਾ ਲਗਭਗ ਖ਼ਤਮ ਹੋ ਰਹੀ ਹੈ। ਸਾਡੇ ਰਹਿਣ ਸਹਿਣ, ਸੱਭਿਆਚਾਰ, ਪਹਿਰਾਵਾ, ਖਾਣ-ਪੀਣ ਅਤੇ ਰਸਮ ਰਿਵਾਜਾਂ ਵਿੱਚ ਵੱਡੀ ਪੱਧਰ 'ਤੇ ਬਦਲਾਅ ਆਇਆ ਹੈ। ਪਿੰਡ ਦੀ ਜ਼ਿੰਦਗੀ ਵਿੱਚ ਸਹਿਜ, ਸੰਜਮ, ਸਬਰ-ਸੰਤੋਖ ਦੀ ਘਾਟ ਨਜ਼ਰ ਆਉਂਦੀ ਹੈ। ਰਿਸ਼ਤੇ ਨਾਤੇ ਪਹਿਲਾਂ ਨਾਲੋਂ ਕਮਜ਼ੋਰ ਹੋਏ ਹਨ। ਕਿਰਤ ਕਰੋ ਅਤੇ ਵੰਡ ਛਕਣ ਦੇ ਸੰਕਲਪ ਨੂੰ ਢਾਹ ਲੱਗੀ ਹੈ। ਉਪਰੋਕਤ ਕਦਰਾਂ ਕੀਮਤਾਂ ਦੇ ਘਟਣ ਕਾਰਨ ਤੇ ਅੱਜ ਦੀ ਸਵਾਰਥ ਭਰੀ ਅਤੇ ਤੇਜ਼ ਤਰਾਰ ਜ਼ਿੰਦਗੀ ਨੂੰ ਦੇਖ ਕਿ ਹੁਣ ਇਹ ਕਹਿਣਾ ਮੁਸ਼ਕਿਲ ਲੱਗਦਾ ਹੈ ਕਿ ਪਿੰਡਾਂ ਵਿੱਚ ਰੱਬ ਵਸਦਾ ਹੈ।







## ਰੁੱਖਾਂ ਦਾ ਡਾਕੀਆ

ਕਦੇ ਕਿਸੇ ਦੇ ਪੀਲੇ ਪੱਤਰ
ਕਦੇ ਕਿਸੇ ਦੇ ਸਾਵੇ
ਰੋਜ਼ ਡਾਕੀਆ ਲੱਭਦਾ ਰਹਿੰਦੈ
ਰੁੱਖਾਂ ਦੇ ਸਿਰਨਾਵੇਂ।
ਕੱਲ੍ਹ ਖੜ੍ਹਾ ਸੀ ਡੇਕ ਦੀ ਛਾਵੇਂ
ਪੁੱਛਦਾ ਸੀ ਕੁਝ ਨਾਂ
ਕਿੱਥੇ ਮਿਲੇਗਾ ਨਿੰਮ ਨਿਮਾਣਾ
ਸੰਘਣੀ ਜੀਹਦੀ ਛਾਂ।
ਕੁਝ ਖ਼ਤ ਬਾਬੇ ਬੋਹੜਾਂ ਦੇ ਨਾਂ
ਸੁੰਨੀਆਂ ਹੋਈਆਂ ਸੱਥਾਂ
ਪੂਰੇ ਪਿੰਡ ਵਿੱਚ ਇੱਕ ਬਰੋਟਾ
ਬਾਕੀ ਕਿਸ ਨੂੰ ਪੁੱਛਾਂ।
ਕੁਝ ਖ਼ਤ ਆਏ ਪਿੱਪਲ ਦੇ ਨਾਂ
ਪੁੱਛਿਆ ਉਹਦਾ ਹਾਲ
ਕੱਲ੍ਹ ਕਿਸੇ ਨੇ ਰਾਤੀਂ ਜੀਹਦੇ
ਟਾਹਣੇ ਕਰੇ ਹਲਾਲ।
ਅਮਲਤਾਸ ਦੇ ਬਾਰੇ ਪੁੱਛਿਆ
ਕਿੱਥੇ ਉਹਦਾ ਟਿਕਾਣਾ
ਸਾਰੇ ਖੇਤਾਂ ਦੇ ਵਿੱਚ ਟੋਲਿਆ
ਮਿਲਿਆ ਨਹੀਂ ਮਰਜਾਣਾ।
ਇੱਕ ਖ਼ਤ ਬੋਲੇ ਟਾਹਲੀ ਦੇ ਨਾਂ
ਆਇਆ ਪੱਤਰ ਪੀਲਾ
ਲੱਭੇ ਨਾ ਕਿਤੋਂ ਟਾਹਲੀ ਚੰਦਰੀ
ਕੀਤਾ ਹਰ ਵਸੀਲਾ।
ਅਗਲੇ ਖ਼ਤ ਵਿੱਚ ਪੁੱਛਿਆ ਉਹਨੇਂ
ਬਰਨੇ ਦਾ ਸਿਰਨਾਵਾਂ
ਇੱਕ ਦੂਜੇ ਨੂੰ ਪੁੱਛਣ ਲੋਕੀਂ
ਇਹ ਕਿਸ ਰੁੱਖ ਦਾ ਨਾਂਵਾਂ।
ਆਖ਼ਰੀ ਖ਼ਤ ਗੁਲਮੋਹਰਾਂ ਦੇ ਨਾਂ
ਕਿੱਥੇ ਉਹ ਤੁਰ ਗਈਆਂ
ਜੀਹਦੀਆਂ ਠੰਢੀਆਂ ਛਾਵਾਂ ਨੂੰ
ਰੂਹਾਂ ਤਰਸੀਆਂ ਪਈਆਂ।
ਰੋ ਪਈ ਚੰਦਰੀ ਡੇਕ ਨਿਮਾਣੀ
ਸੁਣ ਕੇ ਇਹ ਵਰਤਾਰਾ
ਡਕੀਏ ਦੀ ਅੱਖ ਵਹਿੰਦਾ ਵੇਖਿਆ
ਉਸ ਨੇ ਹੰਝੂ ਖ਼ਾਰਾ
ਰੋਂਦੀ ਡੇਕ ਨੂੰ ਬੁੱਕਲ ਲੈ ਕੇ
ਦੇਵੇ ਦਿਲੋਂ ਦਿਲਾਸਾ
ਇੱਕ ਨਾ ਇੱਕ ਦਿਨ ਮਿਲ ਜਾਣਗੇ
ਰੱਖੀਂ ਦਿਲ ਵਿੱਚ ਆਸਾ।
ਕਦੇ ਕਿਸੇ ਦੇ ਪੀਲੇ ਪੱਤਰ
ਕਦੇ ਕਿਸੇ ਦੇ ਸਾਵੇ
ਰੋਜ਼ ਡਾਕੀਆ ਲੱਭਦਾ ਰਹਿੰਦੈ
ਰੁੱਖਾਂ ਦੇ ਸਿਰਨਾਵੇਂ।

-ਲਵਲਦੀਪ

## ਰੁੱਖ ਦੀ ਕਹਾਣੀ

ਅੱਖਾਂ ਵਿੱਚ ਮੱਲੋ-ਮੱਲੀ ਭਰ ਆਉਣਾ ਪਾਣੀ
ਜਦ ਸੁਣੇਂਗਾ ਤੂੰ ਬੁੱਢੇ ਰੁੱਖ ਦੀ ਕਹਾਣੀ
ਜਦ ਇੱਥੇ ਸੜਕਾਂ ਨੇ ਕਰੇ ਨੇ ਵਿਕਾਸ ਉਏ
ਤਦ ਸਾਡੇ ਨੂਰੀ ਮੁੱਖ ਹੋਏ ਨੇ ਉਦਾਸ ਉਏ
ਪੁੱਤ-ਪੋਤੇ ਕੱਟ ਦਿੱਤੇ ਧੀ ਜਵਾਂ ਪੱਟ ਦਿੱਤੀ
ਬੇਬੇ ਵੀ ਤਾਂ ਤੇਰੀ ਮੈਥੋਂ ਗਈ ਨਾ ਪਛਾਣੀ
ਅੱਖਾਂ ਵਿੱਚ ਮੱਲੋ-ਮੱਲੀ ਭਰ ਆਉਣਾ ਪਾਣੀ
ਜਦ ਸੁਣੇਂਗਾ ਤੂੰ ਬੁੱਢੇ ਰੁੱਖ ਦੀ ਕਹਾਣੀ
ਸਾਡੀਆਂ ਹੀ ਡਾਲੀਆਂ 'ਤੇ ਪੰਛੀਆਂ ਨੇ ਚੋਲ੍ਹ ਕੀਤੀ
ਸਾਡੀਆਂ ਹੀ ਛਾਵਾਂ ਹੇਠ ਰਾਹੀਆਂ ਪੜਚੋਲ ਕੀਤੀ
ਸਾਡੀਆਂ ਹੀ ਛਾਵਾਂ ਹੇਠ ਰਚੇ ਗਏ ਸੀ ਵੇਦ
ਸਾਡੀਆਂ ਹੀ ਛਾਵਾਂ ਹੇਠ ਰਚੀ ਗਈ ਸੀ ਬਾਣੀ
ਅੱਖਾਂ ਵਿੱਚ ਮੱਲੋ-ਮੱਲੀ ਭਰ ਆਉਣਾ ਪਾਣੀ
ਜਦ ਸੁਣੇਂਗਾ ਤੂੰ ਬੁੱਢੇ ਰੁੱਖ ਦੀ ਕਹਾਣੀ
ਕੁਝ ਕੁ ਦਿਨਾਂ ਦਾ ਪੁੱਤ ਮੈਂ ਵੀ ਮਹਿਮਾਨ
ਕੱਲ੍ਹ ਇਸ ਥਾਂ 'ਤੇ ਲੱਗੇ ਚੌਕ ਦੇ ਨਿਸ਼ਾਨ
ਦੋ ਚਾਰ ਦਿਨ ਗੱਲਾਂ ਕਰਨਗੇ ਲੋਕ ਬਸ
ਹੌਲੀ-ਹੌਲੀ ਤੇਰੇ ਪਿੰਡੋਂ ਯਾਦ ਮੁੱਕ ਜਾਣੀ
ਅੱਖਾਂ ਵਿੱਚ ਮੱਲੋ-ਮੱਲੀ ਭਰ ਆਉਣਾ ਪਾਣੀ
ਜਦ ਸੁਣੇਂਗਾ ਤੂੰ ਬੁੱਢੇ ਰੁੱਖ ਦੀ ਕਹਾਣੀ
ਆਖਦੇ ਸਿਆਣੇ ਰੁੱਖ ਘਰ ਨੇ ਫ਼ਕੀਰਾਂ ਦੇ
ਦੁੱਖ-ਸੁੱਖ 'ਚਰਨੀ' ਨੇ ਸੋਦੇ ਤਕਦੀਰਾਂ ਦੇ
ਝਿੜੀਆਂ ਵੀ ਗੁੰਮ ਨੇ ਤੇ ਚਿੜੀਆਂ ਵੀ ਗੁੰਮ ਨੇ
ਪਾਗਲਾਂ ਦੇ ਟੋਲੇ ਵਿੱਚ ਰੁਲੀ ਗੱਲ ਸਿਆਣੀ
ਅੱਖਾਂ ਵਿੱਚ ਮੱਲੋ-ਮੱਲੀ ਭਰ ਆਉਣਾ ਪਾਣੀ
ਜਦ ਸੁਣੇਂਗਾ ਤੂੰ ਬੁੱਢੇ ਰੁੱਖ ਦੀ ਕਹਾਣੀ।

-ਚਰਨੀ ਬੇਦਿਲ

## ਬੇਬੇ ਐਵੇਂ ਚਾਦਰਾਂ 'ਤੇ

ਵਸਿਓ ਨਾ ਪਿੰਡੋਂ ਬਾਹਰ ਜ਼ੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ
ਵਤਨਾਂ ਦੇ ਵਿੱਚ ਤੁਸੀਂ ਮਿੱਟੀ ਨੂੰ ਸੰਭਾਲਿਓ
ਰੁਲੀ ਜਾਂਦੀ ਵੇਖ ਕੇ ਹਾਏ ਗੌਰ ਫਰਮਾ ਲਿਓ
ਪਰਦੇਸੀਆਂ ਦੇ ਕੋਲ ਐਵੇਂ ਸ਼ੋਰ ਪਾਉਂਦੀ ਰਹਿ ਗਈ
ਓ ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ
ਪੰਜਾਬੀ ਤੋਂ ਦੂਰ ਹੋ ਕੇ ਰੁਲ ਕਿਤੇ ਜਾਇਓ ਨਾ
ਮਾਂ ਬੋਲੀ ਦੇ ਅਹਿਸਾਨ ਨੂੰ ਭੁੱਲ ਕਿਤੇ ਜਾਇਓ ਨਾ
ਵਾਰ ਵਾਰ ਬੋਲ ਕੇ ਉਹ ਗੌਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ
ਭੁੱਲ ਨਾ ਜਾਇਓ ਕਿਤੇ ਸੁਨਹਿਰੀ ਇਤਿਹਾਸ ਨੂੰ,
ਹਿੱਕ ਵਿੱਚ ਰੱਖੋ ਸ਼ਹੀਦਾਂ ਦੇ ਅਹਿਸਾਸ ਨੂੰ
ਸੁਣ ਸੁਣ ਵਾਰਾਂ ਉਹ ਲੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ
ਮਾੜੀ ਹੁੰਦੀ ਜਾਂਦੀ ਤੁਸੀਂ ਹਵਾ ਨੂੰ ਬਚਾ ਲਿਓ
ਘਰਾਂ ਕੋਲ ਆਪਣੇ ਹਾਏ ਰੁੱਖ ਲਗਾ ਲਿਓ
ਲਾ ਲਾ ਕੇ ਉਹ ਰੁੱਖ ਹੋਰ ਹੋਰ ਲਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ
ਵੱਸਿਓ ਨਾ ਪਿੰਡੋਂ ਬਾਹਰ ਜ਼ੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

-ਕੁਲਵੰਤ ਕੁਠਾਲਾ

## ਤਬਾਹੀਆਂ

ਇਹ ਜੰਗ ਤੇ ਅਤਿਵਾਦ ਕਿਸੇ ਦੇ ਮਿੱਤ ਨਹੀਂ
ਜੇ ਇਨਸਾਨੀਅਤ ਹਰਾਈ ਕੋਈ ਜਿੱਤ ਨਹੀਂ
ਜੋ ਘਰੋਂ ਆਏ ਸੀ ਗੋਲੀਆਂ ਨੇ ਮਾਰ ਮੁਕਾਏ
ਜੋ ਘਰਾਂ ਵਿੱਚ ਸੀ ਗੋਲਿਆਂ ਨੇ ਮਾਰ ਮੁਕਾਏ
ਜੰਗਾਂ ਤਾਂ ਹੁੰਦੀਆਂ ਹੀ ਆਈਆਂ ਨੇ ਮੈਂ ਮੰਨਾਂ
ਫ਼ੌਜਾਂ ਤੇ ਫ਼ੌਜਾਂ ਚੜ੍ਹ ਹੀ ਆਈਆਂ ਨੇ ਮੈਂ ਮੰਨਾਂ
ਨਗਾਰੇ ਵੱਜੇ ਤੇ ਭੇਰੀਆਂ ਵਜਾਈਆਂ ਮੈਂ ਮੰਨਾਂ
ਤੀਰ ਵਗਾਏ ਤੇ ਤੇਗਾਂ ਚਲਾਈਆਂ ਮੈਂ ਮੰਨਾਂ
ਕਮਾਨ ਤੇ ਤੀਰਾਂ ਬਿਨਾਂ ਪ੍ਰਭੂ ਰਾਮ ਨੇ ਅਧੂਰੇ
ਸੁਦਰਸ਼ਨ ਚੱਕਰ ਬਿਨ ਪ੍ਰਭੂ ਸ਼ਾਮ ਨੇ ਅਧੂਰੇ
ਵੇਖੋ ਰੋਹ ਵਿੱਚ ਆ ਗਈ ਸ਼ੇਰਾਂ ਵਾਲੀ ਮਾਤਾ
ਪਾਰ ਬੁਲਾ ਦਿੱਤੇ ਨੇ ਸੁੰਭ ਤੇ ਨਿਸੁੰਭ ਭਰਾਤਾ
ਇਸ ਤੇਗ ਨੇ (ਗੁਰੂ) ਪਿਤਾ ਤੋਂ ਵਿਛੋੜੇ ਗੋਬਿੰਦ ਰਾਏ
ਤੇਗ ਲਹਿਰਾ ਆਪ ਸੰਗਤ ਵਿੱਚ ਉਹ ਆਏ
ਕੈਸੇ ਗੁਰ ਗੋਬਿੰਦ ਰਾਏ ਨੇ ਚੋਜ ਸੀ ਰਚਾਏ
ਇੱਕ-ਇੱਕ ਕਰ ਪੰਜ ਸੀਸ ਅੱਗੇ ਸੀ ਆਏ
ਬਾਟੇ ਵਿੱਚ ਫਿਰੇ ਖੰਡਾ, ਦੋ ਧਾਰੀ ਤਲਵਾਰ ਹੈ
ਕੀਤਾ ਗੁਰਾਂ ਨੇ ਤਦ ਹੱਥੀਂ ਅੰਮ੍ਰਿਤ ਤਿਆਰ ਹੈ
ਸਿੱਖ ਤੋਂ ਸਿੰਘ ਹੋਣ ਦੀ ਕਿਰਪਾ ਮਹਾਨ ਹੋਈ
ਖੜਗ, ਤੇਗ, ਤਲਵਾਰਾਂ ਤੋਂ ਕਿਰਪਾਨ ਹੋਈ
ਕਿਰਪਾਨ ਜੋ ਮਜ਼ਲੂਮਾਂ ਦੀ ਰਾਖੀ ਲਈ ਉੱਠੇ
ਕਿਰਪਾਨ ਜੋ ਆਨ ਦੀ ਸੱਚੀ ਸਾਖੀ ਲਈ ਉੱਠੇ
ਸ਼ਸਤਰਧਾਰੀ ਸੈਨਿਕ ਰਾਜ ਦਾ ਰਖਵਾਲਾ ਹੈ
ਸ਼ਹੀਦੀ ਤੋਂ ਬੇ-ਖ਼ੌਫ਼ੀ ਵਾਲਾ ਉਹ ਮਤਵਾਲਾ ਹੈ
ਕਿਸੇ ਦੁਸ਼ਟ, ਦੁਸ਼ਮਣ 'ਤੇ ਜਦ ਉਹ ਵਾਰ ਕਰੇ
ਵੱਜ ਲੋਹੇ ਨਾਲ ਲੋਹਾ ਰੋਹ ਭਰੀ ਟਣਕਾਰ ਕਰੇ
ਜ਼ਖ਼ਮ ਦੇਣ ਲਈ ਜੰਗ ਵਿੱਚ ਯੋਧੇ ਤਿਆਰ ਨੇ
ਜ਼ਖ਼ਮੀ ਹੋਣ ਲਈ ਜੰਗ ਵਿੱਚ ਯੋਧੇ ਤਿਆਰ ਨੇ
ਇੱਕ ਦਾ ਕੀਤਾ ਵਾਰ ਦੂਜਾ ਸਿਪਾਹੀ ਸਹਿੰਦਾ ਹੈ
ਕਿਸੇ ਦਾ ਸੂਰਜ ਚੜ੍ਹੇ ਕਿਸੇ ਦਾ ਸੀਸ ਲਹਿੰਦਾ ਹੈ
ਲੜਾਈ ਵਿੱਚ ਮੋਇਆ ਸਿਪਾਹੀ ਕਦ ਘਰ ਆਵੇ
ਜੰਗਨਾਮਿਆਂ ਤੇ ਵਾਰਾਂ ਵਿੱਚ ਸ਼ਹੀਦ ਅਖਵਾਵੇ
ਕੈਸੇ ਫਿਰ ਵਿਗਿਆਨ ਦੇ ਇਹ ਹੜ੍ਹ ਨੇ ਆਏ
ਇੱਕ ਤੋਂ ਵੱਧ ਇੱਕ ਹਥਿਆਰ ਚੜ੍ਹ ਨੇ ਆਏ
ਪਿੰਡਾਂ-ਸ਼ਹਿਰਾਂ ਵਿੱਚ ਤਬਾਹੀ ਮਚਾਉਣ ਲੱਗੇ
ਯੋਧਿਆਂ ਨਾਲ ਪਰਜਾ ਨੂੰ ਵੀ ਸੁਲਾਉਣ ਲੱਗੇ
ਹੌਸਲਾ-ਬਾਹੂਬਲ ਮੂੰਹ ਇੱਕ ਦੂਜੇ ਦਾ ਤੱਕਣ
ਪੈਸਾ-ਮਾਰੂ ਗਿਆਨ ਵਾਲੇ ਲਾਸ਼ਾਂ 'ਤੇ ਨੱਚਣ
ਮੇਰੇ ਨਾਲ ਤਬਾਹੀਆਂ ਪਰ੍ਹਾਂ ਰੱਖ ਕੇ ਤਾਂ ਵੇਖ
ਫੇਰ ਮੇਰੇ ਮੁਲਕ 'ਤੇ ਅੱਖ ਰੱਖ ਕੇ ਤਾਂ ਵੇਖ
ਮਰਜੀਵੜੇ ਹਾਂ, ਕਿਤੇ ਸਮਝੀਂ ਨਾ ਮੋਏ ਹਾਂ
ਘੋੜਿਆਂ ਦੀਆਂ ਕਾਠੀਆਂ 'ਤੇ ਵੀ ਸੋਏ ਹਾਂ
ਕਿੱਥੇ, ਕਦੋਂ, ਕੀ ਕਰਨਾ ਅਸੀਂ ਭੁੱਲੇ ਨਹੀਂ
ਸੀਸ ਤਲੀ 'ਤੇ ਧਰਨਾ ਵੀ ਅਸੀਂ ਭੁੱਲੇ ਨਹੀਂ
ਮੁਲਕ ਦੀ ਖੜਗ ਭੁਜਾ ਇਹ ਸਾਨੂੰ ਕਹਿੰਦੇ ਨੇ
ਵੈਸੇ ਛੇੜੀਏ ਨਾ ਪਰ ਛੱਡੀਏ ਨਾ ਜੋ ਖਹਿੰਦੇ ਨੇ
ਸੁਣੀਂ ਜੰਗ ਵਿੱਚ ਜੈਕਾਰੇ 'ਬੋਲੇ ਸੋ ਨਿਹਾਲ' ਦੇ
ਵੈਸੇ ਅਸੀਂ ਧਾਰਨੀ ਹਾਂ 'ਸਭੇ ਸਾਂਝੀਵਾਲ' ਦੇ

- ਮਨਜੀਤ ਸਿੰਘ ਬੱਧਣ

## ਯੁੱਗ ਬਦਲ ਗਿਆ !

ਕੋਈ ਫੋਟੋ ਖਿਚਾਵੇ ਕੋਈ ਲਵੇ 'ਸੈਲਫੀ'
'ਡੀਪੀ' ਲਾਉਣ ਲਈ ਸਜਦੇ ਫੱਬਦੇ ਨੇ।
'ਐਕਟਰ' ਬਣਨ ਦੀ ਲੱਗੀ ਏ ਹੋੜ ਦੇਖੋ
ਸਾਰੇ 'ਰੀਲ੍ਹਾਂ' ਬਣਾਉਣ ਲਈ ਭੱਜਦੇ ਨੇ।
ਨਵਾਂ ਪੋਚ ਮੋਬਾਈਲਾਂ ਵਿਗਾੜਿਆ ਏ
ਪੈ ਗਏ ਭੋਗ ਹੁਣ 'ਸੰਗਾਂ ਤੇ ਲੱਜ' ਦੇ ਨੇ।
ਫਿਕਰ ਪਿਆ ਭਵਿੱਖ ਦਾ ਮਾਪਿਆਂ ਨੂੰ
ਕਰਦੇ ਦੁਖੀ ਵਰਤਾਰੇ ਹੀ 'ਅੱਜ ਦੇ' ਨੇ।
ਪੱਤਰਕਾਰਾਂ ਵੀ ਲਿਖਣ ਦੀ ਕਾਰ ਛੱਡੀ
ਹੁਣ ਉਹ ਚੈਨਲਾਂ ਉੱਤੇ ਹੀ 'ਗੱਜਦੇ' ਨੇ।
ਕਲਮਾਂ ਗਾਇਬ ਤੇ ਪੈੱਨ ਵੀ 'ਲੋਪ ਹੋਏ
'ਕੀਅ-ਬੋਰਡ' 'ਤੇ ਠੂੰਗੇ ਹੁਣ ਵੱਜਦੇ ਨੇ !



ਤਰਲੋਚਨ ਸਿੰਘ ਦੁਪਾਲ ਪੁਰ
78146-92724

## ਪੁੱਤ ਪਰਦੇਸੀ ਹੋਏ

ਸੁੰਨੇ ਵਿਹੜੇ ਵੱਢ-ਵੱਢ ਖਾਵਣ, ਛਮ-ਛਮ ਨੈਣ ਨੇ ਰੋਏ
ਕਿਸ ਨੂੰ ਹਾਲ ਸੁਣਾਈਏ ਦਿਲ ਦਾ, ਪੁੱਤ ਪਰਦੇਸੀ ਹੋਏ।
ਦਰ-ਦਰ ਧੱਕੇ ਖਾ ਕੇ ਬਚੜੇ ਸਾਂਝਾਂ ਨੂੰ ਜਦ ਪਰਤਣ
ਆਸ-ਉਮੀਦਾਂ ਬਣ-ਬਣ ਹੰਝੂ ਅੱਖੀਆਂ 'ਚੋਂ ਪਏ ਡੁੱਲ੍ਹਣ
ਬੋਲ-ਕੁਬੋਲ, ਟਿੱਚਰਾਂ-ਮਿਹਣੇ ਕਿੰਨੇ ਬੋਝ ਨੇ ਢੋਏ
ਕਿਸ ਨੂੰ ਹਾਲ ਸੁਣਾਈਏ ਦਿਲ ਦਾ, ਪੁੱਤ ਪਰਦੇਸੀ ਹੋਏ।
ਇੱਕ ਦੂਜੇ 'ਤੇ ਲਾਉਣ ਤੋਹਮਤਾਂ ਰੰਗ ਸਿਆਸੀ ਵੇਖੋ
ਜੇਬਾਂ ਕੱਟ-ਕੱਟ ਭਰਨ ਤਿਜੋਰੀ ਦੇਸ਼ ਜਿਨ੍ਹਾਂ ਦੇ ਲੇਖੇ
ਕੁਰਸੀ-ਕੁਰਸੀ ਦੇ ਝਗੜੇ 'ਚ ਜਨਤਕ ਮਸਲੇ ਮੋਏ
ਕਿਸ ਨੂੰ ਹਾਲ ਸੁਣਾਈਏ ਦਿਲ ਦਾ, ਪੁੱਤ ਪਰਦੇਸੀ ਹੋਏ।
ਥਾਂ-ਥਾਂ 'ਤੇ ਨੇ ਮੇਲੇ ਲਗਦੇ ਪਰ ਰੁਜ਼ਗਾਰ ਨਾ ਮਿਲਿਆ
ਘਰ-ਜ਼ਮੀਨਾਂ ਰੱਖ ਕੇ ਗਹਿਣੇ ਪੁੱਤ ਵਿਦੇਸ਼ੀਂ ਘੱਲਿਆ
ਬੇਰੁਜ਼ਗਾਰੀ ਦੀਆਂ ਛਮਕਾਂ ਨੇ, ਸੁਪਨ ਸੁਨਹਿਰੀ ਮੋਏ
ਕਿਸ ਨੂੰ ਹਾਲ ਸੁਣਾਈਏ ਦਿਲ ਦਾ, ਪੁੱਤ ਪਰਦੇਸੀ ਹੋਏ।

-ਦੀਪਿਕਾ ਅਰੋੜਾ

## ਗ਼ਜ਼ਲ

ਖਾ-ਖਾ ਧੱਕੇ ਹੋ ਗਏ ਪੱਕੇ,
ਗੋਲੇ ਤੋਂ ਹੁਣ ਬਣ ਗਏ ਯੱਕੇ।
ਕੀਲ ਪਟਾਰੀ ਪਾਵਣ ਵਾਲੇ,
ਸਾਡੇ ਸਬਰਾਂ ਕੋਲੋਂ ਅੱਕੇ।
ਜਾਣ ਬੇਗਾਨਾ ਲੰਘਦੇ ਸੀ ਜੋ,
ਸਮਾਂ ਆਉਣ 'ਤੇ ਬਣ ਰਹੇ ਸੱਕੇ।
ਤੂੰ ਸਾਡਾ ਸੀ ਸਾਡਾ ਹੀ ਰਹਿਣਾ,
ਇਹ ਦਿਲ ਨਾ ਕਿਸੇ ਹੋਰ ਨੂੰ ਤੱਕੇ।
ਅੰਤ ਹੋ ਰਿਹਾ ਦੁੱਖਾਂ ਦੀ ਔੜ ਦਾ,
ਚੱਲਣ ਲੱਗੇ ਸੁੱਖਾਂ ਦੇ ਠੱਕੇ।
ਇੱਕੋ ਅਰਦਾਸ 'ਗੋਗੀ' ਦੀ ਮਾਲਕਾ,
ਹਰ ਘਰ ਦੇ ਵਿੱਚ ਰੋਟੀ ਪੱਕੇ।

-ਗੋਗੀ ਜ਼ੀਰਾ

## ਨ਼ਫ਼ਰਤਾਂ ਦੀ ਰੁੱਤ

ਨਫ਼ਰਤ ਦੀ ਫਸਲ ਬੀਜ ਲਈ,
ਉੱਗ ਪਏ ਨੇ ਥਾਂ ਥਾਂ ਹਥਿਆਰ।

ਜ਼ਹਿਰੀ ਹੋਈ ਹੈ ਫ਼ਿਜ਼ਾ ਚੁਫੇਰੇ,
ਚੱਲਦੇ ਨੇ ਛੁਰੇ ਤ੍ਰਿਸ਼ੂਲ ਤਲਵਾਰ।

ਧਰਮਾਂ ਨੇ ਘੇਰਾ ਹੈ ਪਾ ਲਿਆ,
ਇਨਸਾਨੀਅਤ ਦਿੱਤੀ ਹੈ ਮਾਰ।

ਹਨ੍ਹੇਰ ਪਸਰਦਾ ਜਾ ਰਿਹਾ ਹੈ,
ਝੂਠ ਦਾ ਹੀ ਹੋ ਰਿਹਾ ਵਿਪਾਰ।

ਬਸ ਅਕਲਾਂ ਨੂੰ ਤਾਲਾ ਮਾਰਕੇ,
ਗੰਵਾਰਾਂ ਦੀ ਹੇੜ੍ਹ ਹੈ ਤਿਆਰ।

ਉਏ ਚਾਨਣਾਂ ਦੇ ਵਣਜਾਰਿਉ,
ਰਲ ਹੰਭਲਾ ਕੋਈ ਲਉ ਮਾਰ।

ਦਫ਼ਨਾਇਆ ਜਾਉ ਇੱਕ ਦਿਨ,
ਕਬਰ ਤਾਂ ਜਾਣੋ ਹੈ ਤਿਆਰ।

ਸੇਵਾ ਸਿੰਘ 'ਨੂਰਪੁਰੀ'

## ਗ਼ਜ਼ਲ

ਕੋਈ ਸ਼ਬਦਾਂ ਉਹਲੇ ਅਰਥ ਲੁਕਾ ਨਹੀਂ ਸਕਦਾ।
ਨਾਲੇ ਅਰਥਾਂ ਬਗੈਰ, ਸਮਝ ਨਹੀਂ ਸਕਦਾ।

ਕੰਡਿਆਂ ਦੀਆਂ ਚੋਭਾਂ ਬਗੈਰ, ਕੋਈ ਫੁੱਲ,
ਫੁੱਲ ਗੁਲਾਬ ਦਾ, ਅਖ਼ਵਾ ਨਹੀਂ ਸਕਦਾ।

ਚਾਹੇ ਰੋਮ ਰੋਮ 'ਚ ਬੇਈਮਾਨੀ ਰਚੀਓ ਹੋਵੇ,
ਫਿਰ ਵੀ ਹਰੇਕ ਅੱਖ 'ਚ, ਘੱਟਾ ਪਾ ਨਹੀਂ ਸਕਦਾ।

ਹਾਂ ਕੋਈ ਰੁਤਬਾ ਹੋਵੇ ਜਾਂ ਕੋਈ ਰੁਤਬੀ ਹੋਵੇ,
ਸਨਕੀ ਸੋਚ ਵਾਲਾ, ਸ਼ਾਨ ਬਣਾ ਨਹੀਂ ਸਕਦਾ।

ਜਦ ਪਿਆਸ ਦਾ ਅਹਿਸਾਸ ਹੁੰਦਾ ਬੰਦੇ ਨੂੰ,
ਉਦੋਂ ਉਹ ਨਖ਼ਰੇਬਾਜ਼ੀ, ਦਿਖਾ ਨਹੀਂ ਸਕਦਾ।

ਪਹਿਲਾਂ ਸਿੱਖਣ ਦੀ ਸਾਧਨਾ, ਫਿਰ ਲਿਖਣ ਦੀ ਸਾਧਨਾ,
ਸਾਧਨਾ ਬਗੈਰ ਹੁਨਰ, ਹੱਥ 'ਚ ਆ ਨਹੀਂ ਸਕਦਾ।

ਸਮਾਂ ਤੇ ਇਤਿਹਾਸ, ਦੱਸਦੇ ਨੇ 'ਕਮਲ'
ਦਿਲ ਦੀ ਸਿੱਪੀ 'ਚ ਕੋਈ, ਕਿਸ਼ਤੀ ਚਲਾ ਨਹੀਂ ਸਕਦਾ।



ਕਮਲ ਬੰਗਾ ਸੈਕਰਾਮੈਂਟੋ
916-897-8570

## ਜੇਠ ਮਹੀਨਾ

ਠੰਡੇ ਠਾਰ ਤੇ ਸੀਤਲ ਰਹੀਏ, ਭਾਵੇਂ ਆਵੇ ਜੇਠ ਮਹੀਨਾ।
ਲੋਹੇ ਲਾਖੇ ਕਦੇ ਨਾ ਹੋਈਏ, ਕੋਮਲ ਰੱਖੀਏ ਆਪਣਾ ਸੀਨਾ।

ਤਪਦੇ ਏਸ ਮਹੀਨੇ ਦੇ ਵਿੱਚ, ਗੁਰੂ ਅਰਜਨ ਦਿੱਤੀ ਕੁਰਬਾਨੀ।
ਤੱਤੇ ਰੇਤ ਦੇ ਕੜਛੇ ਪੈਂਦੇ, ਸੀ ਬਲੀਦਾਨ ਬੜਾ ਲਾਸਾਨੀ।

ਤੱਤੀ ਤਵੀ ਤੇ ਬਹਿ ਕੇ ਉਨ੍ਹਾਂ, ਮੁੱਖੋਂ ਮੂਲੋਂ ਸੀਅ ਨਾ ਕੀਤੀ।
ਲਿਖ ਨਾ ਸਕਦੀ ਕਾਨੀ ਮੇਰੀ, ਨਾਲ ਗੁਰੂ ਦੇ ਜੋ ਵੀ ਬੀਤੀ।

ਜੂਨ ਮਹੀਨਾ ਸਾਲ ਚੁਰਾਸੀ, ਸਿੱਖਾਂ ਉੱਤੇ ਬਿਪਤਾ ਭਾਰੀ।
ਗੋਲੀਆਂ ਚੱਲਣ ਚਾਰੇ ਪਾਸੇ, ਸੁਖਮਨੀ ਸਾਹਿਬ ਜਾਣ ਉਚਾਰੀ।

ਦੱਸਿਆ ਸਾਡੇ ਗੁਰਾਂ ਨੇ ਸਾਨੂੰ, ਹਿਮਤ ਕਦੇ ਨਾ ਹਾਰੋ ਭਾਈ।
ਓਹੀ ਸੱਚੇ ਸਿੱਖ ਗੁਰੂ ਦੇ, ਚੱਲਦੇ ਨੇ ਜੋ ਹੁਕਮ ਰਜ਼ਾਈ।

ਆਵੇ ਪਤਝੜ ਹੋਵੇ ਵਰਖਾ, ਜਾਂ ਆ ਜਾਏ ਸਰਦੀ ਗਰਮੀ।
ਹਿਰਦਾ ਜੋ ਇਕਸਾਰ ਰੱਖੇਦਾ, ਉਹ ਬੰਦਾ ਹੈ ਅਸਲੀ ਧਰਮੀ।

- ਪ੍ਰੋ. ਨਵ ਸੰਗੀਤ ਸਿੰਘ
9417692015

## ਨਾਨਕਾ ਪਿੰਡ

ਨਿੱਕਾ ਹੁੰਦਾ ਸਾਲ-ਛਿਮਾਹੀ ਆ ਜਾਂਦਾ ਸੀ।
ਮਾਮੀ ਕਹਿੰਦੀ ਪੱਕੀ ਤੇਰੀ ਹਿੰਡ ਜਾਣ ਦੀ।
ਹੁਣ ਕਿਉਂ ਨੀ ਪੁੱਤਰਾ ਜ਼ਿੱਦ ਕਰਦਾ,
ਵੇ ਤੂੰ ਨਾਨਕੇ ਪਿੰਡ ਜਾਣ ਦੀ।
ਵੇ ਤੂੰ ਤਾਂ ਹੋ ਕੇ ਰਹਿ ਗਿਆ ਦਾਦਕਿਆਂ ਦਾ।
ਤੈਨੂੰ ਭੋਰਾ ਮੋਹ ਨ੍ਹੀਂ ਆਉਂਦਾ ਨਾਨਕਿਆਂ ਦਾ।
ਚੇਤੇ ਤੇਰਾ ਚਾਹ ਦਾ ਭਰਿਆ ਚੀਨੀ ਦਾ ਕੱਪ ਡੇਗਣਾ।
ਚੇਤੇ ਤੇਰਾ ਆਉਂਦੇ ਸਾਰ ਖਿਡੌਣਿਆਂ ਨਾਲ ਖੇਡਣਾ।
ਕਿਉਂ ਨ੍ਹੀਂ ਫ਼ਿਕਰ ਤੈਨੂੰ ਖਿਡੌਣੇ ਖਿੰਡ ਜਾਣ ਦੀ।
ਹੁਣ ਕਿਉਂ ਨ੍ਹੀਂ ਪੁੱਤਰਾ ਜ਼ਿੱਦ ਕਰਦਾ,
ਵੇ ਤੂੰ ਨਾਨਕੇ ਪਿੰਡ ਜਾਣ ਦੀ।
ਨਾਨੇ-ਨਾਨੀ ਦੀਆਂ ਬਾਤਾਂ ਹਾਕਾਂ ਮਾਰਦੀਆਂ।
ਕੰਧਾਂ ਦੀਆਂ ਵਿਰਲਾਂ ਥਾਣੀ ਝਾਕਾਂ ਮਾਰਦੀਆਂ।
ਜਵਾਨੀ ਅੰਦਰ ਦਬਿਆ ਬੱਚਾ ਨਹੀਂ ਸੁਣਦਾ।
ਦੋਹਤੇ-ਦੋਹਤੀਆਂ ਦਾ ਰੌਲਾ-ਰੱਪਾ ਨਹੀਂ ਸੁਣਦਾ।
ਵਿਹੜੇ ਵਿਚਲੀ ਤੂਤ ਹਾਕਾਂ ਮਾਰਦੀ ਤੇਰੇ ਹਾਣ ਦੀ।
ਹੁਣ ਕਿਉਂ ਨ੍ਹੀਂ ਪੁੱਤਰਾ ਜ਼ਿੱਦ ਕਰਦਾ,
ਵੇ ਤੂੰ ਨਾਨਕੇ ਪਿੰਡ ਜਾਣ ਦੀ।
ਹਾਲੇ ਤਾਂ ਤੂੰ ਬੋਝ ਚੁੱਕਿਆ ਨਹੀਂ ਜ਼ਿੰਮੇਵਾਰੀਆਂ ਦਾ।
ਚੰਗਾ ਬਹਾਨਾ ਲੱਭਿਆ ਤੈਨੂੰ ਕਬੀਲਦਾਰੀਆਂ ਦਾ।
ਮੌਜਾਂ ਜੋ ਕਰੀਆਂ ਬਹਿ ਕੇ ਮਾਮੇ ਦੇ ਮੋਢੇ 'ਤੇ।
ਗੱਲਾਂ ਸਭ ਯਾਦ ਕਰੇਂਗਾ, ਪਹੁੰਚ ਕੇ ਵੱਡੇ ਅਹੁਦੇ 'ਤੇ।
ਸਾਡੇ ਲਈ ਹਉ ਬੜੀ ਵੱਡੀ ਗੱਲ ਮਾਣ ਦੀ।
ਹੁਣ ਕਿਉਂ ਨ੍ਹੀਂ ਪੁੱਤਰਾ ਜ਼ਿੱਦ ਕਰਦਾ,
ਵੇ ਤੂੰ ਨਾਨਕੇ ਪਿੰਡ ਜਾਣ ਦੀ।
ਕਿੰਨੇ ਸਾਲ ਹੋ ਗਏ, ਤੈਨੂੰ ਨਾਨਕੇ ਆਏ ਨੂੰ।
ਕਿੰਨੇ ਸਾਲ ਹੋ ਗਏ, ਲੱਕੜ ਦਾ ਬੂਹਾ ਖੜਕਾਏ ਨੂੰ।
ਕੀ ਹੋਇਆ ਤੂੰ ਆਉਂਦਾ ਕਿਉਂ ਨ੍ਹੀਂ ਦੱਸ ਤਾਂ ਸਹੀ।
ਹੱਸਦੇ ਹੋਏ ਪੁੱਛਦੇ ਸਾਰੇ ਕੋਈ ਗੁੱਸਾ-ਗਿਲਾ ਤਾਂ ਨਹੀਂ।
ਗਲੀ-ਗਲੀ ਤੇਰੇ ਪੈਰਾਂ ਦੀ ਪੈੜ ਪਛਾਣਦੀ।
ਹੁਣ ਕਿਉਂ ਨ੍ਹੀਂ ਪੁੱਤਰਾ ਜ਼ਿੱਦ ਕਰਦਾ,
ਵੇ ਤੂੰ ਨਾਨਕੇ ਪਿੰਡ ਜਾਣ ਦੀ।

-ਸਤਨਾਮ ਸ਼ਾਇਰ

# ਮਾਂ ਬੋਲੀ ਬੱਚਿਆਂ ਲਈ ਮਾਂ ਦੇ ਦੁੱਧ ਵਾਂਗ ਹੁੰਦੀ ਹੈ



ਰਾਸ਼ਟਰੀ ਸਿੱਖਿਆ ਨੀਤੀ ਦੀ ਪਾਲਣਾ ਕਰਦਿਆਂ, 2025-26 ਦੇ ਅਕਾਦਮਿਕ ਸੈਸ਼ਨ ਤੋਂ ਮਾਤ ਭਾਸ਼ਾ ਨੂੰ ਪ੍ਰੀ-ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ ਸਿੱਖਿਆ ਦਾ ਮਾਧਿਅਮ ਬਣਾਉਣ ਦੀ ਪਹਿਲ ਕਈ ਦ੍ਰਿਸ਼ਟੀਕੋਣਾਂ ਤੋਂ ਮਹੱਤਵਪੂਰਨ ਹੈ। ਮਾਤ ਭਾਸ਼ਾ ਵਿੱਚ ਸਿੱਖਿਆ ਪ੍ਰਾਪਤ ਕਰਨ ਨਾਲ, ਬੱਚਾ ਵਿਸ਼ੇ ਨੂੰ ਆਸਾਨੀ ਨਾਲ ਸਮਝਣ ਦੇ ਯੋਗ ਹੁੰਦਾ ਹੈ। ਉਸਦਾ ਆਤਮਵਿਸ਼ਵਾਸ ਵਧਦਾ ਹੈ। ਇਸ ਤਰ੍ਹਾਂ, ਮਾਤ ਭਾਸ਼ਾ ਵਿੱਚ ਪ੍ਰਾਇਮਰੀ ਸਿੱਖਿਆ ਬੱਚੇ ਦੇ ਬੌਧਿਕ ਵਿਕਾਸ ਵਿੱਚ ਮਦਦ ਕਰਦੀ ਹੈ। ਮਾਤ ਭਾਸ਼ਾ ਪ੍ਰਾਇਮਰੀ ਸਿੱਖਿਆ ਦਾ ਕੁਦਰਤੀ ਅਤੇ ਸਭ ਤੋਂ ਸਮਰੱਥ ਮਾਧਿਅਮ ਹੈ। ਕਿਉਂਕਿ ਬੱਚੇ ਆਪਣੀ ਮਾਤ ਭਾਸ਼ਾ ਜਾਂ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਜਲਦੀ ਤੋਂ ਜਲਦੀ ਸਿੱਖ ਲੈਂਦੇ ਹਨ, ਇਸ ਲਈ ਇਹ ਸਿੱਖਿਆ ਦੇ ਮਾਧਿਅਮ ਨੂੰ ਜਾਣੀ-ਪਛਾਣੀ ਭਾਸ਼ਾ ਦੇ ਅਨੁਕੂਲ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਵਿਗਿਆਨਕ ਢੰਗ ਨਾਲ ਭਾਸ਼ਾ ਸਿੱਖਿਆ ਦੇ ਢੰਗ ਨੂੰ ਲਾਗੂ ਕਰਨ ਦਾ ਰਸਤਾ ਸੁਗਮ ਹੁੰਦਾ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਦੀ ਪਾਲਣਾ ਕਰਦੇ ਹੋਏ, ਰਾਸ਼ਟਰੀ ਪਾਠਕ੍ਰਮ ਢਾਂਚੇ ਦੀ ਸਿਫ਼ਾਰਸ਼ ਅਨੁਸਾਰ, ਪਹਿਲੀ ਤੋਂ ਪੰਜਵੀਂ ਜਮਾਤ ਤੱਕ, ਬੱਚਾ ਆਪਣੀ ਮਾਤ ਭਾਸ਼ਾ ਵਿੱਚ ਪੜ੍ਹਾਈ ਕਰੇਗਾ। ਇਸ ਸਮੇਂ ਦੌਰਾਨ, ਉਹ ਆਪਣੀ ਪਸੰਦ ਦੀ ਦੂਜੀ ਭਾਸ਼ਾ ਵੀ ਪੜ੍ਹੇਗਾ। ਜਦੋਂ ਉਹ ਛੇਵੀਂ ਜਮਾਤ ਵਿੱਚ ਜਾਵੇਗਾ, ਤਾਂ ਉਹ ਤੀਜੀ ਭਾਸ਼ਾ ਪੜ੍ਹੇਗਾ। ਮੁੱਢਲੇ ਪੜਾਅ ਵਿੱਚ, ਯਾਨੀ ਕਿ ਪ੍ਰੀ-ਪ੍ਰਾਇਮਰੀ ਤੋਂ ਦੂਜੀ ਜਮਾਤ ਤੱਕ ਅਤੇ ਉਮਰ ਦੇ ਹਿਸਾਬ ਨਾਲ, ਤਿੰਨ ਤੋਂ ਅੱਠ ਸਾਲ, ਪੜ੍ਹਾਈ ਮਾਤ ਭਾਸ਼ਾ ਵਿੱਚ ਕੀਤੀ ਜਾਣੀ ਹੈ। ਇਸ ਪੜਾਅ ਵਿੱਚ, ਬੱਚੇ ਪਹਿਲੀ ਭਾਸ਼ਾ ਭਾਵ ਮਾਤ ਭਾਸ਼ਾ ਵਿੱਚ ਪੜ੍ਹਨਾ, ਲਿਖਣਾ ਅਤੇ ਸਮਝਣਾ ਸਿੱਖਣਗੇ।

ਦੂਜੀ ਭਾਸ਼ਾ ਬੱਚਿਆਂ ਨੂੰ ਸਿਰਫ਼ ਜ਼ੁਬਾਨੀ ਹੀ ਜਾਣੀ ਹੈ। ਤੀਜੀ ਤੋਂ ਪੰਜਵੀਂ ਜਮਾਤ ਤੱਕ ਯਾਨੀ ਲਗਭਗ 11 ਸਾਲ ਤੱਕ ਦੇ ਬੱਚੇ ਆਪਣੀ ਮਾਤ ਭਾਸ਼ਾ ਵਿੱਚ ਹੋਰ ਵਿਸ਼ਿਆਂ ਦਾ ਅਧਿਐਨ ਵੀ ਕਰਨਗੇ। ਜੇਕਰ ਵਿਦਿਆਰਥੀ ਮੌਖਿਕ ਭਾਸ਼ਾ (ਦੂਜੀ ਭਾਸ਼ਾ) ਵਿੱਚ ਕਾਫ਼ੀ ਮੁਹਾਰਤ ਹਾਸਲ ਕਰ ਲੈਂਦੇ ਹਨ, ਤਾਂ ਉਹਨਾਂ ਨੂੰ ਬਦਲਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਇੱਕ ਬਹੁ-ਭਾਸ਼ਾਈ ਦੇਸ਼ ਹੋਣ ਕਰਕੇ, ਭਾਰਤ ਵਿੱਚ ਭਾਸ਼ਾ ਦੀ ਵਰਤੋਂ ਦੇ ਮਾਮਲੇ ਵਿੱਚ ਇੱਕ ਵੱਡੀ ਚੁਣੌਤੀ ਇਹ ਹੈ ਕਿ ਬਹੁਤ ਸਾਰੀਆਂ ਭਾਸ਼ਾਵਾਂ ਹਨ ਜਿਨ੍ਹਾਂ ਦੀ ਆਪਣੀ ਲਿਪੀ ਨਹੀਂ ਹੈ ਅਤੇ ਉਹ ਅਜੇ ਵੀ ਮੌਖਿਕ ਰੂਪ ਵਿੱਚ ਪ੍ਰਚਲਿਤ ਹਨ। ਇਸੇ ਕਰਕੇ ਜਿੱਥੇ ਮਾਤ ਭਾਸ਼ਾ ਵਿੱਚ ਲਿਖਣ ਦੀ ਪਰੰਪਰਾ ਨਹੀਂ ਹੈ, ਜਿੱਥੇ ਕਲਾਸਰੂਮ ਵਿੱਚ ਭਾਸ਼ਾਈ ਵਿਭਿੰਨਤਾ ਹੈ, ਉੱਥੇ ਰਾਸ਼ਟਰੀ ਸਿੱਖਿਆ ਨੀਤੀ ਨੇ ਤਬਦੀਲੀ ਦੀ ਆਗਿਆ ਦਿੱਤੀ ਹੈ। ਇਹ ਮਾਤ ਭਾਸ਼ਾ ਅਤੇ ਬਹੁ-ਭਾਸ਼ਾਈਵਾਦ ਦੋਵਾਂ ਨੂੰ ਉਤਸ਼ਾਹਿਤ ਕਰੇਗਾ। ਇਹ ਧਿਆਨ ਵਿੱਚ ਰੱਖਣ ਦੀ ਜ਼ਰੂਰਤ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ ਭਾਸ਼ਾਵਾਂ ਨੂੰ ਇੱਕ ਦੂਜੇ ਨਾਲ ਮੁਕਾਬਲੇ ਵਿੱਚ ਨਹੀਂ ਪਾਉਂਦੀ, ਨਾ ਹੀ ਇਹ ਉਹਨਾਂ ਨੂੰ ਬੰਨ੍ਹਦੀ ਹੈ ਜਾਂ ਰੋਕਦੀ ਹੈ। ਇਹ ਉਹਨਾਂ ਨੂੰ ਉਹਨਾਂ ਦੇ ਵਿਕਾਸ ਲਈ ਮੁਕਤ ਕਰਦੀ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਇੱਕ ਅਜਿਹੇ ਰਾਸ਼ਟਰ ਦੀ ਕਲਪਨਾ ਕਰਦੀ ਹੈ ਜਿੱਥੇ ਬਹੁ-ਭਾਸ਼ਾਈਵਾਦ ਦਾ ਨਾ ਸਿਰਫ਼ ਸਵਾਗਤ ਕੀਤਾ ਜਾਵੇਗਾ ਬਲਕਿ ਸਿੱਖਣ ਦੀ ਯੋਗਤਾ ਨੂੰ ਵਧਾਉਣ ਲਈ ਵੀ ਵਰਤਿਆ ਜਾਵੇਗਾ। ਸਕਾਰਾਤਮਕ ਰਵੱਈਏ ਵਾਲੀ ਰਾਸ਼ਟਰੀ ਸਿੱਖਿਆ ਨੀਤੀ ਇੱਕ ਸੁਚਾਰੂ, ਕੁਦਰਤੀ ਅਤੇ ਸਵੈ-ਚਾਲਤ ਪ੍ਰਕਿਰਿਆ ਦੇ ਤਹਿਤ ਦੂਜੀਆਂ ਭਾਸ਼ਾਵਾਂ ਨੂੰ ਸਿੱਖਣ ਅਤੇ ਸਿਖਾਉਣ ਦੀ ਸਹੂਲਤ ਵੀ ਦਿੰਦੀ ਹੈ। ਭਾਰਤ ਇੱਕ ਬਹੁ-ਭਾਸ਼ਾਈ ਰਾਸ਼ਟਰ ਹੈ। ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿੱਚ ਦਰਜ 22 ਭਾਸ਼ਾਵਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਭਾਸ਼ਾਵਾਂ ਹਨ। ਭਾਰਤ ਸਰਕਾਰ ਦੁਆਰਾ ਰਾਸ਼ਟਰੀ ਸਿੱਖਿਆ ਨੀਤੀ 2020 ਵਿੱਚ ਦਿੱਤੇ ਗਏ ਭਾਰਤ ਦੀਆਂ ਕਈ ਮਾਤ ਭਾਸ਼ਾਵਾਂ ਵਿੱਚ ਸਕੂਲ ਸਿੱਖਿਆ ਦੇ ਵਿਕਲਪ ਨੂੰ ਪੂਰਾ ਕਰਨ ਲਈ, ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੁਆਰਾ ਹਾਲ ਹੀ ਵਿੱਚ ਜਾਰੀ ਕੀਤੇ ਗਏ ਭਾਰਤੀ ਭਾਸ਼ਾਵਾਂ ਵਿੱਚ ਪ੍ਰਾਈਮਰ ਅਤੇ ਤੇਰਾਂ ਭਾਸ਼ਾਵਾਂ ਵਿੱਚ ਵਿਸ਼ੇਸ਼ ਮਾਡਿਊਲ ਬਹੁਤ ਉਪਯੋਗੀ ਹੋਣਗੇ। ਹੁਣ ਤੱਕ 13 ਭਾਸ਼ਾਵਾਂ ਵਿੱਚ ਪ੍ਰਾਈਮਰ ਤਿਆਰ ਕੀਤੇ ਗਏ ਹਨ, ਜਿਨ੍ਹਾਂ ਵਿੱਚ ਕਸ਼ਮੀਰੀ (ਫ਼ਾਰਸੀ-ਅਰਬੀ), ਸਿੰਧੀ (ਦੇਵਨਾਗਰੀ), ਸਿੰਧੀ (ਫ਼ਾਰਸੀ-ਅਰਬੀ), ਕਸ਼ਮੀਰੀ (ਦੇਵਨਾਗਰੀ), ਬਾਲਟੀ, ਸੰਥਾਲੀ, ਜ਼ੇਮੀ, ਉਰਦੂ, ਸੰਗਤਮ, ਲਾਈ (ਪਾਵੀ), ਗੋਂਡੀ-ਤੇਲਗੂ, ਭੀਲੀ (ਵਾਗਰੀ) ਅਤੇ ਚੋਕਰੀ ਸ਼ਾਮਲ ਹਨ। ਪ੍ਰਾਈਮਰਾਂ ਦੀ ਕੁੱਲ ਗਿਣਤੀ 117 ਹੋ ਗਈ ਹੈ। ਭਾਰਤੀ ਭਾਸ਼ਾਵਾਂ ਵਿੱਚ ਇਹ ਪ੍ਰਾਈਮਰ ਕੇਂਦਰੀ ਭਾਰਤੀ ਭਾਸ਼ਾਵਾਂ ਸੰਸਥਾਨ (CIIL) ਅਤੇ ਰਾਸ਼ਟਰੀ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ (NCERT) ਦੁਆਰਾ ਵਿਕਸਤ ਕੀਤੇ ਗਏ ਹਨ।



ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

117 ਭਾਰਤੀ ਭਾਸ਼ਾਵਾਂ ਵਿੱਚ ਵਿਕਸਤ ਕੀਤੇ ਗਏ ਪ੍ਰਾਈਮਰਾਂ ਦਾ ਉਦੇਸ਼ ਸਿੱਖਣ ਵਾਲੇ ਦੀ ਮੂਲ ਭਾਸ਼ਾ ਵਿੱਚ ਸੰਦਰਭ-ਅਮੀਰ ਸਮੱਗਰੀ ਰਾਹੀਂ ਸ਼ੁਰੂਆਤੀ ਪੜਾਅ 'ਤੇ ਪੜ੍ਹਨ ਅਤੇ ਲਿਖਣ ਦੀ ਸਹੂਲਤ ਦੇਣਾ, ਛੋਟੀ ਉਮਰ ਤੋਂ ਹੀ ਭਾਸ਼ਾ ਨਾਲ ਭਾਵਨਾਤਮਕ ਅਤੇ ਸੱਭਿਆਚਾਰਕ ਸਬੰਧ ਨੂੰ ਉਤਸ਼ਾਹਿਤ ਕਰਨਾ, ਅਤੇ ਬੋਧਾਤਮਕ ਵਿਕਾਸ ਅਤੇ ਸਮਾਜਿਕ ਏਕੀਕਰਨ ਦੇ ਆਧਾਰ ਵਜੋਂ ਬਹੁ-ਭਾਸ਼ਾਈ ਸਿੱਖਿਆ ਦੀ ਸਹੂਲਤ ਦੇਣਾ ਹੈ। ਛੋਟੇ ਬੱਚਿਆਂ ਲਈ, ਇਹ ਪ੍ਰਾਈਮਰ ਭਵਿੱਖ ਦੀ ਸਿੱਖਿਆ ਅਤੇ ਬੋਧਾਤਮਕ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਪ੍ਰਦਾਨ ਕਰਦੇ ਹਨ। ਰਾਸ਼ਟਰੀ ਸਿੱਖਿਆ ਨੀਤੀ ਨੇ ਮਾਤ ਭਾਸ਼ਾ ਵਿੱਚ ਸਿੱਖਿਆ ਦਾ ਮੌਕਾ ਪ੍ਰਦਾਨ ਕਰਕੇ ਮਹਾਤਮਾ ਗਾਂਧੀ ਦੇ ਸੁਪਨੇ ਨੂੰ ਵੀ ਪੂਰਾ ਕੀਤਾ ਹੈ। 'ਹਰੀਜਨ' ਦੇ 09-07-1938 ਦੇ ਅੰਕ ਵਿੱਚ, ਗਾਂਧੀ ਜੀ ਨੇ ਸਕੂਲੀ ਜੀਵਨ ਵਿੱਚ ਮਾਤ ਭਾਸ਼ਾ ਵਿੱਚ ਸਿੱਖਿਆ ਨਾ ਦੇਣ ਦੇ ਨੁਕਸਾਨਾਂ ਦਾ ਵਰਣਨ ਕੀਤਾ ਹੈ ਅਤੇ ਲਿਖਿਆ ਹੈ ਕਿ ਗਣਿਤ, ਰਸਾਇਣ ਵਿਗਿਆਨ ਅਤੇ ਜੋਤਿਸ਼ ਸਿੱਖਣ ਵਿੱਚ ਉਨ੍ਹਾਂ ਨੂੰ ਚਾਰ ਸਾਲ ਲੱਗ ਗਏ, ਜੋ ਉਹ ਅੰਗਰੇਜ਼ੀ ਦੀ ਬਜਾਏ ਗੁਜਰਾਤੀ ਵਿੱਚ ਪੜ੍ਹਦੇ ਤਾਂ ਇੱਕ ਸਾਲ ਵਿੱਚ ਆਸਾਨੀ ਨਾਲ ਸਿੱਖ ਲੈਂਦੇ। ਉਸ ਸਥਿਤੀ ਵਿੱਚ, ਉਹ ਇਨ੍ਹਾਂ ਵਿਸ਼ਿਆਂ ਨੂੰ ਆਸਾਨੀ ਅਤੇ ਸਪਸ਼ਟਤਾ ਨਾਲ ਸਮਝ ਜਾਂਦੇ।

ਗੁਜਰਾਤੀ ਦੀ ਉਨ੍ਹਾਂ ਦੀ ਸ਼ਬਦਾਵਲੀ ਬਹੁਤ ਅਮੀਰ ਹੋ ਜਾਂਦੀ ਅਤੇ ਉਹ ਘਰ ਵਿੱਚ ਉਸ ਗਿਆਨ ਦੀ ਵਰਤੋਂ ਕਰਦੇ। ਸਕੂਲੀ ਜੀਵਨ ਦੇ ਆਪਣੇ ਅਨੁਭਵ ਤੋਂ, ਗਾਂਧੀ ਜੀ ਇਸ ਸਿੱਟੇ 'ਤੇ ਪਹੁੰਚੇ ਸਨ ਕਿ ਹਰ ਤਰ੍ਹਾਂ ਦੀ ਸਿੱਖਿਆ ਮਾਤ ਭਾਸ਼ਾ ਵਿੱਚ ਹੀ ਸਭ ਤੋਂ ਵਧੀਆ ਤਰੀਕੇ ਨਾਲ ਦਿੱਤੀ ਜਾ ਸਕਦੀ ਹੈ। ਗਾਂਧੀ ਜੀ ਮਾਤ ਭਾਸ਼ਾ ਨੂੰ ਮਾਂ ਦੇ ਦੁੱਧ ਦੇ ਬਰਾਬਰ ਮੰਨਦੇ ਸਨ। ਉਨ੍ਹਾਂ ਨੇ ਕਿਹਾ ਸੀ, 'ਮਾਂ ਦੀ ਭਾਸ਼ਾ ਮਨੁੱਖ ਦੇ ਮਾਨਸਿਕ ਵਿਕਾਸ ਲਈ ਓਨੀ ਹੀ ਕੁਦਰਤੀ ਹੈ ਜਿੰਨੀ ਮਾਂ ਦਾ ਦੁੱਧ ਬੱਚੇ ਦੇ ਸਰੀਰਕ ਵਿਕਾਸ ਲਈ ਹੁੰਦਾ ਹੈ। ਬੱਚਾ ਆਪਣਾ ਪਹਿਲਾ ਸਬਕ ਮਾਂ ਤੋਂ ਸਿੱਖਦਾ ਹੈ। ਇਸ ਲਈ, ਮੈਂ ਬੱਚਿਆਂ ਦੇ ਮਾਨਸਿਕ ਵਿਕਾਸ ਲਈ ਮਾਂ-ਬੋਲੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਨੂੰ ਉਨ੍ਹਾਂ 'ਤੇ ਥੋਪਣਾ ਮਾਤ ਭੂਮੀ ਵਿਰੁੱਧ ਪਾਪ ਸਮਝਦਾ ਹਾਂ।

ਗਾਂਧੀ ਜੀ ਦੇ ਵਿਚਾਰਾਂ ਦੇ ਸ਼ੀਸ਼ੇ ਵਿੱਚ, ਰਾਸ਼ਟਰੀ ਸਿੱਖਿਆ ਨੀਤੀ ਵਾਤਾਵਰਣ, ਜੀਵਨ ਹੁਨਰ, ਮਨੁੱਖੀ ਅਧਿਕਾਰਾਂ ਬਾਰੇ ਸਿੱਖਿਆ ਮਾਤ ਭਾਸ਼ਾ ਵਿੱਚ ਦੇਣ 'ਤੇ ਵੀ ਜ਼ੋਰ ਦਿੰਦੀ ਹੈ, ਜਦੋਂ ਕਿ ਇਹ ਤਕਨਾਲੋਜੀ ਕਾਰਨ ਗਿਆਨ ਪ੍ਰਾਪਤ ਕਰਨ ਦੇ ਤਰੀਕਿਆਂ ਵਿੱਚ ਆ ਰਹੇ ਬਦਲਾਵਾਂ 'ਤੇ ਵੀ ਕੇਂਦ੍ਰਿਤ ਹੈ। ਇਸ ਵਿੱਚ ਮੌਖਿਕ ਤੋਂ ਲਿਖਤੀ ਰੂਪ ਵਿੱਚ ਜਾਂਦੇ ਹੋਏ ਡਿਜੀਟਲ ਦੁਨੀਆ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਿਵੇਂ ਕਰਨੀ ਹੈ, ਇਸ ਬਾਰੇ ਵੀ ਵਿਵਸਥਾ ਹੈ। ਅਸੀਂ ਉਮੀਦ ਕਰ ਸਕਦੇ ਹਾਂ ਕਿ ਰਾਸ਼ਟਰੀ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ, ਬੱਚੇ ਖੇਡਦੇ ਸਮੇਂ ਕਵਿਤਾਵਾਂ ਯਾਦ ਕਰ ਲੈਣਗੇ। ਉਹ ਗਿਣਤੀ ਅਤੇ ਮੇਜ਼ ਸਿੱਖਣਗੇ। ਉਹ ਮੁੱਢਲੇ ਸਵਾਗਤ, ਪ੍ਰਗਟਾਵੇ, ਵਰਣਮਾਲਾ, ਅੰਕ ਸਿੱਖਣਗੇ। ਉਹ ਵੱਖ-ਵੱਖ ਸੰਗੀਤ ਯੰਤਰਾਂ ਦੀ ਪਛਾਣ ਕਰਨਾ ਸਿੱਖਣਗੇ। ਉਹ ਮਸਾਲਿਆਂ, ਸਬਜ਼ੀਆਂ ਅਤੇ ਫਲਾਂ ਦੇ ਨਾਮ ਵੀ ਸਿੱਖਣਗੇ। ਉਹ ਆਪਣੇ ਸੁਣਨ ਦੇ ਹੁਨਰ ਨੂੰ ਵਧਾਉਣਗੇ। ਉਹ ਵੱਖ-ਵੱਖ ਖੇਤਰਾਂ ਦੇ ਰਾਸ਼ਟਰੀ ਨਾਇਕਾਂ ਬਾਰੇ ਸਿੱਖਣਗੇ। ਉਹ ਭੌਤਿਕ ਨਕਸ਼ਿਆਂ ਰਾਹੀਂ ਨਦੀਆਂ, ਪਹਾੜਾਂ ਅਤੇ ਇਤਿਹਾਸਕ ਸਮਾਰਕਾਂ ਬਾਰੇ ਸਿੱਖਣਗੇ ਅਤੇ ਆਪਣੇ ਆਲੇ-ਦੁਆਲੇ, ਭਾਈਚਾਰੇ ਅਤੇ ਦੇਸ਼ ਨਾਲ ਭਾਵਨਾਤਮਕ ਸਬੰਧ ਮਹਿਸੂਸ ਕਰਨਗੇ।

# ਨਿਆਪਾਲਿਕਾ 'ਚ ਭ੍ਰਿਸ਼ਟਾਚਾਰ, ਚੀਫ ਜਸਟਿਸ ਬੀ.ਆਰ. ਗਵਈ ਦੀ ਸਕਾਰਾਤਮਕ ਪਹਿਲ !

ਇਸ ਸਾਲ 14 ਮਾਰਚ ਨੂੰ ਦਿੱਲੀ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਦੇ ਨਿਵਾਸ ਦੇ ਇਕ ਸਟੋਰ ਰੂਮ 'ਚ ਲੱਗੀ ਅੱਗ ਤੋਂ ਬਾਅਦ ਘਰ 'ਚੋਂ ਕਥਿਤ ਤੌਰ 'ਤੇ ਵੱਡੀ ਮਾਤਰਾ 'ਚ ਨਕਦੀ ਮਿਲਣ ਦੇ ਮਾਮਲੇ ਤੋਂ ਬਾਅਦ ਨਿਆਪਾਲਿਕਾ 'ਚ ਫੈਲ ਰਹੇ ਭ੍ਰਿਸ਼ਟਾਚਾਰ ਨੂੰ ਲੈ ਕੇ ਬਹਿਸ ਤੇਜ਼ ਹੋ ਗਈ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਰਕਾਰ ਨੇ ਜਸਟਿਸ ਯਸ਼ਵੰਤ ਵਰਮਾ ਵਿਰੁੱਧ ਸੰਸਦ ਦੇ ਆਗਾਮੀ ਸੈਸ਼ਨ 'ਚ ਮਹਾਦੋਸ਼ ਪ੍ਰਸਤਾਵ ਲਿਆਉਣ ਦੀ ਤਿਆਰੀ ਵੀ ਕਰ ਲਈ ਹੈ।

ਇਸ ਮਾਮਲੇ 'ਚ ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ, ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ ਜਸਟਿਸ ਜੀ. ਐੱਸ. ਸੰਧਾਵਾਲੀਆ ਅਤੇ ਕਰਨਾਟਕ ਹਾਈ ਕੋਰਟ ਦੀ ਜਸਟਿਸ ਅਨੂੰ ਸ਼ਿਵਰਾਮਨ ਦੀ 3 ਮੈਂਬਰੀ ਕਮੇਟੀ ਨੂੰ ਜਾਂਚ ਸੌਂਪੀ ਸੀ ਅਤੇ ਇਸ ਜਾਂਚ ਕਮੇਟੀ ਨੇ 3 ਮਈ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ।

ਰਿਪੋਰਟ 'ਚ ਜਸਟਿਸ ਵਰਮਾ 'ਤੇ ਨਕਦੀ ਬਰਾਮਦਗੀ ਦੇ ਲੱਗੇ ਦੋਸ਼ਾਂ ਨੂੰ ਸਹੀ ਪਾਇਆ ਗਿਆ। ਇਸ ਤੋਂ ਬਾਅਦ 6 ਮਈ ਨੂੰ ਜਸਟਿਸ ਵਰਮਾ ਤੋਂ ਉਨ੍ਹਾਂ ਦਾ ਜਵਾਬ ਮੰਗਿਆ ਗਿਆ ਪਰ ਉਨ੍ਹਾਂ ਦੀ ਸਫਾਈ ਤੋਂ ਸੰਤੁਸ਼ਟ ਨਾ ਹੋਣ 'ਤੇ ਸਾਬਕਾ ਚੀਫ ਜਸਟਿਸ ਸੰਜੀਵ ਖੰਨਾ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਰਿਪੋਰਟ ਭੇਜ ਦਿੱਤੀ। ਨਾਲ ਹੀ ਉਨ੍ਹਾਂ ਤੋਂ ਸਿਫਾਰਸ਼ ਕੀਤੀ ਗਈ ਕਿ ਵਰਮਾ ਦੇ ਵਿਰੁੱਧ ਮਹਾਦੋਸ਼ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ।

ਇਸ ਬਹਿਸ ਦੇ ਵਿਚਾਲੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀ. ਆਰ. ਗਵਈ ਨੇ ਬ੍ਰਿਟੇਨ ਦੀ ਸੁਪਰੀਮ ਕੋਰਟ 'ਚ ਮੇਨਟੇਨਿੰਗ ਜੁਡੀਸ਼ੀਅਲ ਲੈਜਿਸਟਿਮੇਸੀ ਐਂਡ ਪਬਲਿਕ ਕਾਨਫੀਡੈਂਸ' ਵਿਸ਼ੇ 'ਤੇ ਆਯੋਜਿਤ ਇਕ ਗੋਲਮੇਜ਼ ਕਾਨਫਰੰਸ 'ਚ ਕਿਹਾ ਕਿ ਦੁਖ ਦੀ ਗੱਲ ਹੈ ਕਿ ਨਿਆਪਾਲਿਕਾ ਦੇ ਅੰਦਰ ਵੀ ਭ੍ਰਿਸ਼ਟਾਚਾਰ ਅਤੇ ਕਦਾਚਾਰ ਦੇ ਮਾਮਲੇ ਸਾਹਮਣੇ ਆਏ ਹਨ। ਅਜਿਹੀਆਂ ਘਟਨਾਵਾਂ ਨਾਲ ਜਨਤਾ ਦੇ ਭਰੋਸੇ 'ਤੇ ਨਾਕਾਰਾਤਮਕ ਪ੍ਰਭਾਵ ਪੈਂਦਾ ਹੈ। ਜਿਸ ਨਾਲ ਪੂਰੀ ਪ੍ਰਣਾਲੀ ਦੀ ਸੁੱਚਤਾ 'ਚ ਵਿਸ਼ਵਾਸ ਖਤਮ ਹੋ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ "ਚਰਚਾ ਦਾ ਇਕ ਹੋਰ ਮੁੱਦਾ ਸੇਵਾ ਮੁਕਤੀ ਤੋਂ ਬਾਅਦ ਜੱਜਾਂ ਦੀ ਨਿਯੁਕਤੀ ਦਾ ਵੀ ਹੈ। ਭਾਰਤ 'ਚ ਜੱਜਾਂ ਦੀ ਸੇਵਾ ਮੁਕਤੀ ਦੀ ਉਮਰ ਨਿਸ਼ਚਿਤ ਹੈ। ਜੇਕਰ ਕੋਈ ਜੱਜ ਸੇਵਾ ਮੁਕਤੀ ਦੇ ਤੁਰੰਤ ਬਾਅਦ ਸਰਕਾਰ 'ਚ ਕੋਈ ਹੋਰ ਨਿਯੁਕਤੀ ਹਾਸਲ ਕਰਦਾ ਹੈ ਜਾਂ ਚੋਣ ਲੜਨ ਲਈ ਬੈਂਚ ਤੋਂ ਅਸਤੀਫ ਦਿੰਦਾ ਹੈ ਤਾਂ ਇਹ ਗੰਭੀਰ ਨੈਤਿਕ ਚਿੰਤਾਵਾਂ ਪੈਦਾ ਕਰਦਾ ਹੈ ਅਤੇ ਇਸ ਨਾਲ ਲੋਕਾਂ ਦਾ ਧਿਆਨ ਆਕਰਸ਼ਿਤ ਹੁੰਦਾ ਹੈ।"

ਉਨ੍ਹਾਂ ਨੇ ਕਿਹਾ ਕਿ "ਇਸੇ ਨੂੰ



ਦੇਖਦੇ ਹੋਏ ਮੇਰੇ ਕਈ ਸਹਿਯੋਗੀਆਂ ਅਤੇ ਮੈਂ ਰਿਟਾਇਰਮੈਂਟ ਤੋਂ ਬਾਅਦ ਸਰਕਾਰ ਤੋਂ ਕੋਈ ਭੂਮਿਕਾ ਜਾਂ ਅਹੁਦਾ ਸਵੀਕਾਰ ਨਾ ਕਰਨ ਦਾ ਜਨਤਕ ਤੌਰ 'ਤੇ ਪ੍ਰਣ ਕੀਤਾ ਹੈ। ਇਹ ਵਚਨਬੱਧਤਾ ਨਿਆਪਾਲਿਕਾ ਦੀ ਭਰੋਸੇਯੋਗਤਾ ਅਤੇ ਆਜ਼ਾਦੀ ਨੂੰ ਬਣਾਏ ਰੱਖਣ ਦਾ ਇਕ ਯਤਨ ਹੈ।"

ਇਸੇ ਦੌਰਾਨ ਜਸਟਿਸ ਯਸ਼ਵੰਤ ਵਰਮਾ ਦੇ ਮਾਮਲੇ ਤੋਂ ਬਾਅਦ ਵੀ ਪਿਛਲੇ ਕੁਝ ਦਿਨਾਂ 'ਚ ਨਿਆਪਾਲਿਕਾ 'ਚ ਭ੍ਰਿਸ਼ਟਾਚਾਰ ਦੇ 2 ਹੋਰ ਮਾਮਲੇ ਸਾਹਮਣੇ ਆਏ ਹਨ।

16 ਮਈ, 2025 ਨੂੰ ਐਂਟੀ-ਕੁਰੱਪਸ਼ਨ ਬਿਊਰੋ ਨੇ 14 ਸਤੰਬਰ, 2023 ਤੋਂ 21 ਮਾਰਚ, 2025 ਦੇ ਵਿਚਾਲੇ ਰਾਊਜ਼ ਐਵੇਨਿਊ ਜ਼ਿਲਾ ਅਦਾਲਤ 'ਚ ਤਾਇਨਾਤ ਰਹੇ ਕਲਰਕ ਦੇ ਵਿਰੁੱਧ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ। ਐਂਟੀ-ਕੁਰੱਪਸ਼ਨ ਬਿਊਰੋ ਨੇ ਮੁਲਜ਼ਮ ਵਲੋਂ ਅਗਾਊਂ ਜ਼ਮਾਨਤ ਲਈ ਰਿਸ਼ਵਤ ਮੰਗਣ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਐੱਫ. ਆਈ. ਆਰ. ਦਰਜ ਕੀਤੀ ਸੀ।

29 ਮਈ, 2025 ਨੂੰ ਸੀ. ਬੀ. ਆਈ. ਨੇ 3.30 ਲੱਖ ਰੁਪਏ ਦੀ ਰਿਸ਼ਵਤਖੋਰੀ ਦੇ ਮਾਮਲੇ 'ਚ ਰਾਸ਼ਟਰੀ ਕੰਪਨੀ ਕਾਨੂੰਨ ਟ੍ਰਿਬਿਊਨਲ (ਐੱਨ. ਸੀ. ਐੱਲ. ਟੀ.) ਦੀ ਮੁੰਬਈ ਬੈਂਚ ਦੇ ਇਕ ਡਿਪਟੀ ਰਜਿਸਟਰਾਰ ਅਤੇ ਇਕ ਹੋਰ ਵਿਅਕਤੀ ਨੂੰ ਗ੍ਰਿਫਤਾਰ ਕੀਤਾ। ਇਹ ਗ੍ਰਿਫਤਾਰੀ ਇਕ ਸ਼ਿਕਾਇਤ ਤੋਂ ਬਾਅਦ ਕੀਤੀ ਗਈ। ਜਿਸ 'ਚ ਦੋਸ਼ ਲਗਾਇਆ ਗਿਆ ਸੀ ਕਿ ਟ੍ਰਿਬਿਊਨਲ ਦੇ ਅਧਿਕਾਰੀ ਨੇ ਲੰਬੇ ਸਮੇਂ ਤੋਂ ਚੱਲ ਰਹੇ ਹੋਟਲ ਮਾਲਕੀ ਦੇ ਵਿਵਾਦ 'ਚ ਕਾਰਵਾਈ ਨੂੰ ਪ੍ਰਭਾਵਿਤ ਕਰਨ ਲਈ ਰਿਸ਼ਵਤ ਦੀ ਮੰਗ ਕੀਤੀ ਸੀ।

ਨਿਆਪਾਲਿਕਾ 'ਚ ਪਾਏ ਜਾ ਰਹੇ ਭ੍ਰਿਸ਼ਟਾਚਾਰ ਨੂੰ ਲੈ ਕੇ ਮਾਣਯੋਗ ਚੀਫ ਜਸਟਿਸ ਬੀ. ਆਰ. ਗਵਈ ਦੀ ਚਿੰਤਾ ਨਿਸ਼ਚਿਤ ਤੌਰ 'ਤੇ ਜਾਇਜ਼ ਹੈ। ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਤੋਂ ਨਿਰਾਸ਼ ਆਮ ਲੋਕਾਂ ਦਾ ਭਰੋਸਾ ਲੋਕਤੰਤਰ ਦੇ ਤੀਜੇ ਵੱਡੇ ਥੰਮ ਹੈ ਨਿਆਪਾਲਿਕਾ 'ਤੇ ਹੀ ਹੁੰਦਾ ਹੈ। ਜੇਕਰ ਨਿਆਪਾਲਿਕਾ 'ਚ ਵੀ ਭ੍ਰਿਸ਼ਟਾਚਾਰ ਪਾਇਆ ਜਾਣ ਲੱਗੇ ਅਤੇ ਅਦਾਲਤ ਦੇ ਫੈਸਲੇ ਭ੍ਰਿਸ਼ਟਾਚਾਰ ਦੇ ਕਾਰਨ ਪ੍ਰਭਾਵਿਤ ਹੋਣ ਤਾਂ ਨਿਸ਼ਚਿਤ ਤੌਰ 'ਤੇ ਇਸ ਨਾਲ ਆਮ ਜਨਤਾ 'ਚ ਨਿਆਪਾਲਿਕਾ ਦੇ ਪ੍ਰਤੀ ਭਰੋਸਾ ਘਟ ਹੋ ਸਕਦਾ ਹੈ।

ਮਾਣਯੋਗ ਬੀ. ਆਰ. ਗਵਈ ਅਤੇ ਉਨ੍ਹਾਂ ਦੇ ਸਹਿਯੋਗੀਆਂ ਵਲੋਂ ਰਿਟਾਇਰਮੈਂਟ ਤੋਂ ਬਾਅਦ ਕਿਸੇ ਵੀ ਸਰਕਾਰੀ ਅਹੁਦੇ ਨੂੰ ਸਵੀਕਾਰ ਨਾ ਕਰਨ ਦੀ ਸਹੁੰ ਵੀ ਇਕ ਬਹੁਤ ਚੰਗਾ ਯਤਨ ਹੈ। ਸਿਰਫ ਸੁਪਰੀਮ ਕੋਰਟ ਹੀ ਨਹੀਂ ਸਗੋਂ ਦੇਸ਼ ਭਰ ਦੇ ਹਾਈ ਕੋਰਟਸ ਅਤੇ ਜ਼ਿਲਾ ਅਦਾਲਤਾਂ ਦੇ ਜੱਜਾਂ ਨੂੰ ਵੀ ਇਸ ਮਾਮਲੇ 'ਚ ਉਨ੍ਹਾਂ ਦੀ ਰੀਸ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਦੇ ਯਤਨ ਦੇ ਜ਼ਰੀਏ ਨਿਆਪਾਲਿਕਾ 'ਚ ਫੈਲ ਰਹੇ ਭ੍ਰਿਸ਼ਟਾਚਾਰ 'ਤੇ ਕਾਬੂ ਪਾਇਆ ਜਾ ਸਕਦਾ ਹੈ।

# Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

FREMONT CHEVROLET

CONCORD CHEVROLET

DUBLIN CADILLAC

FREMONT CADILLAC

ACURA OF CONCORD

DUBLIN BUICK GMC

FREMONT BUICK GMC

CONCORD NISSAN

DUBLIN KIA

STEVENS CREEK CHEVROLET

LIVERMORE TOYOTA

DUBLIN NISSAN

STEVENS CREEK CADILLAC

FREMONT FORD

DUBLIN INFINITI

FREMONT HYUNDAI